ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 94 | 25 Oct. to 31 Oct., 2023 | Ph.: (510) 240-5949 | Email: asrtimes@gmail.com




## ਤਾਂ ਮੁਸੀਬਤਾਂ ਦੇ ਘੇਰੇ 'ਚ ਵੀ ਚਾਘੀਆਂ ਮਾਰਦਾ ਦਿਖਿਆ ਪੰਜਾਬ



ਪਟਿਆਲਾ/ਏ.ਟੀ.ਨਿਊਜ਼ : ਕਹਿੰਦੇ ਨੇ ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ! ਤੇ ਇਹ ਗੱਲ ਸੱਚ ਵੀ ਹੈ। ਪੰਜਾਬੀਆਂ ਨੇ ਆਪਣੇ ਪਿੰਡੇ 'ਤੇ ਆਜ਼ਾਦੀ ਦਾ ਦੌਰ ਹੰਢਾਇਆ, ਚੁਰਾਸੀ ਹੰਢਾਈ, ਦਮਨ ਚੱਕਰ ਹੰਢਾਇਆ, ਆਪਣੇ ਹੱਥੀਂ ਜਵਾਨ ਕੀਤੇ ਪੁੱਤਰਾਂ ਦੀਆਂ ਲਾਸ਼ਾਂ ਨੂੰ ਸਿਵ੍ਹਿਆਂ ਦੇ ਰਾਹ ਤੋਰਿਆ, ਕਈ ਅਜੇ ਵੀ ਆਪਣੇ ਲਾਪਤਾ ਪੁੱਤਰਾਂ ਦੀ ਰਾਹ ਵੇਖ ਰਹੇ ਨੇ। ਪਤਾ ਨਹੀਂ ਕਿੰਨੀ ਕੁ ਵਾਰ ਪੰਜਾਬ ਡਿੱਗਿਆ, ਤੇ ਫੇਰ ਉੱਠਿਆ। ਹਰ ਵਾਰ ਪੰਜਾਬੀਆਂ ਦੀ ਏਕਤਾ ਸਰਕਾਰ 'ਤੇ ਹਾਵੀ ਰਹੀ। ਸਮੇਂ ਸਮੇਂ ਲੋਕਾਂ ਦੀ ਏਕਤਾ ਨੇ ਨਾਢੂ ਖਾਂ ਸਿਆਸਤਦਾਨਾਂ ਨੂੰ ਸਿਆਸਤ ਦੀ ਕੁਰਸੀ ਤੋਂ ਮੂਧੇ ਮੂੰਹ



ਡੇਗਿਆ ਤੇ ਕਈ ਨਵਿਆਂ ਨੂੰ ਅਜ਼ਮਾਇਆ। ਇਹ ਗੱਲ ਸਾਫ਼ ਹੈ ਕਿ ਪੰਜਾਬੀਆਂ ਨੇ ਰਾਜਨੀਤੀ ਨੂੰ ਆਪਣੇ ਆਪ 'ਤੇ ਹਾਵੀ ਨਹੀਂ ਹੋਣ ਦਿੱਤਾ, ਸਿਵਾਏ ਕੁੱਝ ਕੁ ਲਾਲਚੀ, ਟੁੱਕੜਬੋਚ ਤੇ ਘੜੰਮ ਚੌਧਰੀਆਂ ਤੋਂ । ਹੁਣ ਵੀ ਪੰਜਾਬੀ ਵਿਕਾਸ ਦੀ ਆਸ ਲਾਈ ਬੈਠੇ ਨੇ, ਪਰ ਸਿਆਸਤਦਾਨ ਲਗਾਤਾਰ ਆਪਣੇ ਵਿਕਾਸ ਦੇ ਵਿੱਚ ਗਲਤਾਨ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਰਕਾਰ ਨੇ ਕੁੱਝ ਚੰਗੇ ਕੰਮ ਨਹੀਂ ਕੀਤੇ। ਕੁਝ ਨਹੀਂ, ਸਰਕਾਰ ਨੇ ਤਾਂ ਸਾਰੇ ਕੰਮ ਨੇਪਰੇ ਚਾੜ੍ਹਨ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ, ਹੁਣ ਲੋਕ ਸੰਜੀਦਾ ਤੇ ਸਿਆਸਤਦਾਨ ਆਪਣੇ ਆਪ ਨੂੰ ਛੱਜ 'ਚ ਪਾ ਕੇ ਛੱਟ ਰਹੇ ਹਨ। ਜਿਹੜੇ ਪੰਜਾਬੀਆਂ ਨੂੰ ਹੂੜ ਮੱਤ, ਅਨਪੜ੍ਹ ਕਿਹਾ ਜਾਂਦਾ ਸੀ, ਉਹਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਤੇ ਸੰਵਾਦ ਰਚਾ ਕੇ ਸਾਬਤ ਕਰ ਦਿੱਤਾ ਸੀ ਕਿ ਸੰਸਦ ਦੇ ਕੱਦਬੁੱਤ ਦੀ ਜਾਣਕਾਰੀ ਅਸੀਂ ਰੱਖਦੇ ਹਾਂ ਤੇ ਸਾਨੂੰ ਮੂਰਖ਼ ਨਹੀਂ ਬਣਾਇਆ ਜਾ ਸਕਦਾ। ਮੂਰਖ਼ ਬਣਨਾ ਤੇ ਮੂਰਖ਼ਾਂ ਵਾਂਗੂ ਦਿਖਣਾ, ਦੋਵਾਂ ਚੀਜ਼ਾਂ ਵਿੱਚ ਵੱਡਾ ਫ਼ਰਕ ਹੈ। ਇਹੀ ਫ਼ਰਕ ਸਰਕਾਰ ਅੱਜ ਤੱਕ ਸਮਝ ਨਹੀਂ ਸਕੀ। ਸੋ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਇਹ ਸਰਕਾਰ ਵੀ ਮੂਰਖ਼ਤਾਪੂਰਨ ਪੱਤੇ ਸੁੱਟੀ ਜਾ ਰਹੀ ਹੈ।

ਜਿਹੜੇ ਲੋਕ ਇਹ ਕਹਿੰਦੇ ਨੇ ਕਿ ਪੰਜਾਬ ਦੇ ਵਿੱਚ ਖ਼ਤਰਾ ਹੈ, ਇੱਥੋਂ ਤੱਕ ਕਿ ਕਈ ਕਹਿ ਦਿੰਦੇ ਨੇ, ਜਾਨ ਨੂੰ ਖ਼ਤਰਾ ਹੈ, ਸਾਡੇ ਬੱਚੇ ਸੁਰੱਖਿਅਤ ਨਹੀਂ ਹਨ, ਪੰਜਾਬ ਨੂੰ ਨਸ਼ਿਆਂ ਨੇ ਖਾ ਲਿਐ, ਪੰਜਾਬ 'ਚ ਧੀਆਂ ਸੁਰੱਖਿਅਤ ਨਹੀਂ, ਪੰਜਾਬ 'ਚ ਨੌਕਰੀਆਂ ਨਹੀਂ, ਕਿਸਾਨ ਖ਼ੁਦਕਸ਼ੀਆਂ ਕਰ ਰਹੇ ਨੇ, ਜ਼ਮੀਨ ਬੰਜ਼ਰ ਹੋ ਰਹੀ ਹੈ, ਪਾਣੀ ਖ਼ਤਮ ਹੋ ਰਿਹੈ, ਕਰਜ਼ੇ ਵੱਧ ਰਹੇ ਨੇ, ਉਹਨਾਂ ਲੋਕਾਂ ਨੂੰ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਭਲ਼ਿਓ ਲੋਕੋ! ਕੁਝ ਨਹੀਂ ਹੋਇਆ ਪੰਜਾਬ ਨੂੰ।





ਅਸਲ ਵਿੱਚ ਅਖ਼ਬਾਰੀ ਤੇ ਸੋਸ਼ਲ ਮੀਡੀਆ ਤੁਹਾਡੀ ਸੋਚ ਨੂੰ ਲਾਂਬੂ ਲਗਾ ਰਿਹੈ, ਇਹ ਸੱਚ ਹੈ ਕਿ ਸਾਰੀਆਂ ਘਟਨਾਵਾਂ ਨਾਲ ਪੰਜਾਬ ਜੂਝ ਰਿਹੈ ਪਰ ਕੁਝ ਕੁ ਹਿੱਸਾ। ਹੱਦ ਹੈ ਤੁਹਾਡੀ ਸੋਚ ਦੀ, ਤੁਸੀਂ ਤਾਂ ਫੱਟੀ ਪੋਚ ਕੇ ਰੱਖ ਦਿੱਤੀ। ਜਿਹੜੇ ਲੋਕ ਪੰਜਾਬ ਨੂੰ ਬਦਨਾਮ ਕਰ ਰਹੇ ਨੇ, ਅਸਲ ਦੇ ਵਿੱਚ ਉਹਨਾਂ ਲੋਕਾਂ ਨੂੰ ਵੀ ਅਸਲ ਸਾਹ ਪੰਜਾਬ ਦੇ ਵਿੱਚ ਆ ਕੇ ਆਉਂਦਾ। ਇਹ ਠੀਕ ਹੈ ਕਿ ਕੁਝ ਚਾਂਦੀ ਦੀਆਂ ਛਿੱਲੜਾਂ ਬੜਾ ਕੁਝ ਕਰਵਾ ਦਿੰਦੀਆਂ ਨੇ, ਬੜਾ ਕੁਝ ਕਹਾ ਦਿੰਦੀਆਂ ਨੇ ਤੇ ਬੜਾ ਕੁਝ ਲਿਖਵਾ ਦਿੰਦੀਆਂ ਨੇ ਏ.ਸੀ. ਕੈਬਿਨਾਂ ਦੇ ਵਿੱਚ ਬੈਠ ਕੇ ਪੰਜਾਬ ਦੀ ਤਸਵੀਰ ਨੂੰ ਆਂਕਣਾਂ ਤੇ ਉਹੀ ਤਸਵੀਰ ਦੁਨੀਆਂ ਨੂੰ ਦਿਖਾਉਣੀ ਬੜੀ ਬਚਕਾਣਾ ਜਿਹੀ ਹਰਕਤ ਹੈ। ਪੰਜਾਬ ਦੀ ਅਸਲ ਤਸਵੀਰ ਕਿਸਾਨੀ ਧਰਨੇ ਸਮੇਂ ਉੱਭਰ ਕੇ ਸਾਹਮਣੇ ਆਈ ਸੀ। ਭਾਈਚਾਰਕ ਸਾਂਝ, ਅਪਣੱਤ, ਹਰ ਮੁੱਦੇ ਦੇ ਉੱਤੇ ਸੂਝ ਬੂਝ ਤੇ ਲੜਾਈ ਦੀ ਰਣਨੀਤੀ, ਇਹਨਾਂ ਗੱਲਾਂ ਨੇ ਹੀ ਤਾਂ ਸਰਕਾਰ ਨੂੰ ਧੁੜਧੁੜੀ ਲਿਆ ਦਿੱਤੀ ਸੀ। ਜਿਹੜੇ ਪੰਜਾਬੀ ਇਹਨਾਂ ਰਮਜ਼ਾਂ, ਇਹਨਾਂ ਮਸਲਿਆਂ ਨੂੰ ਸਮਝ ਸਕਦੇ ਨੇ, ਉਹ ਨਾ ਤਾਂ ਨਸ਼ਈ ਹੋ ਸਕਦੇ ਨੇ, ਨਾ ਹੀ ਬੇਤਰਤੀਬੇ ਢੰਗ ਦੇ ਨਾਲ +

**(ਬਾਕੀ ਸਫ਼ਾ 29 'ਤੇ)**







# ਕੈਨੇਡਾ ਨੇ ਭਾਰਤ 'ਚੋਂ ਕੌਂਸਲੇਟ ਸਟਾਫ਼ ਨੂੰ ਵਾਪਸ ਬੁਲਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਤੋਂ ਕੈਨੇਡਾ ਜਾਣ ਦੇ ਚਾਹਵਾਨ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੂੰ ਮੋਦੀ ਸਰਕਾਰ ਦੀ ਕੈਨੇਡਾ ਵਿਰੁੱਧ ਅਪਨਾਈ ਨੀਤੀ ਕਾਰਨ ਆਉਣ ਵਾਲੇ ਦਿਨਾਂ ਵਿੱਚ ਵੀਜ਼ਾ ਸੰਬੰਧੀ ਸੇਵਾਵਾਂ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਹਰਦੀਪ ਸਿੰਘ ਨਿੱਝਰ ਕਤਲ ਕੇਸ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦਰਮਿਆਨ ਚੱਲ ਰਹੇ ਤਣਾਅ ਦਰਮਿਆਨ ਕੈਨੇਡਾ ਨੇ ਭਾਰਤ ਤੋਂ ਆਪਣੇ 41 ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ ਹੈ। ਇਸ ਕਾਰਨ ਚੰਡੀਗੜ੍ਹ, ਮੁੰਬਈ, ਬੈਂਗਲੂਰੂ ਅਤੇ ਕੋਲਕਾਤਾ ਵਿੱਚ 4 ਕੌਂਸਲੇਟਾਂ ਵਿੱਚ ਕੈਨੇਡਾ ਲਈ ਵੀਜ਼ਾ ਸੇਵਾਵਾਂ ਬੰਦ ਹੋ ਗਈਆਂ ਹਨ, ਜਿਸ ਦਾ ਮਤਲਬ ਹੈ ਕਿ ਹੁਣ ਇਨ੍ਹਾਂ ਸ਼ਹਿਰਾਂ ਦੇ ਲੋਕਾਂ ਨੂੰ ਕੈਨੇਡਾ ਦੇ ਵੀਜ਼ਾ ਲਈ ਦਿੱਲੀ ਜਾਣਾ ਪਵੇਗਾ। ਇਨ੍ਹਾਂ ਵਿੱਚ ਸਭ ਤੋਂ ਵੱਡਾ ਝਟਕਾ ਉਨ੍ਹਾਂ ਪੰਜਾਬੀਆਂ ਨੂੰ ਲੱਗਾ ਹੈ, ਜਿਨ੍ਹਾਂ ਦੇ ਬੱਚੇ ਜਾਂ ਮਾਪੇ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਕੈਨੇਡਾ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਲਈ ਦਿੱਲੀ ਜਾਣਾ ਪਵੇਗਾ।

ਕੈਨੇਡੀਅਨ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਕਿ ਭਾਰਤ ਵਿੱਚ 62 ਕੈਨੇਡੀਅਨ ਡਿਪਲੋਮੈਟਾਂ ਵਿੱਚੋਂ 41 ਨੂੰ ਹਟਾ ਦਿੱਤਾ ਗਿਆ ਹੈ। ਹਾਲਾਂਕਿ 21 ਕੈਨੇਡੀਅਨ ਡਿਪਲੋਮੈਟ ਭਾਰਤ ਵਿੱਚ ਹੀ ਰਹਿਣਗੇ। ਜੌਲੀ ਨੇ ਕਿਹਾ ਕਿ ਇਹ ਫੈਸਲਾ ਉਨ੍ਹਾਂ ਦੀ ਡਿਪਲੋਮੈਟਿਕ ਛੋਟ ਗੁਆਉਣ ਦੇ ਖਤਰੇ ਦੇ ਮੱਦੇਨਜ਼ਰ ਲਿਆ ਗਿਆ ਹੈ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਕੈਨੇਡਾ ਭਾਰਤੀ ਡਿਪਲੋਮੈਟਾਂ ਨੂੰ ਅਜਿਹਾ ਕਰਨ ਲਈ ਧਮਕੀ ਨਹੀਂ ਦੇਵੇਗਾ। ਜੌਲੀ ਨੇ ਕਿਹਾ ਕਿ ਸਟਾਫ਼ ਦੀ ਘਾਟ ਕਾਰਨ ਕੈਨੇਡਾ ਨੂੰ ਨਵੀਂ ਦਿੱਲੀ ਨੂੰ ਛੱਡ ਕੇ ਸਾਰੇ ਦਫ਼ਤਰਾਂ ਵਿੱਚ ਵਿਅਕਤੀਗਤ ਕੂਟਨੀਤਕ ਸੇਵਾਵਾਂ ਨੂੰ ਮੁਅੱਤਲ ਕਰਨਾ ਪਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦਾ ਫੈਸਲਾ ਇਕਪਾਸੜ ਸੀ। ਉਨ੍ਹਾਂ ਕਿਹਾ ਕਿ ਕੂਟਨੀਤਕ ਵਿਸ਼ੇਸ਼ ਅਧਿਕਾਰਾਂ ਦੀ ਇੱਕਤਰਫਾ ਸਮਾਪਤੀ ਅੰਤਰਰਾਸ਼ਟਰੀ ਕਾਨੂੰਨ ਦੇ ਉਲਟ ਹੈ। ਇਹ ਕੂਟਨੀਤਕ ਸਬੰਧਾਂ 'ਤੇ ਵਿਆਨਾ ਕਨਵੈਨਸ਼ਨ ਦੀ ਵੀ ਉਲੰਘਣਾ ਕਰਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਛੋਟ ਨੂੰ ਖੋਹਣਾ ਧੱਕੇਸ਼ਾਹੀ ਦੇ ਬਰਾਬਰ ਹੈ। ਇਹ ਡਿਪਲੋਮੈਟਾਂ ਨੂੰ ਬਦਲੇ ਜਾਂ ਗ੍ਰਿਫਤਾਰੀ ਦੇ ਡਰ ਤੋਂ ਬਿਨਾਂ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦਾ।

**ਕੈਨੇਡਾ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਲੱਗੇਗਾ ਹੋਰ ਸਮਾਂ**

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਵੀਜ਼ਾ ਅਰਜ਼ੀ ਕੇਂਦਰ ਆਮ ਤੌਰ 'ਤੇ ਕੰਮ ਕਰਨਗੇ, ਕਿਉਂਕਿ ਉਹ ਤੀਜੀ ਧਿਰ ਵੱਲੋਂ ਚਲਾਏ ਜਾਂਦੇ ਹਨ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਮੰਨਿਆ ਕਿ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਹੁਣ ਵਾਧੂ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਭਾਰਤ ਦੇ ਫੈਸਲੇ ਨਾਲ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਪੱਧਰ 'ਤੇ ਅਸਰ ਪਵੇਗਾ। ਬਦਕਿਸਮਤੀ ਨਾਲ, ਸਾਨੂੰ ਚੰਡੀਗੜ੍ਹ, ਮੁੰਬਈ ਅਤੇ ਬੈਂਗਲੂਰੂ ਵਿੱਚ ਸਾਡੇ ਵਣਜ ਦੂਤਾਘਰਾਂ ਵਿੱਚ ਸਾਰੀਆਂ ਵਿਅਕਤੀਗਤ ਸੇਵਾਵਾਂ ਨੂੰ ਬੰਦ ਕਰਨੀਆਂ ਪਈਆਂ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕੈਨੇਡੀਅਨਾਂ ਨੂੰ ਕੌਂਸਲਰ ਸਹਾਇਤਾ ਦੀ ਲੋੜ ਹੁੰਦੀ ਹੈ, ਉਹ ਅਜੇ ਵੀ ਦਿੱਲੀ ਵਿੱਚ ਸਾਡੇ ਹਾਈ ਕਮਿਸ਼ਨ ਦਾ ਦੌਰਾ ਕਰ ਸਕਦੇ ਹਨ ਅਤੇ ਤੁਸੀਂ ਅਜੇ ਵੀ ਫ਼ੋਨ ਅਤੇ ਈਮੇਲ ਰਾਹੀਂ ਵਿਅਕਤੀਗਤ ਤੌਰ 'ਤੇ ਅਜਿਹਾ ਕਰ ਸਕਦੇ ਹੋ।ਰਾਜਨੀਤਕ ਮਾਹਿਰ ਪੰਜਾਬ ਸਰਕਾਰ ਤੇ ਵਿਰੋਧੀ ਪਾਰਟੀਆਂ ਉੱਪਰ ਹੈਰਾਨੀ ਪ੍ਰਗਟਾ ਰਹੇ ਹਨ ਕਿ ਉਹ ਮੋਦੀ ਸਰਕਾਰ ਦੀਆਂ ਕੈਨੇਡਾ ਨੀਤੀਆਂ ਕਾਰਨ ਚੁੱਪ ਕਿਉਂ ਹਨ ,ਜਿਸ ਕਾਰਨ ਪੰਜਾਬੀਆਂ ਨੂੰ ਨੁਕਸਾਨ ਹੋ ਰਿਹਾ ਹੈ।




### ਕੂਟਨੀਤਕ ਛੋਟ ਵਾਪਸ ਲੈਣਾ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਰਾਰ

ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਕਿ ਡਿਪਲੋਮੈਟਾਂ ਤੋਂ ਛੋਟ ਵਾਪਸ ਲੈਣੀ ਕੌਮਾਂਤਰੀ ਕਾਨੂੰਨ ਦੇ ਖ਼ਿਲਾਫ਼ ਹੈ ਅਤੇ ਇਹ ਵੀਏਨਾ ਸਮਝੌਤੇ ਦੀ ਉਲੰਘਣਾ ਹੈ। ਜੋਲੀ ਨੇ ਭਾਰਤ 'ਤੇ ਤਣਾਅ ਵਧਾਉਣ ਦਾ ਦੋਸ਼ ਲਾਇਆ ਪਰ ਨਾਲ ਹੀ ਇਹ ਵੀ ਕਿਹਾ ਕਿ ਕੈਨੇਡਾ ਜਵਾਬੀ ਕਾਰਵਾਈ ਨਹੀਂ ਕਰੇਗਾ। ਉਨ੍ਹਾਂ ਕਿਹਾ, "ਕੂਟਨੀਤੀ ਦਾ ਇਕ ਬੁਨਿਆਦੀ ਸਿਧਾਂਤ ਹੈ ਅਤੇ ਇਹ ਦੋਪਾਸੜ ਰਸਤਾ ਹੈ। ਇਹ ਤਾਂ ਹੀ ਕੰਮ ਕਰਦਾ ਹੈ ਜਦੋਂ ਹਰੇਕ ਦੇਸ਼ ਨੇਮਾਂ ਦੀ ਪਾਲਣਾ ਕਰੇ।"



### ਕੌਮਾਂਤਰੀ ਨੇਮਾਂ ਦੀ ਉਲੰਘਣਾ ਨਹੀਂ ਕੀਤੀ: ਭਾਰਤ

ਕੈਨੇਡਾ ਵੱਲੋਂ ਦੇਸ਼ 'ਚੋਂ ਆਪਣੇ 41 ਡਿਪਲੋਮੈਟਾਂ ਨੂੰ ਵਾਪਸ ਸੱਦੇ ਜਾਣ ਪਿੱਛੋਂ ਭਾਰਤ 'ਤੇ ਕੌਮਾਂਤਰੀ ਨੇਮਾਂ ਦੀ ਉਲੰਘਣਾ ਦੇ ਲਾਏ ਦੋਸ਼ਾਂ ਨੂੰ ਵਿਦੇਸ਼ ਮੰਤਰਾਲੇ ਨੇ ਖਾਰਜ ਕੀਤਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਉਸ ਦਾ ਮਕਸਦ ਕੂਟਨੀਤਕ ਸਬੰਧਾਂ ਬਾਰੇ ਵੀਏਨਾ ਸਮਝੌਤੇ ਦੇ ਪ੍ਰਬੰਧਾਂ ਮੁਤਾਬਕ ਦੋਪਾਸੜ ਕੂਟਨੀਤਕ ਸਮਾਨਤਾ ਯਕੀਨੀ ਬਣਾਉਣਾ ਹੈ। ਭਾਰਤ ਦੀ ਇਹ ਟਿੱਪਣੀ ਕੈਨਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਵੱਲੋਂ ਦੇਸ਼ 'ਚੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਸੱਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਆਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ, "ਅਸੀਂ ਸਮਾਨਤਾ ਲਾਗੂ ਕਰਨ ਨੂੰ ਕੌਮਾਂਤਰੀ ਨੇਮਾਂ ਦੀ ਉਲੰਘਣਾ ਦਰਸਾਉਣ ਦੀ ਕਿਸੇ ਵੀ ਤਰ੍ਹਾਂ ਦੀ ਕੋਸ਼ਿਸ਼ ਨੂੰ ਖਾਰਜ ਕਰਦੇ ਹਾਂ।"

**ਅਲਟੀਮੇਟਮ ਖ਼ਤਮ ਹੋਣ ਤੋਂ ਬਾਅਦ ਵੀ ਭਾਰਤ ਵਿੱਚ ਸਨ ਕੈਨੇਡੀਅਨ**

## ਭਾਰਤ ਦੇ ਰਵੱਈਏ ਕਾਰਨ ਲੱਖਾਂ ਲੋਕਾਂ ਦੀ ਜ਼ਿੰਦਗੀ ਹੋਵੇਗੀ ਪ੍ਰਭਾਵਿਤ: ਟਰੂਡੋ



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ ਨੇ ਓਂਟਾਰਿਓਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅੱਜ ਕਿਹਾ ਕਿ ਭਾਰਤ ਸਰਕਾਰ ਵੱਲੋਂ ਕੈਨੇਡਾ ਦੇ ਡਿਪਲੋਮੈਟਾਂ ਤੋਂ ਕੂਟਨੀਤਕ ਛੋਟਾਂ ਵਾਪਸ ਲਏ ਜਾਣ ਕਾਰਨ ਪੈਦਾ ਹੋਏ ?ਸਥਿਤੀ ਨਾਲ ਦੋਹਾਂ ਦੇਸ਼ਾਂ ਦੇ ਲੱਖਾਂ ਲੋਕਾਂ ਦੀ ਆਮ ਜ਼ਿੰਦਗੀ ਮੁਸ਼ਕਿਲ ਹੋ ਗਈ ?ਹੈ। ਟਰੂਡੋ ਨੇ ਕਿਹਾ ਕਿ ਇਹ ਉਨ੍ਹਾਂ ਲਈ ?ਕਾਫੀ ਚਿੰਤਾ ਵਾਲੀ ਗੱਲ ਹੈ ਕਿਉਂਕਿ ਇਸ ਕਦਮ ਨਾਲ ਲੱਖਾਂ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ 'ਚੋਂ ਕੈਨੇਡੀਅਨ ਡਿਪੋਲਮੈਟਾਂ ਨੂੰ ਕੱਢਣ ਨਾਲ ਸੈਰ-ਸਪਾਟੇ ਅਤੇ ਕਾਰੋਬਾਰ ਵੀ ਪ੍ਰਭਾਵਿਤ ਹੋਵੇਗਾ ਅਤੇ ਕੈਨੇਡਾਵਿੱਚ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧਣਗੀਆਂ।

**ਡਿਪਲੋਮੈਟ**

ਤੁਹਾਨੂੰ ਦੱਸ ਦੇਈਏ ਕਿ ਕੈਨੇਡਾ ਨਾਲ ਚੱਲ ਰਹੇ ਕੂਟਨੀਤਕ ਵਿਵਾਦ ਦੇ ਵਿਚਕਾਰ ਭਾਰਤ ਨੇ ਟਰੂਡੋ ਸਰਕਾਰ ਨੂੰ ਨਵੀਂ ਦਿੱਲੀ ਵਿੱਚ ਰਹਿ ਰਹੇ ਵਾਧੂ ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਦਾ ਅਲਟੀਮੇਟਮ ਦਿੱਤਾ ਸੀ। ਪਿਛਲੇ ਹਫ਼ਤੇ 3 ਅਕਤੂਬਰ ਨੂੰ ਮੋਦੀ ਸਰਕਾਰ ਨੇ ਕਿਹਾ ਸੀ ਕਿ ਟਰੂਡੋ ਸਰਕਾਰ ਨੂੰ ਇੱਕ ਹਫ਼ਤੇ ਅੰਦਰ ਭਾਰਤ ਤੋਂ ਆਪਣੇ ਵਾਧੂ ਡਿਪਲੋਮੈਟ ਵਾਪਸ ਬੁਲਾ ਲੈਣੇ ਚਾਹੀਦੇ ਹਨ। ਜੇਕਰ ਇਹ ਡਿਪਲੋਮੈਟ 10 ਅਕਤੂਬਰ ਤੋਂ ਬਾਅਦ ਵੀ ਭਾਰਤ ਵਿੱਚ ਰਹਿੰਦੇ ਹਨ ਤਾਂ ਉਨ੍ਹਾਂ ਦੀ ਡਿਪਲੋਮੈਟਿਕ ਛੋਟ ਵਾਪਸ ਲੈ ਲਈ ਜਾਵੇਗੀ। ਉਥੇ ਹੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਦਾ ਮੁੱਖ ਫੋਕਸ ਕੈਨੇਡਾ ਵਿੱਚ ਅਜਿਹਾ ਮਾਹੌਲ ਬਣਾਉਣਾ ਹੈ, ਜਿੱਥੇ ਭਾਰਤੀ ਡਿਪਲੋਮੈਟ ਬਿਨਾਂ ਕਿਸੇ ਡਰ ਦੇ ਸਹੀ ਢੰਗ ਨਾਲ ਕੰਮ ਕਰ ਸਕਣ।

**ਕੈਨੇਡਾ ਦੀ ਨਵੀਂ ਐਡਵਾਈਜ਼ਰੀ**

ਕੈਨੇਡਾ ਵੱਲੋਂ ਜਾਰੀ ਆਪਣੀ ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ ਕਿ ਜਿਹੜੇ ਕੈਨੇਡੀਅਨ ਭਾਰਤ ਵਿੱਚ ਹਨ ਉਨ੍ਹਾਂ ਨੂੰ ਕੈਨੇਡਾ ਵਿਰੋਧੀ ਪ੍ਰਦਰਸ਼ਨਾਂ ਤੋਂ ਦੂਰੀ ਬਣਾ ਕੇ ਰੱਖਣ ਲਈ ਕਿਹਾ ਗਿਆ ਹੈ ਤੇ ਨਾਲ ਹੀ ਕਿਹਾ ਹੈ ਕਿ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ ਜਾਂ ਪ੍ਰੇਸ਼ਾਨ ਕਰਨ ਦੀ ਵੀ ਸੰਭਾਵਨਾ ਹੋ ਸਕਦੀ ਹੈ। ਇਸ ਲਈ ਸਾਡੇ ਨਾਗਰਿਕ ਇਸ ਤੋਂ ਬਚ ਕੇ ਰਹਿਣ। ਇਸ ਤੋਂ ਬਾਅਦ ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ ਕਿ ਬੈਂਗਲੂਰੂ, ਚੰਡੀਗੜ੍ਹ ਤੇ ਮੁੰਬਈ ਵਿੱਚ ਕੈਨੇਡਾ ਦੇ ਕੌਂਸਲੇਟ ਜਨਰਲ ਵਿਅਕਤੀਗਤ ਤੌਰ 'ਤੇ ਕੰਮਕਾਜ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੇ ਗਏ ਹਨ। ਨਾਗਰਿਕ ਨਵੀਂ ਦਿੱਲੀ ਵਿੱਚ ਕੈਨੇਡਾ ਦੇ ਹਾਈ ਕਮਿਸ਼ਨ ਤੋਂ ਕੌਂਸਲਰ ਸਹਾਇਤਾ ਤੇ ਹੋਰ ਕੌਂਸਲਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

**ਕੀ ਹੈ ਪੂਰਾ ਵਿਵਾਦ**

ਦੱਸ ਦੇਈਏ ਕਿ 18 ਜੂਨ ਨੂੰ ਕੈਨੇਡਾ ਦੇ ਸਰੀ ਵਿੱਚ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਕਤਲ ਕਰ ਦਿੱਤਾ ਗਿਆ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਖੜ੍ਹੇ ਹੋ ਕੇ ਕਿਹਾ ਕਿ ਇਸ ਕਤਲ ਪਿੱਛੇ ਭਾਰਤ ਦਾ ਹੱਥ ਹੈ। ਹਾਲਾਂਕਿ, ਭਾਰਤ ਨੇ ਇਨ੍ਹਾਂ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

# ਭਾਰਤ ਨੇ ਕੈਨੇਡਾ ਦੇ ਨਾਗਰਿਕਾਂ ਲਈ ਮੁੜ ਸ਼ੁਰੂ ਕੀਤੀਆਂ ਵੀਜ਼ਾ ਸੇਵਾਵਾਂ

## ਐਂਟਰੀ, ਵਪਾਰਕ, ਮੈਡੀਕਲ ਅਤੇ ਕਾਨਫਰੰਸ ਵੀਜ਼ਾ ਸ਼ਾਮਲ

ਨਵੀਂ ਦਿੱਲੀ/ਏ.ਟੀ.ਨਿਊਜ਼ :- ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਵਿਵਾਦ ਜਾਰੀ ਹੈ। ਇਸ ਵਿਚਕਾਰ ਭਾਰਤ ਨੇ ਕੈਨੇਡਾ ਦੇ ਲੋਕਾਂ ਲਈ ਵੀਜ਼ਾ ਸੇਵਾਵਾਂ ਮੁੜ ਤੋਂ ਬੁੱਧਵਾਰ (25 ਅਕਤੂਬਰ) ਨੂੰ ਸ਼ੁਰੂ ਕਰ ਦਿੱਤੀਆਂ ਹਨ।

ਕੈਨੇਡਾ ਦੇ ਓਟਾਵਾ 'ਚ ਮੌਜੂਦ ਭਾਰਤ ਦੇ ਹਾਈ ਕਮਿਸ਼ਨ ਨੇ ਸੋਸ਼ਲ ਮੀਡੀਆ 'ਐਕਸ' 'ਤੇ ਦੱਸਿਆ ਕਿ ਫਿਲਹਾਲ ਵੀਜ਼ਾ ਸੇਵਾਵਾਂ- ਐਂਟਰੀ ਵੀਜ਼ਾ, ਬਿਜ਼ਨੈੱਸ ਵੀਜ਼ਾ, ਮੈਡੀਕਲ ਵੀਜ਼ਾ ਅਤੇ ਕਾਨਫਰੰਸ ਵੀਜ਼ਾ ਦੀ ਸ਼੍ਰੇਣੀ 'ਚ ਹੀ ਸ਼ੁਰੂ ਕੀਤੀਆਂ ਗਈਆਂ ਹਨ।

ਹਾਈ ਕਮਿਸ਼ਨ ਨੇ ਅੱਗੇ ਬਿਆਨ 'ਚ ਕਿਹਾ ਕਿ ਸੁਰੱਖਿਆ ਕਾਰਨਾਂ ਨੂੰ ਧਿਆਨ 'ਚ ਰੱਖਦੇ ਹੋਏ ਅਸਥਾਈ ਤੌਰ 'ਤੇ ਵੀਜ਼ਾ ਦੇਣ 'ਤੇ ਪਹਿਲਾਂ ਰੋਕ ਲਗਾਈ ਗਈ ਸੀ। ਅਜਿਹੇ 'ਚ ਸੁਰੱਖਿਆ ਸਥਿਤੀ ਗੀਵਿਊ ਕਰਨ ਤੋਂ ਬਾਅਦ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕੀਤੀਆਂ ਗਈਆਂ ਹਨ। ਇਹ ਫੈਸਲਾ ਵੀਰਵਾਰ (26 ਅਕਤੂਬਰ) ਤੋਂ ਲਾਗੂ ਹੋਵੇਗਾ।




**ਕੈਨੇਡਾ ਦੇ 15 ਗੁਰਦੁਆਰਾ ਨੇ ਭਾਰਤੀ ਵਿਦੇਸ਼ ਮੰਤਰਾਲਾ ਨੂੰ ਲਿਖੀ ਸੀ ਚਿੱਠੀ**

ਕੈਨੇਡਾ ਦੇ 15 ਗੁਰਦੁਆਰਿਆਂ ਨੇ 19 ਅਕਤੂਬਰ ਨੂੰ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਚਿੱਠੀ ਲਿੱਖ ਕੇ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ। ਚਿੱਠੀ 'ਚ ਉਨ੍ਹਾਂ ਲਿਖਿਆ ਕਿ ਭਾਰਤ ਵੱਲੋਂ ਵੀਜ਼ਾ ਸੇਵਾਵਾਂ 'ਤੇ ਰੋਕ ਲਗਾਏ ਜਾਣ ਕਾਰਨ ਕੈਨੇਡਾ 'ਚ ਵਸਦੇ ਭਾਰਤੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤ 'ਚ ਤਿਉਹਾਰੀ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਪਰ ਵੀਜ਼ਾ ਸੇਵਾਵਾਂ ਬੰਦ ਹੋਣ ਕਾਰਨ ਕੈਨੇਡਾ 'ਚ ਵਸਦੇ ਭਾਰਤੀ ਲੋਕ ਭਾਰਤ ਨਹੀਂ ਜਾ ਪਾ ਰਹੇ। ਅੱਗੇ ਉਨ੍ਹਾਂ ਲਿਖਿਆ ਕਿ ਬਹੁਤ ਸਾਰੇ ਭਾਰਤ 'ਚ ਵਿਆਹ ਕਰਵਾਉਣ ਲਈ ਖਰਚਾ ਵੀ ਕਰ ਚੁੱਕੇ ਹਨ ਪਰ ਵੀਜ਼ਾ ਸੇਵਾਵਾਂ ਬੰਦ ਹੋਣ ਕਾਰਨ ਉਹ ਭਾਰਤ ਨਹੀਂ ਜਾ ਪਾ ਰਹੇ।

ਹਾਲ ਹੀ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਨਿੱਝਰ ਦੇ ਕਤਲ 'ਚ ਭਾਰਤੀ ਏਜੰਟ ਦਾ ਹੱਥ ਹੋ ਸਕਦਾ ਹੈ। ਇਸ 'ਤੇ ਜਵਾਬ ਦਿੰਦੇ ਹੋਏ ਵਿਦੇਸ਼ ਮੰਤਰਾਲਾ ਨੇ ਕਿਹਾ ਸੀ ਕਿ ਟਰੂਡੋ ਦੇ ਸਾਰੇ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ।

ਦੱਸ ਦੇਈਏ ਕਿ ਭਾਰਤ ਵੱਲੋਂ 12 ਤਰ੍ਹਾਂ ਦੇ ਵੀਜ਼ੇ ਦਿੱਤੇ ਜਾਂਦੇ ਹਨ ਜਿਨ੍ਹਾਂ 'ਤੇ ਅਸਥਾਈ ਰੋਕ ਲਗਾ ਦਿੱਤੀ ਗਈ ਸੀ ਪਰ ਹੁਣ ਭਾਰਤ ਨੇ ਇਨ੍ਹਾਂ 'ਚੋਂ ਚਾਰ ਸ਼੍ਰੇਣੀਆਂ ਦੇ ਵੀਜ਼ਾ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਵਿਚ ਐਂਟਰੀ ਵੀਜ਼ਾ, ਬਿਜ਼ਨੈੱਸ ਵੀਜ਼ਾ, ਮੈਡੀਕਲ ਵੀਜ਼ਾ ਅਤੇ ਕਾਨਫਰੰਸ ਵੀਜ਼ਾ ਨੂੰ ਸ਼ਾਮਲ ਕੀਤਾ ਗਿਆ ਹੈ। ਫਿਲਹਾਲ ਅਜੇ ਟੂਰਿਸਟ ਵੀਜ਼ਾ ਨੂੰ ਵੀ ਭਾਰਤ ਵੱਲੋਂ ਮਨਜ਼ੂਰੀ ਨਹੀਂ ਦਿੱਤੀ ਹੈ।

**ਇਹ ਹਨ ਭਾਰਤ ਵੱਲੋਂ ਮਿਲਣ ਵਾਲੇ 12 ਵੀਜ਼ੇ**

ਟੂਰਿਸਟ ਵੀਜ਼ਾ, ਐਂਟਰੀ ਵੀਜ਼ਾ, ਬਿਜ਼ਨੈੱਸ ਵੀਜ਼ਾ, ਰੋਜ਼ਗਾਰ ਵੀਜ਼ਾ, ਸਟੂਡੈਂਟ ਵੀਜ਼ਾ, ਮੈਡੀਕਲ ਵੀਜ਼ਾ ਅਤੇ ਮੈਡੀਕਲ ਅਟੈਂਡੈਂਟ ਵੀਜ਼ਾ, ਜਰਨਲਿਸਟ ( ਜੇ ) ਵੀਜ਼ਾ, ਫਿਲਮ ਵੀਜ਼ਾ, ਕਾਨਫਰੰਸ ਵੀਜ਼ਾ, ਟਰਾਂਜ਼ਿਟ ਵੀਜ਼ਾ, ਮਿਸ਼ਨਰੀ ਵੀਜ਼ਾ ਅਤੇ ਪਰਬਤਾਰੋਹੀ ਵੀਜ਼ਾ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟਰਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਨਾਲ ਸਬੰਧਿਤ ਮੁੱਦੇ

## ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਉਣ ਦੀ ਜਰੂਰਤ

### ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦਾ ਕੰਮ ਗੁੰਝਲਦਾਰ ਤੇ ਪੁਰਾਣਾ ਕਿਉਂ ?



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦਾ ਅਮਲ ਆਰੰਭ ਹੋ ਚੁੱਕਿਆ ਹੈ। ਸਿੱਖ ਹਲਕਿਆਂ ਵਿੱਚ ਸਵਾਲ ਉਠਾਇਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦਾ ਕੰਮ ਗੁੰਝਲਦਾਰ ਤੇ ਪੁਰਾਣਾ ਕਿਉਂ ਹੈ ? ਪੰਥਕ ਹਲਕਿਆਂ ਨੇ ਮੰਗ ਕੀਤੀ ਹੈ ਕਿ ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਇਆ ਜਾਵੇ।

ਭਾਈ ਬਲਦੇਵ ਸਿੰਘ ਸਿਰਸਾ ਵੱਲੋਂ ਪਾਏ ਕੇਸ ਦੇ ਮੱਦੇਨਜ਼ਰ ਕਚਹਿਰੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਨਣ ਦਾ ਕੰਮ ਸ਼ੁਰੂ ਹੋਇਆ ਹੈ ਜੋ ਕਿ 15 ਨਵੰਬਰ ਤੱਕ ਚੱਲਣਾ ਹੈ ਕਿਉਂ ਕਿ ਕੇਸ ਦੀ ਅਗਲੀ ਤਰੀਕ 16 ਨਵੰਬਰ ਹੈ। ਪਰ ਗੁਰਦੁਆਰਾ ਚੋਣ ਕਮਿਸ਼ਨ, ਤਰੀਕ ਮਿਥਣ ਵੇਲੇ ਇਸ ਨੁਕਤੇ ਨੂੰ ਨਜ਼ਰ-ਅੰਦਾਜ਼ ਕਰ ਗਿਆ ਕਿ ਲੋਕ ਇਸ ਵੇਲੇ ਝੋਨੇ ਦੀ ਫਸਲ ਦੇ ਕੰਮਕਾਰ ਵਿੱਚ ਰੁੱਝੇ ਹੋਏ ਹਨ ਅਤੇ ਇਸ ਤੋਂ ਬਿਨਾਂ ਸਾਰੀ ਪ੍ਰੀਕਿਰਿਆ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ।

1959 ਦੀ ਸੋਧ ਨੇ ਵੋਟਰਾਂ ਲਈ 1959 ਦੀ ਸੋਧ ਨੇ ਵੋਟਰਾਂ ਲਈ ਆਪਣੀ ਸਿੱਖ ਪਛਾਣ ਦੀ ਪੁਸ਼ਟੀ ਕਰਨ ਵਾਲੇ ਸਥਾਨਕ ਪਟਵਾਰੀ ਤੋਂ ਪ੍ਰਮਾਣ ਪੱਤਰ ਪੇਸ਼ ਕਰਨ ਦੀ ਲੋੜ ਸ਼ੁਰੂ ਕੀਤੀ। ਇਹ ਗੈਰ-ਸਿੱਖਾਂ ਨੂੰ ਇਹਨਾਂ ਚੋਣਾਂ ਵਿੱਚ ਵੋਟ ਪਾਉਣ ਤੋਂ ਰੋਕਣ ਲਈ ਸੀ। ਭਾਰਤ ਦੇ ਦਿਹਾਤੀ ਖੇਤਰਾਂ ਵਿੱਚ, ਪਟਵਾਰੀ ਇੱਕ ਸਥਾਨਕ ਮਾਲ ਅਧਿਕਾਰੀ ਹੁੰਦਾ ਹੈ ਜੋ ਜ਼ਮੀਨ ਅਤੇ ਮਾਲ ਰਿਕਾਰਡ ਦਾ ਪ੍ਰਬੰਧਨ ਕਰਦਾ ਹੈ। ਪਟਵਾਰੀ ਦੀ ਭੂਮਿਕਾ ਸਥਾਨਕ ਭਾਈਚਾਰੇ ਦੇ ਆਪਣੇ ਗਿਆਨ ਦੇ ਆਧਾਰ 'ਤੇ ਕਿਸੇ ਵਿਅਕਤੀ ਦੀ ਸਿੱਖ ਪਛਾਣ ਦੀ ਪੁਸ਼ਟੀ ਕਰਨਾ ਸੀ। ਇਸ ਨੇ ਸਿੱਖ ਵੋਟਰਾਂ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ ਸਥਾਨਕ ਨਿਗਰਾਨੀ ਦਾ ਇੱਕ ਤੱਤ ਜੋੜਿਆ। ਹੁਣ ਵੋਟਰ ਦੀ ਸ਼ਨਾਖ਼ਤ ਆਧਾਰ ਕਾਰਡ ਜਾਂ ਇਸ ਤਰ੍ਹਾਂ ਦੇ ਦਸਤਾਵੇਜ਼ਾਂ 'ਤੇ ਆਧਾਰਿਤ ਹੈ ਤਾਂ ਇਸ ਸ਼ਰਤ ਦੀ ਕੀ ਜ਼ਰੂਰਤ ਹੈ ਤੇ ਇਸ ਵਿੱਚ ਤਰਮੀਮ ਕਿਉਂ ਨਹੀਂ ਕੀਤੀ ਜਾ ਰਹੀ ਤਾਂ ਜੋ ਲੋਕਾਂ ਨੂੰ ਖਿਜਲਖੁਆਰੀ ਤੋਂ ਬਚਾਇਆ ਜਾ ਸਕੇ। ਸਰਲ ਤਰੀਕੇ ਨਾਲ ਹੋਰ ਜ਼ਿਆਦਾ ਵੋਟਰ ਰਜਿਸਟਰ ਹੋਣਗੇ ਜਿਹੜਾ ਕਿਸੇ ਲੋਕਤੰਤਰ ਦਾ ਮੁਢਲਾ ਅਸੂਲ ਹੈ। 1959 ਵਿੱਚ ਵੋਟਰ ਦੀ ਸ਼ਨਾਖ਼ਤ ਦੀ ਸੌਖਾ ਤਰੀਕਾ ਪਟਵਾਰੀ ਕੋਲ ਹੀ ਹੋ ਸਕਦਾ ਸੀ ਪਰ ਹੁਣ ਜਦੋਂ ਤਕਨਾਲੋਜੀ ਆ ਚੁੱਕੀ ਹੈ ਤਾਂ ਉਸਦੀ ਵਰਤੋਂ ਕਿਉਂ ਨਹੀਂ ਕੀਤੀ ਜਾ ਰਹੀ ?

ਆਮ ਚੋਣਾਂ ਲਈ ਵੋਟਾਂ ਬਨਾਉਣ ਦਾ ਕੰਮ ਸੌਖਾ ਹੋ ਚੁੱਕਿਆ ਹੈ, ਸ਼ਨਾਖ਼ਤ ਤਾਂ ਅਧਾਰ ਕਾਰਡ ਰਾਹੀਂ ਹੋ ਰਹੀ ਹੈ ਅਤੇ ਵੋਟਾਂ ਆਨਲਾਈਨ ਵੀ ਬਣ ਰਹੀਆਂ ਹਨ ਤਾਂ ਸ੍ਰੋਮਣੀ ਕਮੇਟੀ ਦੀਆਂ ਵੋਟਾਂ ਬਨਾਉਣ ਦਾ ਕੰਮ ਗੁੰਝਲਦਾਰ ਤੇ ਪੁਰਾਣਾ ਕਿਉਂ ਹੈ ? ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਉਣ ਦੀ ਜਰੂਰਤ ਹੈ ਤਾਂ ਜੋ ਇਹ 'ਵੋਟਰ ਦਮਨ' ਵਰਗਾ ਨਾ ਲੱਗੇ। ਪ੍ਰਕਿਰਿਆ ਨੂੰ ਵੋਟਰਾਂ ਨੂੰ ਰਜਿਸਟਰ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਨਾ ਕਿ ਇਸਨੂੰ ਗੁੰਝਲਦਾਰ ਬਣਾਉਣਾ, ਲੋਕਾਂ ਨੂੰ ਰਜਿਸਟਰ ਕਰਨ ਤੋਂ ਨਿਰਾਸ਼ ਕਰਨਾ। ਇਸ ਤੋਂ ਇਲਾਵਾ, ਵੋਟਰਾਂ ਵਜੋਂ ਰਜਿਸਟਰਡ ਹੋਣ ਦੀ ਇੱਛਾ ਰੱਖਣ ਵਾਲੀ ਆਬਾਦੀ ਦਾ ਇੱਕ ਵੱਡਾ ਹਿੱਸਾ ਬਜ਼ੁਰਗ ਨਾਗਰਿਕਾਂ ਦਾ ਹੁੰਦਾ ਹੈ, ਅਤੇ ਉਹਨਾਂ ਲਈ ਅਧਿਕਾਰਤ ਅਧਿਕਾਰੀ ਦੇ ਦਫ਼ਤਰ ਵਿੱਚ ਨਿੱਜੀ ਤੌਰ 'ਤੇ ਜਾਣਾ ਅਤੇ ਆਪਣੀ ਰਜਿਸਟਰੇਸ਼ਨ ਕਰਵਾਉਣਾ ਮੁਸ਼ਕਲ ਹੋਵੇਗਾ ਅਤੇ ਬਹੁਤ ਲੋਕ ਰਜਿਸਟਰ ਨਹੀਂ ਕਰਣਗੇ।

ਇਸਤੋਂ ਬਿਨਾਂ ਵੋਟਰਾਂ ਨੂੰ ਅਰਜ਼ੀ ਨਾਲ ਫੋਟੋ ਲਾਉਣ ਨੂੰ ਵੀ ਕਿਹਾ ਗਿਆ ਹੈ। ਜਦੋ ਅਧਾਰ ਕਾਰਡ ਰਾਹੀਂ ਸਿਰਫ ਉਂਗਲ ਦੇ ਨਿਸ਼ਾਨ ਨਾਲ ਸ਼ਨਾਖ਼ਤ ਹੋ ਸਕਦੀ ਹੈ ਤਾਂ ਇਸਦੀ ਵੀ ਕੀ ਜ਼ਰੂਰਤ ਹੈ ?



Neutral Citation No:=

213 CWP-4330-2017 (O&M) -1-
BALDEV SINGH SIRSA V/S UNION OF INDIA AND ORS.

CWP-10666-2017 (O&M)
GURNAM SINGH V/S UNION OF INDIA AND ORS

PRESENT Mr. Ish Puneet Singh, Advocate, for the petitioner in CWP-4330-2017.

Mr. P.S. Guliani, Advocate, for the petitioner in CWP-10666-2017.

Mr. Satya Pal Jain, ASGI with Ms. Neha Sharma, Advocate, for respondents/Union of India.

Ms. Anju Sharma Kaushik, DAG, Punjab.

Mr. Pankaj Mulwani, DAG, Haryana.

Mr. R.P.S. Bara, Advocate, for respondent SGPC.

Mr. Jaivir S. Chandail, Addl. Standing Counsel, U.T. Chandigarh with Ms. Jyoti Kumari, Advocate, Mr. Gaurav Mohunta, Advocate, and Mr. Nishant Arora, Advocate, for respondent-UT, Chandigarh.

CM-11096-CWP-2023

The instant application has been filed on behalf of the applicants-petitioners under Order 1 Rule 10 read with Section 151 of the Code of Civil Procedure, 1908 for impleadment of State of Punjab, Union Territory, Chandigarh as well as State of Himachal Pradesh as respondents No.7 to 9 respectively.

The application is allowed subject to all just exceptions.

Respondents No.7 to 10 as mentioned in paragraph No.3 of the application are accordingly impleaded.

Amended Memo of Parties is taken on record.

The Registry is directed to tag the same at appropriate place.

Main case

The matter in question relates to elections of SGPC which have not been held since 2016 after terms of the previously elected body came to an end.

1 of 3

::: Downloaded on - 04-09-2023 23:27:27 :::

## ਐੱਸ.ਜੀ.ਪੀ.ਸੀ. ਚੋਣਾਂ ਲਈ ਵੋਟਾਂ ਬਣਵਾਉਣ ਵਾਲਿਆਂ ਲਈ ਸੋਧਿਆ ਗਿਆ ਫਾਰਮ ਜਾਰੀ

ਪਟਿਆਲਾ/ਏ.ਟੀ.ਨਿਊਜ਼ : ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਮੁੱਖ ਚੋਣ ਅਫ਼ਸਰ, ਚੰਡੀਗੜ੍ਹ, ਪੰਜਾਬ ਵੱਲੋਂ ਜਾਰੀ ਸੋਧਿਆ ਗਿਆ ਫਾਰਮ (ਕੇਸਾਧਾਰੀ ਸਿੱਖ ਲਈ) (ਨਿਯਮ 3(1) ਵੋਟਰ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੇ ਮੈਂਬਰਾਂ ਲਈ ਚੋਣ ਪ੍ਰਕ੍ਰਿਆ ਮੁਕੰਮਲ ਕਰਨ ਲਈ ਵੋਟਰ ਸੂਚੀ ਦਾ ਕੰਮ 21 ਅਕਤੂਬਰ 2023 ਤੋਂ ਸ਼ੁਰੂ ਕੀਤਾ ਗਿਆ ਹੈ। ਵੋਟ ਬਣਾਉਣ ਲਈ ਉਪਰੋਕਤ ਫਾਰਮ ਭਰਨਾ ਲਾਜ਼ਮੀ ਹੈ। ਫਾਰਮ ਦੇ ਨਾਲ ਬਿਨੈਕਾਰ ਦੀ ਰੰਗਦਾਰ ਤਾਜ਼ਾ ਸਵੈ-ਤਸਦੀਕ ਫ਼ੋਟੋ ਲਗਾਈ ਜਾਵੇ ਅਤੇ ਪਛਾਣ ਲਈ ਆਧਾਰ ਕਾਰਡ, ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਵੋਟਰ ਸ਼ਨਾਖ਼ਤੀ ਕਾਰਡ, ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੈਂਸ, ਫ਼ੋਟੋ ਲੱਗਿਆ ਸਰਵਿਸ ਸ਼ਨਾਖ਼ਤੀ ਕਾਰਡ, ਬੈਂਕ/ਡਾਕਖ਼ਾਨੇ ਵੱਲੋਂ ਜਾਰੀ ਫ਼ੋਟੋ ਲੱਗੀ ਪਾਸ-ਬੁੱਕ, ਪੈਨ ਕਾਰਡ, ਸਮਾਰਟ ਕਾਰਡ ਜੋ ਐੱਨ.ਪੀ. ਆਰ. ਅਧੀਨ ਆਰ.ਜੀ.ਆਈ. ਵੱਲੋਂ ਜਾਰੀ ਹੋਵੇ, ਮਨਰੇਗਾ ਜੌਬ ਕਾਰਡ, ਹੈਲਥ ਇੰਸ਼ੋਰੈਂਸ ਕਾਰਡ, ਸਰਕਾਰੀ ਪੈਨਸ਼ਨ ਦਸਤਾਵੇਜ਼ ਜਿਸ 'ਤੇ ਫ਼ੋਟੋ ਲੱਗੀ ਹੋਵੇ ਆਦਿ 'ਚ ਕੋਈ ਇਕ ਦਸਤਾਵੇਜ਼ ਲਗਾਉਣਾ ਲਾਜ਼ਮੀ ਹੈ।




ਉਨ੍ਹਾਂ ਦੱਸਿਆ ਕਿ ਸੋਧੇ ਹੋਏ ਫਾਰਮ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਮੈਂਬਰ ਲਈ ਕੇਸਾਧਾਰੀ ਸਿੱਖ ਹੋਣਾ ਲਾਜ਼ਮੀ ਹੈ, ਮੈਂਬਰ ਆਪਣੀ ਦਾੜ੍ਹੀ ਨਾ ਕੱਟਦਾ ਹੋਵੇ, ਕਿਸੇ ਵੀ ਰੂਪ 'ਚ ਧੂਮਰਪਾਨ ਨਾ ਕਰਦਾ ਹੋਵੇ ਅਤੇ ਨਾ ਹੀ ਕੁੱਠਾ (ਹਲਾਲ) ਮਾਸ ਦਾ ਸੇਵਨ ਕਰਦਾ ਹੋਵੇ ਅਤੇ ਸ਼ਰਾਬ ਨਾ ਪੀਂਦਾ ਹੋਵੇ, ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਵੋਟਰ ਦੀ ਉਮਰ 21 ਸਾਲ ਤੋਂ ਘੱਟ ਨਾ ਹੋਵੇ, ਵੋਟਰ ਦਾ ਨਾਮ, ਮਾਤਾ/ਪਿਤਾ/ਪਤੀ ਦਾ ਨਾਂ ਸਰਕਾਰ ਵੱਲੋਂ ਜਾਰੀ ਕੀਤੇ ਆਧਾਰ ਕਾਰਡ ਦੁਆਰਾ ਜਾਂ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਸ਼ਨਾਖ਼ਤੀ ਕਾਰਡ ਤੋਂ ਤਸਦੀਕ ਅਤੇ ਪੁਸ਼ਟੀ ਕੀਤੀ ਜਾਵੇ ਅਤੇ ਨੰਬਰ ਲਿਖਿਆ ਜਾਵੇ।

## ਸਿੱਖ ਵੋਟਰ ਤੈਅ ਸਮੇਂ ਵਿੱਚ ਆਪਣੀਆਂ ਵੋਟਾਂ ਬਣਾ ਲੈਣ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ 25 ਦਿਨਾਂ ਦਾ ਸਮਾਂ ਵੋਟਾਂ ਬਣਾਉਣ ਲਈ ਤੈਅ ਕੀਤਾ ਹੈ ਜਿਸ ਲਈ ਇਨ੍ਹਾਂ ਦਿਨਾਂ ਵਿੱਚ ਹੀ ਆਪਣੀਆਂ ਵੋਟਾਂ ਬਣਾ ਲਓ। ਉਨ੍ਹਾਂ ਕਿਹਾ ਕਿ ਜਲਦ ਹੀ ਉਨ੍ਹਾਂ ਦੀ ਅਗਵਾਈ ਹੇਠ ਵਫ਼ਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਚੋਣ ਅਫ਼ਸਰ ਐੱਸਐੱਸ ਸਾਰੋਂ ਨੂੰ ਮਿਲੇਗਾ। ਮੀਟਿੰਗ ਦੌਰਾਨ ਵਫ਼ਦ ਸਾਰੋਂ ਤੋਂ ਵੋਟਾਂ ਬਣਾਉਣ ਲਈ ਆਧਾਰ ਕਾਰਡ ਦੀ ਲੋੜ ਦੇ ਨਾਲ ਕੋਈ ਹੋਰ ਵੀ ਪਛਾਣ ਪੱਤਰ ਸ਼ਾਮਲ ਕਰਨ ਦੀ ਮੰਗ ਕਰੇਗਾ।

ਧਾਮੀ ਅਨੁਸਾਰ ਜ਼ਿਆਦਾਤਰ ਵੋਟਰ ਫਾਰਮ ਦੇ ਨਾਲ ਆਧਾਰ ਕਾਰਡ ਦੀ ਕਾਪੀ ਸ਼ਾਮਲ ਕਰਨ ਵਿੱਚ ਝਿਜਕ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ (ਬਾਕੀ ਸਫ਼ਾ 29 'ਤੇ)

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ 8 ਨਵੰਬਰ ਨੂੰ

### ਬਾਦਲ ਧੜੇ ਨੂੰ ਚੁਣੌਤੀ ਦੇਣਗੀਆਂ ਵਿਰੋਧੀ ਧਿਰਾਂ

### ਮੌਕਾ ਮਿਲਿਆ ਤਾਂ ਬਾਦਲ ਧੜੇ ਖ਼ਿਲਾਫ਼ ਚੋਣ ਲੜਾਂਗੀ: ਬੀਬੀ ਜਗੀਰ ਕੌਰ

ਅੰਮ੍ਰਿਤਸਰ/ਏ.ਟੀ.ਨਿਊਜ਼ :

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਸਤੇ 8 ਨਵੰਬਰ ਨੂੰ ਹੋਣ ਵਾਲੇ ਇਜਲਾਸ ਵਿੱਚ ਹਾਕਮ ਧਿਰ ਦੇ ਏਕਾਅਧਿਕਾਰ ਨੂੰ ਚੁਣੌਤੀ ਦੇਣ ਲਈ ਵਿਰੋਧੀ ਧਿਰਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵੀ ਇਸ ਸਾਲ ਦੇ ਅੰਤ ਵਿੱਚ ਜਾਂ ਅਗਲੇ ਵਰ੍ਹੇ ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ। ਅਜਿਹੀ ਸਥਿਤੀ ਵਿੱਚ 8 ਨਵੰਬਰ ਨੂੰ ਹੋਣ ਵਾਲਾ ਜਨਰਲ ਇਜਲਾਸ ਮੌਜੂਦਾ ਹਾਊਸ ਦਾ ਆਖ਼ਰੀ ਇਜਲਾਸ ਹੋਵੇਗਾ। ਸ਼੍ਰੋਮਣੀ ਕਮੇਟੀ ਵਿੱਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਬਾਦਲ ਜੋ



ਇਸ ਵੇਲੇ ਪਾਰਟੀ ਦੇ ਅੰਦਰੋਂ ਅਤੇ ਬਾਹਰੋਂ ਦੋਵੇਂ ਪਾਸਿਓਂ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਦੇ ਏਕਾਅਧਿਕਾਰ ਨੂੰ ਵਿਰੋਧੀ ਧਿਰਾਂ ਖ਼ਤਮ ਕਰਨ ਵਾਸਤੇ ਯਤਨਸ਼ੀਲ ਹਨ। ਇਹ ਸਾਰੀਆਂ ਧਿਰਾਂ ਆਉਣ ਵਾਲੀਆਂ ਆਗਾਮੀ ਚੋਣਾਂ ਅਤੇ ਮੌਜੂਦਾ ਇਜਲਾਸ ਦੌਰਾਨ ਵੀ ਬਾਦਲ ਧੜੇ ਨੂੰ ਚੁਣੌਤੀ ਦੇਣਗੀਆਂ। ਮਿਲੇ ਵੇਰਵਿਆਂ ਮੁਤਾਬਕ ਬਾਦਲ ਵਿਰੋਧੀ ਧੜਿਆਂ ਵੱਲੋਂ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਵਿੱਚ ਪ੍ਰਧਾਨ ਤੇ ਹੋਰ ਅਹੁਦਿਆਂ ਵਾਸਤੇ ਆਪਣੇ ਸਾਂਝੇ ਉਮੀਦਵਾਰ ਖੜ੍ਹੇ ਕਰਨ ਲਈ ਵਿਚਾਰ ਚਰਚਾ ਕੀਤੀ ਜਾ ਰਹੀ ਹੈ। ਇਨ੍ਹਾਂ ਵਿਰੋਧੀ ਧਿਰਾਂ ਵੱਲੋਂ ਇਸ ਵਾਰ ਵੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਜਾ ਸਕਦਾ ਹੈ। ਪਿਛਲੇ ਸਾਲ ਵੀ ਅਹੁਦੇਦਾਰਾਂ ਦੀ ਹੋਈ ਚੋਣ ਵਿੱਚ ਵਿਰੋਧੀ ਧਿਰਾਂ ਵੱਲੋਂ ਜਗੀਰ ਕੌਰ ਨੂੰ ਪ੍ਰਧਾਨ ਦਾ ਉਮੀਦਵਾਰ ਬਣਾਇਆ ਗਿਆ ਸੀ ਅਤੇ ਉਨ੍ਹਾਂ ਨੇ ਮੌਜੂਦਾ ਹਾਊਸ (ਬਾਕੀ ਸਫ਼ਾ 29 'ਤੇ)

# ਅਮਰੀਕਾ ਖ਼ਬਰਨਾਮਾ

## ਫਲਸਤੀਨੀ ਲੋਕਾਂ ਦੀ ਪ੍ਰਤੀਨਿੱਧਤਾ ਨਹੀਂ ਕਰਦਾ ਹਮਾਸ:ਕਮਲਾ ਹੈਰਿਸ

### ਉੱਪ ਰਾਸ਼ਟਰਪਤੀ ਵੱਲੋਂ ਫਲਸਤੀਨੀਆਂ ਦੀ ਆਜ਼ਾਦੀ ਤੇ ਖ਼ੁਦ ਮੁਖ਼ਤਾਰੀ ਦਾ ਸਮਰਥਨ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਫਲਸਤੀਨੀਆਂ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਮਰੀਕਾ ਦੀ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਹਮਾਸ ਸੰਗਠਨ ਫਲਸਤੀਨੀਆਂ ਦੀ ਪ੍ਰਤੀਨਿੱਧਤਾ ਨਹੀਂ ਕਰਦਾ। ਉੱਪ ਰਾਸ਼ਟਰਪਤੀ ਨੇ ਫਲਸਤੀਨੀਆ ਦੀ ਆਜ਼ਾਦੀ ਤੇ ਖੁਦ ਮੁਖਤਾਰੀ ਦਾ ਸਮਰਥਨ ਕੀਤਾ ਹੈ।ਉਨਾਂ ਨੇ ਇਕ ਪੋਸਟ ਵਿੱਚ ਕਿਹਾ ਹੈ ਕਿ ਇਜ਼ਰਾਈਲੀਆਂ ਤੇ ਫਲਸਤੀਨੀਆਂ ਨੂੰ ਸੁਰੱਖਿਆ ਤੇ ਖੁਸ਼ਹਾਲੀ ਦਾ ਬਰਾਬਰ ਹੱਕ ਹੋਣਾ ਚਾਹੀਦਾ ਹੈ। ਮੈ ਫਲਸਤੀਨੀ ਲੋਕਾਂ ਦੇ ਗੌਰਵ, ਸੁਤੰਤਰਤਾ ਤੇ ਖੁਦ ਮੁਖਤਾਰੀ ਦੇ ਅਧਿਕਾਰ ਦਾ ਸਮਰਥਨ ਕਰਦੀ ਹਾਂ। ਹਮਾਸ ਫਲਸਤੀਨੀ ਲੋਕਾਂ ਦੀਆਂ ਆਸਾਂ ਤੇ ਉਮੰਗਾਂ ਦਾ ਪ੍ਰਤੀਨਿੱਧੀ ਨਹੀਂ ਹੈ। ਇਸ ਤੋਂ ਪਹਿਲਾਂ ਉਨਾਂ ਨੇ ਇਜਰਾਈਲ ਉਪਰ ਹਮਾਸ ਵੱਲੋਂ ਕੀਤੇ ਹਮਲੇ ਬਾਰੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਸੀ ਕਿ ਅਮਰੀਕਾ ਅੱਤਵਾਦੀਆਂ ਦੀ ਕਾਰਵਾਈ ਨੂੰ ਨੇੜਿਉਂ ਵੇਖ ਰਿਹਾ ਹੈ ਤੇ ਅਜਿਹੀ ਅੱਤਵਾਦੀ ਕਾਰਵਾਈ ਨੂੰ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਸ ਦਾ ਬਿਨਾਂ ਕਿਸੇ ਝਿਝਕ ਦੇ ਵਿਰੋਧ ਤੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਪੱਛਮ ਏਸ਼ੀਆ ਵਿਚ ਕਈ ਦਹਾਕੇ ਪੁਰਾਣੇ ਟਕਰਾਅ ਬਾਰੇ ਹੈਰਿਸ ਨੇ ਕਿਹਾ ਕਿ ਉਹ ਤੇ ਰਾਸ਼ਟਰਪਤੀ ਜੋ ਬਾਈਡਨ ਇਜਰਾਈਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ।



## ਇਜ਼ਰਾਈਲ-ਹਮਾਸ ਯੁੱਧ ਵਿਚਾਲੇ ਮਿਸ਼ੀਗਨ ਸੂਬੇ 'ਚ ਇੱਕ ਯਹੂਦੀ ਔਰਤ ਨੇਤਾ ਦੀ ਹੱਤਿਆ



ਵਾਸ਼ਿੰਗਟਨ ਡੀ.ਸੀ/ ਏ.ਟੀ.ਨਿਊਜ਼ : ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਦੀ ਗੂੰਜ ਅਮਰੀਕਾ ਵਿੱਚ ਵੀ ਹੈ। ਅਮਰੀਕਾ ਵਿੱਚ ਇਜ਼ਰਾਈਲ ਪੱਖੀ ਅਤੇ ਇਜ਼ਰਾਈਲ ਵਿਰੋਧੀ ਪ੍ਰਦਰਸ਼ਨਾਂ ਦੇ ਵਿਚਕਾਰ, ਮਿਸ਼ੀਗਨ ਸੂਬੇ ਦੇ ਡੇਟਰਾਇਟ ਸ਼ਹਿਰ ਵਿੱਚ ਇੱਕ ਯਹੂਦੀ ਔਰਤ ਨੇਤਾ ਦੀ ਰਹੱਸਮਈ ਹੱਤਿਆ ਨੇ ਇੱਥੇ ਹਲਚਲ ਮਚਾ ਦਿੱਤੀ ਹੈ। ਪੁਲਿਸ ਇਸ ਕਤਲ ਦੇ ਕਾਰਨ ਦਾ ਪਤਾ ਨਹੀਂ ਲਗਾ ਸਕੀ ਹੈ ਪਰ ਕਿਆਸ ਲਗਾਏ ਜਾ ਰਹੇ ਹਨ ਕਿ ਇਸ ਕਤਲ ਦੇ ਪਿੱਛੇ ਇਜ਼ਰਾਈਲ- ਹਮਾਸ ਦੀ ਲੜਾਈ ਹੋ ਸਕਦੀ ਹੈ।

ਡੇਟ੍ਰੋਇਟ ਵਿੱਚ ਸਿਨਾਗੋਗ ਨਾਂ ਦੀ ਪ੍ਰਧਾਨ ਸਮੰਥਾ ਵਾਲ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਉਸ ਨੂੰ ਘਰ ਦੇ ਬਾਹਰ ਮਾਰਿਆ ਗਿਆ ਹੈ। ਸਮੰਥਾ ਡੈਮੋਕ੍ਰੇਟਿਕ ਪਾਰਟੀ ਦੇ ਨੁਮਾਇੰਦੇ ਦੀ ਸਾਬਕਾ ਸਹਾਇਕ ਵੀ ਸੀ ਅਤੇ ਅਟਾਰਨੀ ਜਨਰਲ ਦੀ ਚੋਣ ਲਈ ਮੁਹਿੰਮ ਵਿੱਚ ਵੀ ਸਰਗਰਮ ਵਰਕਰ ਸੀ। ਪੁਲਿਸ ਅਜੇ ਤੱਕ ਕਾਤਲ ਦਾ ਪਤਾ ਨਹੀਂ ਲਗਾ ਸਕੀ ਅਤੇ ਕੋਈ ਠੋਸ ਉਦੇਸ਼ ਸਥਾਪਤ ਨਹੀਂ ਕੀਤਾ ਗਿਆ ਹੈ, ਪਰ ਇੱਕ ਯਹੂਦੀ ਔਰਤ ਨੇਤਾ ਹੋਣ ਦੇ ਨਾਤੇ, ਸਮੰਥਾ ਦੇ ਕਤਲ ਨੂੰ ਹਮਾਸ ਦੀ ਲੜਾਈ ਨਾਲ ਜੋੜਿਆ ਜਾ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਸਾਡੇ ਕੋਲ ਬਹੁਤ ਸਾਰੇ ਸਬੂਤ ਹਨ, ਪਰ ਅਸੀਂ ਫਿਲਹਾਲ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕਦੇ ਕਿਉਂਕਿ ਹੋਰ ਵੀ ਕਈ ਮਾਮਲੇ ਜਾਂਚ ਅਧੀਨ ਹਨ।

## ਅਮਰੀਕਾ ਵਪਾਰ ਦੇ ਮਾਮਲੇ 'ਚ ਬਣਿਆ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ, ਚੀਨ ਨੂੰ ਪਛਾੜਿਆ



ਨਵੀਂ ਦਿੱਲੀ/ਏ.ਟੀ.ਨਿਊਜ਼ : ਅਮਰੀਕਾ ਨੇ ਵਪਾਰ ਦੇ ਮਾਮਲੇ 'ਚ ਇਕ ਵਾਰ ਫਿਰ ਚੀਨ ਨੂੰ ਪਿੱਛੇ ਛੱਡ ਦਿੱਤਾ ਹੈ। ਚਾਲੂ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ ਦੌਰਾਨ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਬਣ ਕੇ ਉਭਰਿਆ ਹੈ। ਹਾਲਾਂਕਿ ਇਸ ਦੌਰਾਨ ਭਾਰਤ ਅਤੇ ਅਮਰੀਕਾ ਦਾ ਦੋਪੱਖੀ ਵਪਾਰ ਵੀ ਸਾਲ ਭਰ ਪਹਿਲਾਂ ਦੀ ਤੁਲਨਾ 'ਚ ਘਟ ਹੋਇਆ ਹੈ।

**59.67 ਅਰਬ ਡਾਲਰ ਰਿਹਾ ਦੋਪੱਖੀ ਵਪਾਰ**

ਵਣਜ ਮੰਤਰਾਲਾ ਵੱਲੋਂ ਜਾਰੀ ਸ਼ੁਰੂਆਤੀ ਅੰਕੜਿਆਂ ਅਨੁਸਾਰ ਚਾਲੂ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ ਯਾਨੀ ਅਪ੍ਰੈਲ ਤੋਂ ਸਤੰਬਰ 2023 ਦੌਰਾਨ ਭਾਰਤ ਅਤੇ ਅਮਰੀਕਾ ਦਰਮਿਆਨ ਦੋਪੱਖੀ ਵਪਾਰ 59.67 ਅਰਬ ਡਾਲਰ ਰਿਹਾ ਹੈ। ਇਹ ਸਾਲ ਭਰ ਪਹਿਲਾਂ ਦੀ ਇਸੇ ਮਿਆਦ 'ਚ ਯਾਨੀ ਅਪ੍ਰੈਲ ਤੋਂ ਸਤੰਬਰ 2022 ਦੌਰਾਨ 67.28 ਅਰਬ ਡਾਲਰ ਰਿਹਾ ਸੀ। ਮਤਲਬ ਸਾਲ ਭਰ ਪਹਿਲਾਂ ਦੀ ਤੁਲਨਾ 'ਚ ਭਾਰਤ ਅਤੇ ਅਮਰੀਕਾ ਦਾ ਆਪਸੀ ਵਪਾਰ 11.3 ਫ਼ੀਸਦੀ ਘਟ ਹੋਇਆ ਹੈ।

**ਅਮਰੀਕਾ ਨੂੰ ਬਰਾਮਦ ਘਟ ਕੇ 38.28 ਅਰਬ ਡਾਲਰ ਰਹੀ**

ਅੰਕੜਿਆਂ ਅਨੁਸਾਰ ਅਪ੍ਰੈਲ ਤੋਂ ਸ਼ੁਰੂ ਹੋਏ ਚਾਲੂ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ 'ਚ ਅਮਰੀਕਾ ਨੂੰ ਬਰਾਮਦ ਘਟ ਕੇ 38.28 ਅਰਬ ਡਾਲਰ ਹੋ ਗਈ, ਇਹ ਪਿਛਲੇ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ 'ਚ 41.49 ਅਰਬ ਡਾਲਰ ਰਹੀ ਸੀ। ਦੂਜੇ ਪਾਸੇ ਇਸ ਦੌਰਾਨ ਅਮਰੀਕਾ ਤੋਂ ਦਰਾਮਦ ਸਾਲ ਭਰ ਪਹਿਲਾਂ ਦੇ 25.79 ਅਰਬ ਡਾਲਰ ਤੋਂ ਘਟ ਹੋ ਕੇ 21.39 ਅਰਬ ਡਾਲਰ ਰਹਿ ਗਈ।

**ਆਉਣ ਵਾਲੇ ਸਮੇਂ 'ਚ ਭਾਰਤ ਅਤੇ ਅਮਰੀਕਾ ਦਰਮਿਆਨ ਵਧੇਗਾ ਵਪਾਰ**

ਕੌਮਾਂਤਰੀ ਮੰਗ 'ਚ ਕਮਜ਼ੋਰੀ ਕਾਰਨ ਭਾਰਤ ਅਤੇ ਅਮਰੀਕਾ ਦਰਮਿਆਨ ਬਰਾਮਦ ਅਤੇ ਦਰਾਮਦ 'ਚ ਗਿਰਾਵਟ ਆ ਰਹੀ ਹੈ ਪਰ ਜਲਦ ਹੀ (**ਬਾਕੀ ਸਫ਼ਾ 30 'ਤੇ**)

## ਦਿਵਾਲੀ ਦਾ ਤਿਉਹਾਰ ਹਨ੍ਹੇਰਿਆਂ ਨੂੰ ਦੂਰ ਕਰਨ ਤੇ ਚਾਰ ਚੁਫ਼ੇਰੇ ਰੋਸ਼ਨੀ ਫੈਲਾਉਣ ਦਾ ਪ੍ਰਤੀਕ : ਮੇਅਰ ਏਰਿਕ ਐਡਮਜ਼



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਦਿਵਾਲੀ ਜਸ਼ਨਾਂ ਸਬੰਧੀ ਪੀਪਲਜ ਹਾਊਸ ਵਿੱਚ ਹੋਏ ਇੱਕ ਸਮਾਗਮ ਵਿੱਚ ਹਿੱਸਾ ਲੈਂਦਿਆਂ ਨਿਊਯਾਰਕ ਸਿਟੀ ਮੇਅਰ ਏਰਿਕ ਐਡਮਜ਼ ਨੇ ਕਿਹਾ ਹੈ ਕਿ ਦਿਵਾਲੀ ਹਨੇਰਿਆਂ ਨੂੰ ਦੂਰ ਕਰਨ ਤੇ ਚਾਰ ਚੁਫੇਰੇ ਰੋਸ਼ਨੀ ਫੈਲਾਉਣ ਵਾਲਾ ਦਿਵਸ ਹੈ।

ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿੱਚ ਏਰਿਕ ਐਡਮਜ਼ ਨੇ ਹਿੰਦੂ ਭਾਈਚਾਰੇ ਨਾਲ ਦਿਵਾਲੀ ਮਨਾਉਣ ਦਾ ਜਿਕਰ ਕਰਦਿਆਂ ਕਿਹਾ ਹੈ ਕਿ ਦਿਵਾਲੀ ਦਾ ਦਿਵਸ ਕੇਵਲ ਇੱਕ ਛੁੱਟੀ ਹੀ ਨਹੀਂ ਹੈ ਬਲਕਿ ਇਹ ਦਿਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਹਨੇਰਿਆਂ ਨੂੰ ਦੂਰ ਕਰਕੇ ਚਾਰੇ ਪਾਸੇ ਰੋਸ਼ਨੀ ਦਾ ਪਸਾਰ ਕੀਤਾ ਜਾਵੇ। ਪੀਪਲਜ ਹਾਊਸ ਵਿੱਚ ਹਿੰਦੂ ਭਾਈਚਾਰੇ ਦਾ ਸਵਾਗਤ ਕਰਨ ਤੇ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟਾਉਣ ਉਪਰ ਮੈਨੂੰ ਮਾਣ ਹੈ। ਇਸ ਤੋਂ ਪਹਿਲਾਂ ਜੂਨ ਵਿੱਚ ਮੇਅਰ ਨੇ ਦਿਵਾਲੀ ਦੇ ਅਵਸਰ 'ਤੇ ਨਿਊਯਾਰਕ ਦੇ ਸਕੂਲਾਂ ਵਿੱਚ ਛੁੱਟੀ ਕਰਨ ਦਾ ਐਲਾਨ ਕੀਤਾ ਸੀ।

## ਕਾਂਗੋ 'ਚ ਕਿਸ਼ਤੀ ਨੂੰ ਲੱਗੀ ਅੱਗ, 16 ਲੋਕਾਂ ਦੀ ਦਰਦਨਾਕ ਮੌਤ

ਕਿਨਸ਼ਾਸਾ/ਏ.ਟੀ.ਨਿਊਜ਼ : ਕਾਂਗੋ ਨਦੀ ਵਿੱਚ ਇੱਕ ਕਿਸ਼ਤੀ ਨੂੰ ਅੱਗ ਲੱਗਣ ਕਾਰਨ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਸੂਬਾਈ ਡਿਪਟੀ ਪੇਪ ਏਪੀਆਨਾ ਨੇ ਦੱਸਿਆ ਕਿ ਕਿਸ਼ਤੀ ਈਂਧਣ ਲੈ ਕੇ ਰਾਜਧਾਨੀ ਕਿਨਸ਼ਾਸਾ ਦੇ ਪੂਰਬੀ ਹਿੱਸੇ 'ਚ ਸਥਿਤ ਮਬਾਂਦਾਕਾ ਸ਼ਹਿਰ ਵੱਲ ਜਾ ਰਹੀ ਸੀ।

ਉਨ੍ਹਾਂ ਦੱਸਿਆ ਕਿ ਇਸ ਹਾਦਸੇ 'ਚ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ। ਏਪੀਆਨਾ ਮੁਤਾਬਕ ਹਾਦਸੇ ਤੋਂ ਬਾਅਦ ਘੱਟੋ-ਘੱਟ 11 ਲੋਕਾਂ ਨੂੰ ਬਚਾਅ ਲਿਆ ਗਿਆ ਅਤੇ ਫਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਕੁਝ ਹੋਰ ਲੋਕ ਲਾਪਤਾ ਹਨ ਜਾਂ ਨਹੀਂ। ਇਸ ਤੋਂ ਦੋ ਦਿਨ ਪਹਿਲਾਂ ਕਾਂਗੋ ਨਦੀ ਵਿੱਚ ਇੱਕ ਕਿਸ਼ਤੀ ਪਲਟ ਗਈ ਸੀ, ਜਿਸ ਵਿੱਚ ਸਵਾਰ ਘੱਟੋ-ਘੱਟ 40 ਲੋਕਾਂ ਦੀ ਮੌਤ ਹੋ ਗਈ ਸੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K. Vaish Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ‘ਪੰਜਾਬ ਲੋਕ ਰੰਗ’ ਵੱਲੋਂ ‘ਜ਼ਫ਼ਰਨਾਮੇ’ ਦਾ ਆਗਾਜ਼






‘ਪੰਜਾਬ ਲੋਕ ਰੰਗ’ ਦੀ ਸਮੁੱਚੀ ਟੀਮ ਵੱਲੋਂ ਇੱਕ ਵਾਰੀ ਫਿਰ ਆਪਣੀ ਕਲਾ ਰਾਹੀਂ ਲੋਕਾਂ ਦੀ ਕਚਹਿਰੀ ਵਿੱਚ ‘ਜ਼ਫ਼ਰਨਾਮਾ’ ਨਾਟਕ ਨਾਲ ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਆਪਣੀ ਕਲਾ ਦਾ ਸਿੱਕਾ ਜਮਾਉਣ ਆ ਰਹੀ ਹੈ। 21 ਅਕਤੂਬਰ 2023 ਨੂੰ ਸ਼ਾਮ ਦੇ 6 ਵਜੇ ਸਾਹਿਤ ਪ੍ਰੇਮੀਆਂ ਦੇ ਸਨਮੁੱਖ ਰਾਜਾ ਸਵੀਟਸ ਹੇਵਰਡ ਵਿਖੇ ਆਪਣੇ ਆਉਣ ਵਾਲੇ ਨਾਟਕ ਦੇ ਪੋਸਟਰ ਦਾ ਆਗਾਜ਼ ਕੀਤਾ। ਸਟੇਜ ਦੀ ਜਿੰਮੇਵਾਰੀ ਹੈਰੀ ਸਿੰਘ ਗਰੇਵਾਲ ਨੇ ਬਹੁਤ ਹੀ ਬਖ਼ੂਬੀ ਨਾਲ ਨਿਭਾਈ। ਸੱਤੀ ਪਾਵਲਾ, ਸੁਖਦੇਵ ਸਾਹਿਲ, ਅਨੂਪ ਸਿੰਘ ਚੀਮਾ ਨੇ ਆਪਣੀ ਹਾਜ਼ਰੀ ਲਵਾਈ। ਸੁਰਿੰਦਰ ਸਿੰਘ ਧਨੋਆ ਨੇ ‘ਜ਼ਫ਼ਰਨਾਮਾ’ ਬਾਰੇ ਬੋਲਦਿਆਂ ਕਿਹਾ ਕਿ ਸ਼ੇਖ਼ ਸਾਅਦੀ ਤੇ ਫਿਰਦੋਸੀ ਦੀਆਂ ਲਿਖਤਾਂ ਤੋਂ ਬਾਅਦ ਜੇ ਫਾਰਸੀ ਵਿੱਚ ਸ਼ਾਹਕਾਰ ਰਚਨਾ ਹੈ ਤਾਂ ਉਹ ਗੁਰੂ ਗੋਬਿੰਦ ਸਿੰਘ ਦੇ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਲੈ ਕੇ ਦੀਨਾ ਕਾਂਗੜ ਤੱਕ ਦਾ ਉਹ ਸਫ਼ਰ ਹੈ, ਜਿਥੇ ਬੈਠ ਕੇ ਜ਼ਫ਼ਰਨਾਮਾ ਲਿਖਿਆ, ਇਸ ਨੂੰ 10 ਐਪੀਸੋਡਾਂ ਵਿੱਚ ਪੇਸ਼ ਕਰਾਂਗੇ। ਇਸ ਨਾਟਕ ਨੂੰ ਬਹੁਤ ਹੀ ਜਲਦੀ ਸਰੋਤਿਆਂ ਦੇ ਸਨਮੁੱਖ ਲਿਆਉਣ ਦੀ ਕੋਸ਼ਿਸ਼ ਜਾਰੀ ਹੈ। ਧਨੋਆ ਸਾਹਿਬ ਨੇ ਆਪਣੀ ਸਮੁੱਚੀ ਟੀਮ ਨਾਲ ਜਾਣ ਪਛਾਣ ਕਰਵਾਈ ਤੇ ਆਏ ਸਾਹਿਤਕ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਸਿੱਖ ਪੰਚਾਇਤ ਫਰੀਮਾਂਟ ਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਹਿਯੋਗ ਦੇਣ ਦਾ ਵਾਅਦਾ ਕੀਤਾ ਗਿਆ।

# ਕੈਨੇਡਾ ’ਚ ਰਾਜਸ਼ਾਹੀ ਦੀ ਸਹੁੰ ਲਾਜ਼ਮੀ ਕਰਨ ਵਿਰੁੱਧ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਦਾ ਕੇਸ ਖਾਰਜ

## ਉਸ ਨੇ ਰਾਜਸ਼ਾਹੀ ਦੀ ਸਹੁੰ ਚੁੱਕਣ ਤੋਂ ਕੀਤਾ ਸੀ ਇਨਕਾਰ, ਕਿਹਾ ਕਿ ਮੈਂ ‘ਅਕਾਲ ਪੁਰਖ ਨੂੰ ਸਮਰਪਿਤ ਹਾਂ, ਰਾਜਸ਼ਾਹੀ ਦੀ ਸਹੁੰ ਮੈਨੂੰ ਕਬੂਲ ਨਹੀਂ’

ਐਲਬਰਟਾ/ਏ.ਟੀ.ਨਿਊਜ਼ : ਕੈਨੇਡਾ ਵਿੱਚ ਇੱਕ ਲਾਅ ਸਿੱਖ ਵਿਦਿਆਰਥੀ ਦੀ ਪਟੀਸ਼ਨ ਨੂੰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਜਿਸ ਵਿੱਚ ਉਸ ਨੇ ਰਾਜਸ਼ਾਹੀ ਦੀ ਸਹੁੰ ਚੁੱਕਣ ਤੋਂ ਸਾਫ ਇਨਕਾਰ ਕਰਦੇ ਹੋਏ ਇਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਪ੍ਰਭਜੋਤ ਸਿੰਘ ਨੇ ਕਿਹਾ ਸੀ ਕਿ ਉਹ ਅੰਮ੍ਰਿਤਧਾਰੀ ਸਿੱਖ ਹੈ ਅਤੇ ਰਾਜਸ਼ਾਹੀ ਦੀ ਸਹੁੰ ਚੁੱਕਣਾ ਉਸ ਨੂੰ ਕਬੂਲ ਨਹੀਂ ਹੈ ਉਸ ਦਾ ਧਰਮ ਇਸ ਦੀ ਇਜਾਜ਼ਤ ਨਹੀਂ ਦਿੰਦਾ ਹੈ।

ਐਲਬਰਟਾ ਦੇ ਕਾਨੂੰਨ ਦੇ ਮੁਤਾਬਿਕ ਵਕੀਲ ਨੂੰ ਰਾਜ ਕਰਨ ਵਾਲੇ ਬਾਦਸ਼ਾਹ, ਉਨ੍ਹਾਂ ਦੇ ਵਾਰਸਾਂ ਅਤੇ ਉੱਤਰਾਧਿਕਾਰੀਆਂ ਪ੍ਰਤੀ ਵਫਾਦਾਰ ਹੋਣ ਦੀ ਸਹੁੰ ਚੁੱਕਣ ਦੀ ਲੋੜ ਹੁੰਦੀ ਹੈ। ਪ੍ਰਭਜੋਤ ਸਿੰਘ ਨੇ ਕਿਹਾ ਕਿ ਉਸ ਨੇ ਆਪਣੇ ਆਪ ਨੂੰ ਅਕਾਲ ਪੁਰਖ ਨੂੰ ਸਮਰਪਿਤ ਕੀਤਾ ਹੈ। ਇਸ ਲਈ ਉਹ ਸਿੱਖ ਹੋਣ ਦੇ ਨਾਤੇ ਕਿਸੇ ਹੋਰ ਹਸਤੀ ਜਾਂ ਫਿਰ ਰਾਜਸ਼ਾਹੀ ਦੀ ਵਫਾਦਾਰੀ ਦੀ ਸਹੁੰ ਨਹੀਂ ਚੁੱਕ ਸਕਦਾ ਹੈ।

ਪ੍ਰਭਜੋਤ ਸਿੰਘ ਨੇ ਕਿਹਾ ਸੀ ਮੇਰੇ ਲਈ ਇਹ ਜ਼ਰੂਰੀ ਹੈ ਕਿ ਮੈਂ ਇੱਕ ਵਿਅਕਤੀ ਦੇ ਤੌਰ ’ਤੇ ਕੌਣ ਹਾਂ। ਨਵੀਂ ਸਹੁੰ ਖਾਣ ਦੇ ਲਈ ਮੈਨੂੰ ਪੁਰਾਣੀ ਸਹੁੰ ਨੂੰ ਭੁਲਾਉਣਾ ਹੋਵੇਗਾ ਜੋ ਮੈਂ ਪਹਿਲਾਂ ਹੀ ਕੀਤੀ ਹੋਈ ਹੈ। ਇਹ ਬਹੁਤ ਗਲਤ ਹੋਵੇਗਾ। ਇਹ ਮੇਰੇ ਸਿੱਖ ਹੋਣ ਦੀ ਪਛਾਣ ਹੈ। ਜਿਸ ਵੇਲੇ



ਪ੍ਰਭਜੋਤ ਸਿੰਘ ਨੇ ਕੇਸ ਦਾਇਰ ਕੀਤਾ ਸੀ ਉਸ ਵੇਲੇ ਕਵੀਨ ਐਲਜਾਬੈਥ ਜਿੰਦਾ ਸੀ। ਜਸਟਿਸ ਬਾਰਬਰਾ ਜੌਹਨਸਨ ਨੇ ਆਪਣੇ ਫੈਸਲੇ ਵਿੱਚ ਕਿਹਾ: ਮੈਨੂੰ ਲੱਗਦਾ ਹੈ ਕਿ ਵਫ਼ਾਦਾਰੀ ਦੀ ਸਹੁੰ ਨੂੰ ਕਾਨੂੰਨ ਦੇ ਰਾਜ ਅਤੇ ਕੈਨੇਡੀਅਨ ਸੰਵਿਧਾਨਕ ਪ੍ਰਣਾਲੀ ਨੂੰ ਬਰਕਰਾਰ ਰੱਖਣ ਦੀ ਸਹੁੰ ਵਜੋਂ ਉਚਿਤ ਰੂਪ ਵਿੱਚ ਦਰਸਾਇਆ ਗਿਆ ਹੈ। ਵਫ਼ਾਦਾਰੀ ਦੀ ਸਹੁੰ ਵਿੱਚ ਮਹਾਰਾਣੀ ਦਾ ਕੋਈ ਵੀ ਹਵਾਲਾ ਇਹਨਾਂ ਕਦਰਾਂ-ਕੀਮਤਾਂ ਦੇ ਪ੍ਰਤੀਕ ਵਜੋਂ ਹੈ, ਇੱਕ ਰਾਜਨੀਤਿਕ ਜਾਂ ਧਾਰਮਿਕ ਹਸਤੀ ਵਜੋਂ ਨਹੀਂ।

ਲਾਅ ਸੁਸਾਇਟੀ ਨੇ ਇਸ ਮਾਮਲੇ ਵਿੱਚ ਕੁਝ ਨਹੀਂ ਕਿਹਾ। ਇਸ ਨੇ ਪਿਛਲੇ ਸਾਲ ਇੱਕ ਬਿਆਨ ਵਿੱਚ ਕਿਹਾ ਸੀ ਕਿ ਇਹ ਮੁੱਦਾ ਸੂਬੇ ’ਤੇ ਨਿਰਭਰ ਕਰਦਾ ਹੈ, ਕਿਉਂਕਿ ਕਿਸੇ ਵੀ ਬਦਲਾਅ ਲਈ ਕਾਨੂੰਨ ਬਣਾਉਣ ਦੀ ਲੋੜ ਹੋਵੇਗੀ। ਜੌਹਨਸਨ ਨੇ ਅਲਬਰਟਾ ਦੀ ਅਰਜ਼ੀ ਨੂੰ ਵੀ ਇਸ ਆਧਾਰ ’ਤੇ ਰੱਦ ਕਰਨ ਦੀ ਮੰਗ ਕੀਤੀ ਸੀ ਕਿ ਇਸ ਦਾ ਨਿਪਟਾਰਾ ਹੋ ਚੁੱਕਾ ਸੀ। ਪ੍ਰਭਜੋਤ ਦੇ ਹੱਕ ਵਿੱਚ ਅਲਬਰਟਾ ਦੇ 32 ਲਾਅ ਪ੍ਰੋਫੈਸਰਾਂ ਨੇ ਪਿਛਲੇ ਸਾਲ ਤਤਕਾਲੀ ਕਾਨੂੰਨ ਮੰਤਰੀ ਨੂੰ ਖੁੱਲਾ ਪੱਤਰ ਭੇਜ ਕੇ ਕਾਨੂੰਨ ਵਿੱਚ ਸੋਧ ਕਰਨ ਅਤੇ ਸਹੁੰ ਨੂੰ ਬਦਲ ਦੇ ਤੌਰ ’ਤੇ ਰੱਖਣ ਦੀ ਅਪੀਲ ਕੀਤੀ ਸੀ। ਯਾਨੀ ਜੇਕਰ ਕਿਸੇ ਨੇ ਸਹੁੰ ਨਹੀਂ ਵੀ ਚੁੱਕਣੀ ਤਾਂ ਉਸ ’ਤੇ ਦਬਾਅ ਨਾ ਪਾਇਆ ਜਾਏ। ਜਿਵੇਂ ਕਿ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਹੋਰ ਥਾਵਾਂ ਵਿੱਚ ਹੁੰਦੀ ਹੈ।

# ਫਿਜੀ ਪੁਲਿਸ ਫੋਰਸ ਵਿੱਚ ਭਰਤੀ ਹੋਇਆ ਪਹਿਲਾ ‘ਦਸਤਾਰਧਾਰੀ’ ਸਿੰਘ ਨਵਜੀਤ ਸਿੰਘ

ਸੂਵਾ/ਏ.ਟੀ.ਨਿਊਜ਼ : ਨਵਜੀਤ ਸਿੰਘ ਸੋਹਾਤਾ ਸਰਕਾਰੀ ਫਿਜੀ ਪੁਲਿਸ ਬੈਚ ਨਾਲ ਪੱਗ ਬੰਨ੍ਹਣ ਵਾਲਾ ਪਹਿਲਾ ਸਿੱਖ ਸਿਪਾਹੀ ਬਣ ਗਿਆ ਹੈ। ਕਾਰਜਕਾਰੀ ਪੁਲਿਸ ਕਮਿਸ਼ਨਰ ਜੂਕੀ ਫੋਂਗ ਚਿਊ ਨੇ ਇਹ ਮੰਨਦੇ ਹੋਏ ਕਿ ਵਿਭਿੰਨਤਾ ਦਾ ਸਨਮਾਨ ਪੁਲਿਸਿੰਗ ਖੇਤਰ ਵਿੱਚ ਸਫਲਤਾ ਲਈ ਅਟੁੱਟ ਅੰਗ ਹਨ, ਅਧਿਕਾਰਤ ਫਿਜੀ ਪੁਲਿਸ ਬੈਚ ਨਾਲ ਦਸਤਾਰ ਪਹਿਨਣ ਨੂੰ ਮਨਜ਼ੂਰੀ ਦੇ ਦਿੱਤੀ। 20 ਸਾਲਾ ਪੁਲਿਸ ਕਾਂਸਟੇਬਲ ਸੋਹਾਤਾ ਓਪਨ ਮਾਰਕੀਟ ਭਰਤੀ ਮੁਹਿੰਮ ਵਿੱਚੋਂ ਚੁਣੇ ਜਾਣ ਤੋਂ ਬਾਅਦ ਨਸੋਵਾ ਵਿੱਚ ਬੇਸਿਕ ਰਿਕਰੂਟਸ ਕੋਰਸ ਦੀ ਸਿਖਲਾਈ ਵਿੱਚੋਂ ਲੰਘ ਰਹੇ ਬੈਚ 66 ਦਾ ਇੱਕ ਮੈਂਬਰ ਹੈ। ਇੱਕ ਸ਼ਰਧਾਲੂ ਸਿੱਖ ਸੋਹਾਤਾ ਨੇ



ਅਕੈਡਮੀ ਵਿੱਚ ਦਾਖਲਾ ਲਿਆ, ਇਹ ਜਾਣਦੇ ਹੋਏ ਕਿ ਸਿਖਲਾਈ ਦੀਆਂ ਜ਼ਰੂਰਤਾਂ ਦੌਰਾਨ ਉਸ ਨੂੰ ਨਿੱਜੀ ਵਿਸ਼ਵਾਸ ਦੀਆਂ ਕੁਰਬਾਨੀਆਂ ਦੇਣੀਆਂ ਪੈਣਗੀਆਂ। ਫਿਜੀ ਪੁਲਿਸ ਨੇ ਕਿਹਾ ਕਿ ਹਾਲਾਂਕਿ ਪੁਲਿਸ ਦੇ ਕਾਰਜਕਾਰੀ ਕਮਿਸ਼ਨਰ ਨੇ ਸੋਹਾਤਾ ਦੇ ਅਧਿਕਾਰਾਂ ਦਾ ਸਨਮਾਨ ਕਰਦੇ ਹੋਏ, ਅਧਿਕਾਰਤ ਫਿਜੀ ਪੁਲਿਸ ਬੈਚ ਦੇ ਨਾਲ ਪੱਗ ਪਹਿਨਣ ਦੀ ਮਨਜ਼ੂਰੀ ਦੇ ਦਿੱਤੀ ਹੈ। ਕਮਿਸ਼ਨਰ ਚਿਊ ਨੇ ਕਿਹਾ ਕਿ ਇਹ ਕਦਮ ਸਮਾਨਤਾ ਅਤੇ ਵਿਭਿੰਨਤਾ ਦੇ ਬੁਨਿਆਦੀ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਸੰਸਥਾ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਸਟੈਨਲੀ ਬ੍ਰਾਊਨ ਦੀ ਇੱਕ ਕਿਤਾਬ, ਫਿਜੀ ਪੁਲਿਸ ਫੋਰਸ ਦਾ ਇਤਿਹਾਸ ਅਨੁਸਾਰ 1910 ਦੇ ਦਹਾਕੇ ਦੇ ਸ਼ੁਰੂ ਵਿੱਚ ਪਹਿਲੇ ਸਿੱਖ ਕਾਂਸਟੇਬਲਾਂ ਦੀ ਭਰਤੀ ਕੀਤੀ ਗਈ ਸੀ। ਫਿਜੀ ਦੇ ਉੱਤਰੀ ਡਿਵੀਜ਼ਨ ਦੇ ਡ੍ਰੇਕੇਤੀ ਪਿੰਡ ਤੋਂ ਸਬੰਧਤ ਸੋਹਾਤਾ ਨੇ ਆਪਣੇ ਤਜ਼ਰਬੇ ਨੂੰ ਸਾਂਝਾ ਕਰਦੇ ਹੋਏ ਕਿਹਾ ਕਿ ਪਹਿਲਾਂ ਆਪਣੇ ਪਰਿਵਾਰ ਤੋਂ ਦੂਰ ਰਹਿਣਾ ਮੁਸ਼ਕਲ ਸੀ।

ਸੋਹਾਤਾ ਨੇ ਕਿਹਾ, ‘ਮੇਰੇ ਜੀਵਨ ਵਿੱਚ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਮੈਂ ਪ੍ਰੇਰਨਾ ਅਤੇ ਰੋਲ ਮਾਡਲ ਦੇ ਰੂਪ ਵਿੱਚ ਦੇਖਦਾ ਹਾਂ। ਇਹ ਮੇਰਾ ਟੀਚਾ ਹੈ ਕਿ ਮੈਂ ਉਨ੍ਹਾਂ ਨੂੰ ਮਾਣ ਮਹਿਸੂਸ ਕਰਾਵਾਂ ਅਤੇ ਜਦੋਂ ਮੇਰੀ ਪੇਸ਼ੇਵਰ ਜ਼ਿੰਦਗੀ ਦੀ ਗੱਲ ਆਉਂਦੀਹੈ ਤਾਂ ਉਨ੍ਹਾਂ ਵਾਂਗ ਹੀ ਚੰਗਾ ਬਣਾਂ।’ ਲੌਟੋਕਾ ਗੁਰਦੁਆਰੇ ਦੁਆਰਾ ਰੱਖੇ ਗਏ ਰਿਕਾਰਡਾਂ ਅਨੁਸਾਰ ਜਦੋਂ ਸਿੱਖ ਫਿਜੀ ਵਿੱਚ ਪਹੁੰਚੇ ਤਾਂ ਉਹਨਾਂ ਵਿਚੋਂ ਜ਼ਿਆਦਾਤਰ ਕਿਸਾਨ, ਪੁਲਿਸ ਕਰਮਚਾਰੀ ਅਤੇ ਅਧਿਆਪਕ ਬਣ ਗਏ। ਫਿਜ਼ੀ ਵਿੱਚ ਸਿੱਖਾਂ ਦੁਆਰਾ ਬਣਾਇਆ ਗਿਆ ਪਹਿਲਾ ਸਕੂਲ ਬਾ ਜ਼ਿਲ੍ਹੇ ਵਿੱਚ ਖਾਲਸਾ ਹਾਈ ਸਕੂਲ ਸੀ ਅਤੇ 1922 ਵਿੱਚ ਬਣਿਆ ਸੁਵਾ ਗੁਰਦੁਆਰਾ ਸਭ ਤੋਂ ਪੁਰਾਣਾ ਹੈ।

# ਪੰਜਾਬ ਪੁਲਿਸ ਦੇ ਗੁਰਮੀਤ ਸਿੰਘ ‘ਪਿੰਕੀ ਕੈਟ’ ਦੀ ਮੌਤ

## 52 ਝੂਠੇ ਐਨਕਾਊਂਟਰਾਂ ਦੇ ਸਬੂਤ ਹੋਣ ਦਾ ਕੀਤਾ ਸੀ ਦਾਅਵਾ





ਚੰਡੀਗੜ੍ਹ : ਪੰਜਾਬ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਦੀ ਬੁੱਧਵਾਰ ਨੂੰ ਚੰਡੀਗੜ੍ਹ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ। ਪਿੰਕੀ ਕੈਟ ਡੇਂਗੂ ਤੋਂ ਪੀੜਤ ਸੀ, ਜਿਸ ਕਰਕੇ ਹਸਪਤਾਲ ਵਿੱਚ ਉਸ ਦਾ ਇਲਾਜ ਚੱਲ ਰਿਹਾ ਸੀ।

### ਕੌਣ ਸੀ ਪਿੰਕੀ ਕੈਟ

ਗੁਰਮੀਤ ਸਿੰਘ ਪਿੰਕੀ ਨੂੰ ਪੰਜਾਬ ’ਚ ਅੱਤਵਾਦ ਦੌਰਾਨ ਪੁਲਿਸ ਦਾ ਸੂਹੀਆ ਮੰਨਿਆ ਜਾਂਦਾ ਸੀ। ਪਿੰਕੀ ਨੂੰ ਬਾਅਦ ’ਚ ਥਾਣੇਦਾਰ ਬਣਾ ਦਿੱਤਾ ਗਿਆ ਸੀ। ਇਸ ਮਗਰੋਂ 2001 ’ਚ ਉਨ੍ਹਾਂ ਨੇ ਲੁਧਿਆਣਾ ਦੇ ਇਕ ਨੌਜਵਾਨ ਅਵਤਾਰ ਸਿੰਘ ਉਰਫ਼ ਗੋਲਾ ਨੂੰ ਸਿਰਫ ਰਸਤਾ ਪੁੱਛਣ ’ਤੇ ਗੋਲੀ ਮਾਰ ਦਿੱਤੀ। ਇਸ ਦੋਸ਼ ’ਚ ਉਨ੍ਹਾਂ ਨੂੰ ਉਮਰਕੈਦ ਦੀ ਸਜ਼ਾ ਵੀ ਸੁਣਾਈ ਗਈ। ਹਾਲਾਂਕਿ ਕਿਸੇ ਤਰ੍ਹਾਂ ਉਹ 7 ਸਾਲ ਬਾਅਦ ਜੇਲ੍ਹ ’ਚੋਂ ਬਾਹਰ ਆ ਗਏ ਸਨ। ਇਸ ਤੋਂ ਪਹਿਲਾਂ ਪਿੰਕੀ ਕੈਟ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀਆਂ ਨੂੰ ਫੜ੍ਹਨ ’ਚ ਵੀ ਅਹਿਮ ਭੂਮਿਕਾ ਨਿਭਾਈ ਸੀ, ਜਿਸ ਲਈ ਉਨ੍ਹਾਂ ਨੂੰ (ਬਾਕੀ ਸਫ਼ਾ 29 ’ਤੇ)

# ਪੰਜਾਬੀ ਸਾਹਿਤਕਾਰਾਂ ਦੀ ਬੇ ਏਰੀਆ ਹੇਵਰਡ ’ਚ ਮਿਲਣੀ ਸ਼ਨਿੱਚਰਵਾਰ ਤੋਂ

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਦੋ ਰੋਜ਼ਾ ਸਲਾਨਾ ਕਾਨਫ਼ਰੰਸ ’ਚ ਪੰਜਾਬੀ ਸਾਹਿਤ ਤੇ ਸੱਭਿਆਚਾਰ ਬਾਰੇ ਹੋਣਗੀਆਂ ਗੰਭੀਰ ਵਿਚਾਰਾਂ

ਫਰੀਮੌਂਟ/ਏ.ਟੀ.ਨਿਊਜ਼: ਪੰਜਾਬੀ ਸਾਹਿਤ, ਭਾਸ਼ਾ ਤੇ ਸੱਭਿਆਚਾਰ ਨੂੰ ਅਮਰੀਕਾ ਵਿੱਚ ਪ੍ਰਫੁੱਲਤ ਕਰਨ ਲਈ ਵਰ੍ਹਿਆਂ ਤੋਂ ਸਰਗਰਮ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਬੇ ਏਰੀਆ ਦੀ 23ਵੀਂ ਸਲਾਨਾ ਕਾਨਫ਼ਰੰਸ ਸ਼ਨਿੱਚਰਵਾਰ 28 ਅਕਤੂਬਰ ਨੂੰ ਸ਼ੁਰੂ ਹੋਵੇਗੀ। ਦੇਸ਼ ਵਿਦੇਸ਼ ਤੋਂ ਨਾਮੀ ਸਾਹਿਤਕਾਰ ਇਸ ਵਿੱਚ ਭਾਗ ਲੈਣ ਲਈ ਪੁੱਜਣੇ ਸ਼ੁਰੂ ਹੋ ਗਏ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਤੇ ਜਰਨਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਦਸਿਆ ਕਿ ਇਹ ਦੋ ਰੋਜ਼ਾ ਕਾਨਫਰੰਸ 28 ਅਕਤੂਬਰ ਸ਼ਨੀਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਰਾਤ 9:00 ਵਜੇ ਤੱਕ ਅਤੇ 29 ਅਕਤੂਬਰ ਐਤਵਾਰ ਨੂੰ ਸਵੇਰ 11:00 ਵਜੇ ਤੋਂ ਰਾਤ 9:00 ਵਜੇ ਤੱਕ ਹੇਵਰਡ (1275 W Winton Ave Hayward CA 94541) ਵਿਖੇ ਹੋਵੇਗੀ।

ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਪੰਜਾਬ, ਕੈਨੇਡਾ ਅਤੇ ਹੋਰਨਾਂ ਥਾਵਾਂ ਤੋਂ ਪੁੱਜ ਰਹੇ ਉੱਘੇ ਸਾਹਿਤਕਾਰਾਂ ਅਤੇ ਵਿਦਵਾਨਾਂ ਵਿੱਚ ਡਾ. ਵਰਿਆਮ ਸਿੰਘ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ. ਆਤਮ ਸਿੰਘ ਰੰਧਾਵਾ, ਦਰਸ਼ਨ ਬੁੱਟਰ, ਜਸਵਿੰਦਰ, ਜਸਵੰਤ ਸਿੰਘ ਜ਼ਫ਼ਰ, ਡਾ. ਸੁਹਿੰਦਰ ਬੀਰ, ਡਾ. ਮੋਨੋਜੀਤ, ਅਜਮੇਰ ਸਿੱਧੂ, ਰਾਜਵੰਤ ਰਾਜ, ਹਰਦਮ ਮਾਨ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਹੋਰ ਬਹੁਤ ਸਾਰੇ ਸਾਹਿਤਕਾਰ ਹੁੰਮ-ਹੁਮਾ ਕੇ ਪਹੁੰਚਣਗੇ।ਇਸ ਨਿਰੋਲ ਸਾਹਿਤਕ ਕਾਨਫ਼ਰੰਸ ਵਿੱਚ ਅਮਰੀਕਾ ਵਿੱਚ ਲਿਖੇ ਜਾ ਰਹੇ ਸਾਹਿਤ ਬਾਰੇ ਪਰਚੇ ਪੇਸ਼ ਕੀਤੇ ਜਾਣਗੇ। ਕਵੀ ਦਰਬਾਰ ਅਤੇ ਗੀਤ-ਸੰਗੀਤ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ। ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ, ਸ਼ਹੀਦ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਸਬੰਧੀ ਇੱਕ ਪਾਤਰੀ ਨਾਟਕ “ਕਿਸ਼ਤੀਆਂ ਵਿੱਚ ਜਹਾਜ਼” ਪੇਸ਼ ਕਰਕੇ ਇਤਿਹਾਸ ਦੇ ਪੰਨੇ ਖੋਲ੍ਹਣਗੇ।

ਕਾਨਫਰੰਸ ਦੌਰਾਨ ਪੁਸਤਕ ਪ੍ਰਦਰਸ਼ਨੀ ਵੀ ਲੱਗੇਗੀ। ਨਵ-ਪ੍ਰਕਾਸ਼ਿਤ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਕਾਨਫਰੰਸ ਵਿੱਚ ਭਾਗ ਲੈਣ ਵਾਲਿਆਂ ਸਭਨਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਵਿਪਸਾਅ ਦੀ ਇਸ ਸਾਹਿਤਕ ਕਾਨਫ਼ਰੰਸ ਦਾ ਹਿੱਸਾ ਬਣਨ ਲਈ ਸੰਪਰਕ ਕਰੋ: ਕੁਲਵਿੰਦਰ : 510-367-2090 , ਜਗਜੀਤ ਨੌਸ਼ਿਹਰਵੀ: 510-676-1565156555




# ਅਮਰੀਕਾ ’ਚ ਸਿੱਖਾਂ ਖ਼ਿਲਾਫ਼ ਨਫ਼ਰਤੀ ਅਪਰਾਧਾਂ ’ਚ ਵਾਧਾ ਚਿੰਤਾ ਦੀ ਗੱਲ: ਮੇਅਰ ਭੱਲਾ



ਵਾਸ਼ਿੰਗਟਨ/ਏ.ਟੀ.ਨਿਊਜ਼ : ਨਿਊਯਾਰਕ ਅਤੇ ਅਮਰੀਕਾ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦੇ ਖ਼ਿਲਾਫ਼ ਹਾਲ ਹੀ ਵਿੱਚ ਵਾਪਰੀਆਂ ਨਫ਼ਰਤ ਅਤੇ ਹਿੰਸਾ ਦੀਆਂ ਘਟਨਾਵਾਂ ਨੂੰ ‘ਨਿੰਦਾਯੋਗ’ ਕਾਰਵਾਈਆਂ ਦੱਸਦੇ ਹੋਏ ਅਮਰੀਕੀ ਰਾਜ ਨਿਊਜਰਸੀ ਦੇ ਹੋਬੋਕਨ ਸ਼ਹਿਰ ਦੇ ਮੇਅਰ ਨੇ ਦੇਸ਼ ਵਿੱਚ ਘੱਟ ਗਿਣਤੀ ਭਾਈਚਾਰੇ ਖ਼ਿਲਾਫ਼ ਵੱਧ ਰਹੇ ਨਫ਼ਰਤੀ ਅਪਰਾਧਾਂ ’ਤੇ ਚਿੰਤਾ ਪ੍ਰਗਟਾਈ। ਮੇਅਰ ਰਵੀ ਐੱਸ. ਭੱਲਾ ਨੇ ਕੁਝ ਦਿਨ ਪਹਿਲਾਂ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੂੰ ਕਈ ਅਜਿਹੀਆਂ ਚਿੱਠੀਆਂ ਮਿਲੀਆਂ ਹਨ, ਜਿਸ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।

ਸੀ.ਬੀ.ਐੱਸ. ਨਿਊਜ਼ ਦੀ ਰਿਪੋਰਟ ਮੁਤਾਬਕ ਭੱਲਾ ਨੂੰ ਪਿਛਲੇ ਸਾਲ ਜੋ ਪੱਤਰ ਮਿਲੇ ਸਨ, ਉਨ੍ਹਾਂ ਵਿਚ ਪਹਿਲਾਂ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਸੀ, ਪਰ ਬਾਅਦ ’ਚ ਸਿੱਖ ਧਰਮ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮੈਂਬਰਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਜਾਣ ਲੱਗੀ। ਭੱਲਾ ਨੇ ਕਿਹਾ, ਮੈਂ ਨਫਰਤੀ ਅਪਰਾਧ ਦੀਆਂ ਹਾਲ ਹੀ ਦੀਆਂ ਘਟਨਾਵਾਂ ਤੋਂ ਪਰੇਸ਼ਾਨ ਅਤੇ ਦੁਖੀ ਹਾਂ, ਜਿਨ੍ਹਾਂ ਨੇ ਰਿਚਮੰਡ ਹਿੱਲ, ਨਿਊਯਾਰਕ ’ਚ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿੱਥੇ ਇੱਕ ਸਿੱਖ ਨੌਜਵਾਨ ’ਤੇ ਹਮਲਾ ਕੀਤਾ ਗਿਆ, ਉਸ ਦੀ ਜ਼ਬਰਦਸਤੀ ਪੱਗ ਉਤਾਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਕ ਹੋਰ ਸੀਨੀਅਰ ਸਿੱਖ ਵਿਅਕਤੀ ਨਾਲ ਦੁਰਵਿਵਹਾਰ ਕੀਤਾ ਗਿਆ।

ਨਿਊਯਾਰਕ ’ਚ ਇੱਕ ਸ਼ਟਲ ਬੱਸ ’ਤੇ ਸਫ਼ਰ ਕਰਦੇ ਸਮੇਂ ਇੱਕ 19 ਸਾਲਾ ਸਿੱਖ ਲੜਕੇ ’ਤੇ ਪੱਗ ਬੰਨ੍ਹਣ ਕਾਰਨ ਹਮਲਾ ਕੀਤਾ ਗਿਆ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਬਾਅਦ ਵਿੱਚ ਇਸ ਮਾਮਲੇ ਵਿਚ ਇੱਕ 26 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ’ਤੇ ਹਮਲੇ ਲਈ ਨਫ਼ਰਤ ਅਪਰਾਧ ਦਾ ਦੋਸ਼ ਲਗਾਇਆ ਗਿਆ।

ਅਮਰੀਕਾ ਦੇ ਇਕਲੌਤੇ ਸਿੱਖ ਮੇਅਰ ਭੱਲਾ ਨੇ ਕਿਹਾ, ‘ਨਫ਼ਰਤ ਅਤੇ ਹਿੰਸਾ ਦੀਆਂ ਇਹ ਨਿੰਦਣਯੋਗ ਕਾਰਵਾਈਆਂ ਏਕਤਾ, ਵਿਭਿੰਨਤਾ ਅਤੇ ਸਵੀਕਾਰਤਾ ਦੀਆਂ ਸਾਡੀਆਂ ਸਾਂਝੀਆਂ ਅਮਰੀਕੀ ਕਦਰਾਂ-ਕੀਮਤਾਂ ’ਤੇ ਹਮਲਾ ਹਨ। ਇਸ ਸਮੇਂ ਇਹ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਦੋਸਤਾਂ ਅਤੇ ਗੁਆਂਢੀਆਂ ਵਿਚਕਾਰ ਸਮਝ ਅਤੇ ਹਮਦਰਦੀ ਦਾ ਮਾਹੌਲ ਬਣਾਉਣ ਦੀ ਆਪਣੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ ਇਕੱਠੇ ਹੋਈਏ।

## ਨਿਊਯਾਰਕ ’ਚ ਕਾਰ ਹਾਦਸੇ ਮਗਰੋਂ ਲੜਾਈ ’ਚ ਜ਼ਖ਼ਮੀ ਹੋਏ ਸਿੱਖ ਬਜ਼ੁਰਗ ਦੀ ਮੌਤ



ਨਿਊਯਾਰਕ/ਏ.ਟੀ.ਨਿਊਜ਼ : ਨਿਊਯਾਰਕ ਸ਼ਹਿਰ ਵਿੱਚ ਇੱਕ ਕਾਰ ਹਾਦਸੇ ਤੋਂ ਬਾਅਦ 30 ਸਾਲਾ ਵਿਅਕਤੀ ਵੱਲੋਂ ਵਾਰ-ਵਾਰ ਮੁੱਕਾ ਮਾਰਨ ਕਾਰਨ ਇੱਕ ਬਜ਼ੁਰਗ ਸਿੱਖ ਵਿਅਕਤੀ ਦੇ ਸਿਰ ਵਿੱਚ ਸੱਟ ਲੱਗ ਗਈ ਅਤੇ ਉਨ੍ਹਾਂ ਦੀ ਮੌਤ ਹੋ ਗਈ। ਬੀਤੇ ਵੀਰਵਾਰ 30 ਸਾਲਾ ਗਿਲਬਰਟ ਆਗਸਟਨਿ ਨੇ ਕਵੀਂਸ ਵਿੱਚ ਵਾਹਨ ਨਾਲ ਮਾਮੂਲੀ ਟੱਕਰ ਤੋਂ ਬਾਅਦ ਜਸਮੇਰ ਸਿੰਘ ’ਤੇ ਹਮਲਾ ਕਰ ਦਿੱਤਾ।

ਇੱਕ ਮੀਡੀਆ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਜਸਮੇਰ ਸਿੰਘ (66) ਨੂੰ ਗੰਭੀਰ ਹਾਲਤ ਵਿੱਚ ਕੁਈਨਜ਼ ਦੇ ਜਮਾਇਕਾ ਹਸਪਤਾਲ ਦੇ ਮੈਡੀਕਲ ਸੈਂਟਰ ਵਿੱਚ ਲਿਜਾਇਆ ਗਿਆ, ਜਿੱਥੇ 19 ਅਕਤੂਬਰ ਨੂੰ ਹਮਲੇ ਤੋਂ ਇੱਕ ਦਿਨ ਬਾਅਦ ਉਨ੍ਹਾਂ ਦੀ ਦਿਮਾਗੀ ਸੱਟ ਕਾਰਨ ਮੌਤ ਹੋ ਗਈ। ਨਿਊਯਾਰਕ-ਅਧਾਰਤ ਡੇਲੀ ਨਿਊਜ਼ ਮੁਤਾਬਕ ਗਿਲਬਰਟ ਔਗਸਟਿਨ ਨੂੰ 20 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ’ਤੇ ਹੋਰ ਛੋਟੇ ਦੋਸ਼ਾਂ ਦੇ ਨਾਲ-ਨਾਲ ਕਤਲ ਅਤੇ ਹਮਲੇ ਦੇ ਦੋਸ਼ ਲਾਏ ਗਏ ਸਨ।

ਪੁਲਿਸ ਨੇ ਦੱਸਿਆ ਕਿ ਸਿੰਘ ਅਤੇ ਔਗਸਟਿਨ 19 ਅਕਤੂਬਰ ਨੂੰ ਦੁਪਹਿਰ 12 ਵਜੇ ਦੇ ਕਰੀਬ ਕੇਵ ਗਾਰਡਨ ਵਿੱਚ ਹਿਲਸਾਈਡ ਐਵੇਨਿਊ ਨੇੜੇ ਵੈਨ ਵਿਕ ਐਕਸਪ੍ਰੈਸਵੇਅ ’ਤੇ ਟਕਰਾ ਗਏ ਸਨ ਅਤੇ ਦੋਵਾਂ ਕਾਰਾਂ ’ਤੇ ਡੈਂਟ ਅਤੇ ਸਕ੍ਰੈਚ ਆ ਗਏ ਸਨ। ਸਰਕਾਰੀ ਵਕੀਲਾਂ ਨੇ ਗਵਾਹਾਂ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਪੁਲਿਸ ਨਹੀਂ, ਕੋਈ ਪੁਲਿਸ ਨਹੀਂ ਕਹਿੰਦੇ ਸੁਣਿਆ, ਜਦੋਂ ਸਿੰਘ ਨੇ 911 ’ਤੇ ਕਾਲ ਕੀਤੀ ਅਤੇ ਉਨ੍ਹਾਂ ਨੇ ਔਗਸਟਿਨ ਨੂੰ ਸਿੰਘ ਦੇ ਹੱਥੋਂ ਫ਼ੋਨ ਖੋਹਦੇ ਦੇਖਿਆ।

# ਵਿਵਾਦਤ ਦਾਸਤਾਨ-ਏ-ਸਰਹੰਦ ਫ਼ਿਲਮ ਬੰਦ ਕਰਵਾਉਣ ਲਈ ਲਾਮਬੰਦੀ ਸ਼ੁਰੂ

ਸੰਗਰੂਰ/ਏ.ਟੀ.ਨਿਊਜ਼: ਫਿਲਮਾਂ ਰਾਹੀਂ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੇ ਸਵਾਂਗ ਰਚਨ ਦੇ ਗੁਰਮਤਿ ਵਿਰੋਧੀ ਰੁਝਾਨ ਨੂੰ ਠੱਲ ਪਾਉਣ ਵਾਸਤੇ ਸਿੱਖ ਸੰਗਤਾਂ ਵੱਲੋਂ ਬੀਤੇ ਸਮੇਂ ਤੋਂ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਤਹਿਤ ਕੁਝ ਸਮਾਂ ਪਹਿਲਾਂ ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਦਾਸਤਾਨ-ਏ-ਸਰਹੰਦ ਨਾਮੀ ਵਿਵਾਦਤ ਫਿਲਮ ਸਿੱਖ ਸੰਗਤਾਂ ਵੱਲੋਂ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਰਾਹੀਂ ਜਾਰੀ ਹੋਣ ਤੋਂ ਰੁਕਵਾਈ ਗਈ ਸੀ। ਇਸ ਫਿਲਮ ਨੂੰ ਬਣਾਉਣ ਵਾਲੇ ਹੁਣ ਦੁਬਾਰਾ ਇਸ ਫਿਲਮ ਨੂੰ ਜਾਰੀ ਕਰਨ ਵਾਸਤੇ ਸਰਗਰਮ ਹੋਏ ਹਨ ਤਾਂ ਸਿੱਖ ਸੰਗਤਾਂ ਵੱਲੋਂ ਵੀ ਮੁੜ ਯਤਨ ਆਰੰਭ ਕਰ ਦਿੱਤੇ ਗਏ ਹਨ।

ਇਸ ਤਹਿਤ ਲੰਘੇ ਦਿਨ ਸੰਗਰੂਰ ਵਿਖੇ ਸਿੱਖ ਜਥਾ ਮਾਲਵਾ ਵੱਲੋਂ ਵੱਖ-ਵੱਖ ਸਿਨੇਮਾ ਘਰਾਂ ਵਾਲਿਆਂ ਨੂੰ ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀ ਇਹ ਫਿਲਮ ਨਾ ਚਲਾਉਣ ਬਾਰੇ ਸੰਗਤ ਦਾ ਹੁਕਮ ਸੁਣਾਇਆ ਗਿਆ। ਸੰਗਰੂਰ ਦੇ ਸਿਨੇਮਾ ਘਰਾਂ ਨੇ ਸੰਗਤ ਦੇ ਹੁਕਮ ਨੂੰ ਮੰਨਦਿਆਂ ਇਹ ਫਿਲਮ ਆਪਣੇ ਸਿਨੇਮਾ ਘਰਾਂ ਵਿੱਚ ਨਾ ਲਾਉਣ ਦਾ ਐਲਾਨ ਕੀਤਾ ਹੈ। ਸਿਨੇਮਾ ਪ੍ਰਬੰਧਕਾਂ ਨੇ ਮੌਕੇ ਉੱਤੇ ਹੀ ਵਿਵਾਦਤ ਫਿਲਮ ਦੇ ਇਸ਼ਤਿਹਾਰ ਹਟਾ ਦਿੱਤੇ।




ਸਿੱਖ ਜਥਾ ਮਾਲਵਾ ਦੇ ਸੇਵਾਦਾਰਾਂ ਨੇ ਸਿੱਖ ਸਿਆਸਤ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਤਿਹਾਸ ਦੇ ਪ੍ਰਚਾਰ ਦੇ ਨਾਮ ਉੱਪਰ ਅਜਿਹੀਆਂ ਕਾਰਵਾਈਆਂ ਨਹੀਂ ਕੀਤੀਆਂ ਜਾ ਸਕਦੀਆਂ ਜਿਨਾਂ ਦੀ ਗੁਰਮਤਿ ਵਿੱਚ ਮਨਾਹੀ ਹੈ। ਉਨਾ ਕਿਹਾ ਕਿ ਸੰਗਤ ਵੱਲੋਂ ਇਸ ਸਬੰਧ ਵਿੱਚ ਕੀਤੀ ਗਈ ਜਾਗਰੂਕਤਾ ਦੇ ਮੱਦੇ ਨਜ਼ਰ ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦਾ ਸਵਾਂਗ ਰਚਦੀਆਂ ਫਿਲਮਾਂ ਬਣਾਉਣ ਉੱਤੇ ਰੋਕ ਲਾਉਣ ਦਾ ਮਤਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ

(ਬਾਕੀ ਸਫ਼ਾ 30 ’ਤੇ)

# 'ਸਰਦਾਰ ਆਫ਼ ਸਪਿਨ' ਬਿਸ਼ਨ ਸਿੰਘ ਬੇਦੀ ਦਾ ਵਿਛੋੜਾ

## 22 ਟੈਸਟ ਮੈਚਾਂ 'ਚ ਕੀਤੀ ਭਾਰਤੀ ਟੀਮ ਦੀ ਕਪਤਾਨੀ

## ਇੱਕ ਮੈਚ ਵਿੱਚ 10 ਵਿਕਟਾਂ ਲੈਣ ਦਾ ਕੀਤਾ ਸੀ ਕਾਰਨਾਮਾ







ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਅਤੇ ਦੇਸ਼ ਦੇ ਮਹਾਨ ਖੱਬੇ ਹੱਥ ਦੇ ਸਪਿਨਰ ਬਿਸ਼ਨ ਸਿੰਘ ਬੇਦੀ ਦਾ ਸੋਮਵਾਰ ਨੂੰ ਲੰਬੀ ਬੀਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। 77 ਸਾਲਾ ਬੇਦੀ ਨੇ 1966 ਤੋਂ 1979 ਤੱਕ ਭਾਰਤ ਲਈ ਟੈਸਟ ਕ੍ਰਿਕਟ ਖੇਡਿਆ। ਇਸ ਸਮੇਂ ਦੌਰਾਨ, ਉਸਨੇ 22 ਟੈਸਟ ਮੈਚਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਕੀਤੀ।

ਬਿਸ਼ਨ ਸਿੰਘ ਬੇਦੀ ਦਾ ਜਨਮ 25 ਸਤੰਬਰ 1946 ਨੂੰ ਅੰਮ੍ਰਿਤਸਰ, ਪੰਜਾਬ ਵਿੱਚ ਹੋਇਆ ਸੀ। ਖੱਬੇ ਹੱਥ ਦੇ ਸਪਿਨਰ ਬਿਸ਼ਨ ਸਿੰਘ ਬੇਦੀ ਨੇ ਭਾਰਤ ਲਈ 67 ਟੈਸਟ ਮੈਚਾਂ ਵਿੱਚ 266 ਵਿਕਟਾਂ ਲਈਆਂ ਹਨ। ਉਸਨੇ ਭਾਰਤ ਲਈ 10 ਵਨਡੇ ਮੈਚ ਵੀ ਖੇਡੇ, ਜਿਸ ਵਿੱਚ ਉਸਨੇ 7 ਵਿਕਟਾਂ ਲਈਆਂ। ਉਨ ਾਂ ਨੇ ਆਪਣੇ ਪਹਿਲੇ ਦਰਜੇ ਦੇ ਕ੍ਰਿਕਟ ਕੈਰੀਅਰ 'ਚ 1560 ਵਿਕਟਾਂ ਲਈਆਂ ਸਨ।

ਬਿਸ਼ਨ ਸਿੰਘ ਬੇਦੀ ਨੂੰ ਭਾਰਤੀ ਕ੍ਰਿਕਟ ਦੇ ਇਤਿਹਾਸ ਵਿੱਚ ਸਭ ਤੋਂ ਵਧੀਆ ਸਪਿਨਰਾਂ ਵਿੱਚ ਗਿਣਿਆ ਜਾਂਦਾ ਹੈ। 1970 ਦੇ ਦਹਾਕੇ ਵਿੱਚ, ਬਿਸ਼ਨ ਸਿੰਘ ਬੇਦੀ, ਇਰਾਪੱਲੀ ਪ੍ਰਸੰਨਾ, ਭਗਵਤ ਚੰਦਰਸ਼ੇਖਰ ਅਤੇ ਸ਼੍ਰੀਨਿਵਾਸ ਵੈਂਕਟਰਾਘਵਨ ਦੀ ਇੱਕ ਮਸ਼ਹੂਰ ਸਪਿਨ ਚੌਕੜੀ ਹੁੰਦੀ ਸੀ। ਬਿਸ਼ਨ ਸਿੰਘ ਬੇਦੀ ਨੇ ਇੱਕ ਪਾਰੀ ਵਿੱਚ 14 ਵਾਰ ਪੰਜ ਵਿਕਟਾਂ ਅਤੇ ਇੱਕ ਮੈਚ ਵਿੱਚ ਇੱਕ ਵਾਰ 10 ਵਿਕਟਾਂ ਲੈਣ ਦਾ ਕਾਰਨਾਮਾ ਕੀਤਾ ਹੈ।

**ਸਿੰਘ ਇਜ਼ ਕਿੰਗ**

ਬਿਸ਼ਨ ਸਿੰਘ ਬੇਦੀ ਨੇ 1966 ਵਿੱਚ ਈਡਨ ਗਾਰਡਨ, ਕੋਲਕਾਤਾ ਵਿੱਚ ਤਤਕਾਲੀ ਤਾਕਤਵਰ ਵੈਸਟ ਇੰਡੀਜ਼ ਦੇ ਖਿਲਾਫ ਆਪਣਾ ਟੈਸਟ ਡੈਬਿਊ ਕੀਤਾ ਸੀ। ਉਸਨੇ ਉੱਤਰੀ ਪੰਜਾਬ ਅਤੇ ਦਿੱਲੀ ਲਈ ਘਰੇਲੂ ਕ੍ਰਿਕਟ ਖੇਡੀ। ਉਹਨਾਂ ਦੀ ਖੇਡ ਕਲਾ ਕਾਰਨ ਉਹਨਾਂ ਨੂੰ ਸਿੰਘ ਇਜ਼ ਕਿੰਗ ਕਿਹਾ ਜਾਂਦਾ ਸੀ।

**ਅੰਮ੍ਰਿਤਸਰ ਦਾ ਨਾਂਅ ਕੀਤਾ ਮਸ਼ਹੂਰ**

25 ਸਤੰਬਰ 1946 ਨੂੰ ਅੰਮ੍ਰਿਤਸਰ ਵਿੱਚ ਜਨਮੇ ਬਿਸ਼ਨ ਸਿੰਘ ਬੇਦੀ ਨੇ ਸਖ਼ਤ ਮਿਹਨਤ ਕਰਕੇ ਆਪਣਾ ਅਤੇ ਦੇਸ਼ ਦਾ ਮਾਣ ਵਧਾਇਆ। ਅੰਮ੍ਰਿਤਸਰ ਦਾ ਗਾਂਧੀ ਗਰਾਊਂਡ ਇਸ ਗੱਲ ਦਾ ਗਵਾਹ ਹੈ ਕਿ ਬੇਦੀ ਇਸ ਗਰਾਊਂਡ ਵਿੱਚ ਅਭਿਆਸ ਵੀ ਕਰਦੇ ਰਹੇ ਅਤੇ ਸਮੇਂ-ਸਮੇਂ 'ਤੇ ਨਵੇਂ ਖਿਡਾਰੀਆਂ ਨੂੰ ਅਭਿਆਸ ਦੌਰਾਨ ਚੰਗੇ ਖਿਡਾਰੀ ਬਣਨ ਦੇ ਗੁਰ ਸਿਖਾਉਂਦੇ ਰਹੇ। ਬੇਦੀ ਨੇ ਅੰਮ੍ਰਿਤਸਰ ਸ਼ਹਿਰ ਦਾ ਨਾਂਅ ਪੂਰੀ ਦੁਨੀਆਂ 'ਚ ਮਸ਼ਹੂਰ ਕੀਤਾ।

**ਦੋ ਵਿਆਹ ਕਰਵਾਏ**

ਬਿਸ਼ਨ ਸਿੰਘ ਬੇਦੀ ਨੇ 2 ਵਿਆਹ ਕਰਵਾਏ ਸਨ ਉਨ੍ਹਾਂ ਦੀ ਪਹਿਲੀ ਪਤਨੀ ਦਾ ਨਾਂ ਗਲੇਨਿਥ ਸੀ ਜੋ ਆਸਟ੍ਰੇਲੀਆ ਦੀ ਨਾਗਰਿਕ ਸੀ। ਬਿਸ਼ਨ ਸਿੰਘ ਬੇਦੀ ਦੀ ਗਲੇਥਿਨ ਨਾਲ ਮੁਲਾਕਾਤ ਆਸਟ੍ਰੇਲੀਆ ਵਿੱਚ ਹੋਈ ਸੀ। ਦੋਵਾਂ ਵਿੱਚ ਪਿਆਰ ਹੋਇਆ ਅਤੇ ਫਿਰ ਵਿਆਹ ਵੀ ਹੋ ਗਿਆ। ਜਦੋਂ ਗਲੇਨਿਥ ਨੇ ਪਹਿਲੇ ਪੁੱਤਰ ਨੂੰ ਜਨਮ ਦਿੱਤਾ ਤਾਂ ਬੇਦੀ ਨੇ ਉਸ ਦਾ ਨਾਂ ਸੁਨੀਲ ਗਵਾਸਕਰ ਦੇ ਸਰਨੇਮ 'ਤੇ ਗਾਵਸ ਇੰਦਰ ਸਿੰਘ ਰੱਖਿਆ। ਦਰਅਸਲ ਸੁਨੀਲ ਗਵਾਸਕਰ ਨੇ ਵੈਸਟਇੰਡੀਜ਼ ਦੇ ਖਿਲਾਫ ਡੈਬਿਊ ਸੀਰੀਜ਼ ਵਿੱਚ 774 ਦੌੜਾਂ ਬਣਾਈਆਂ ਸੀ। ਗਵਾਸਕਰ ਦੀ ਫਾਰਮ ਵੇਖ ਕੇ ਬੇਦੀ ਨੇ ਇਹ ਫੈਸਲਾ ਲਿਆ ਸੀ। ਗੇਲਥਿਨ ਤੋਂ ਬਿਸ਼ਨ ਬੇਦੀ ਦੀ ਇੱਕ ਧੀ ਸੀ । ਦੂਜੀ ਪਤਨੀ ਤੋਂ ਉਨ ਾਂ ਦਾ ਇੱਕ ਪੁੱਤਰ ਹੈ ਜਿਸ ਦਾ ਨਾਂ ਅੰਗਦ ਬੇਦੀ ਹੈ ਅਤੇ ਉਹ ਬਾਵੀਵੁੱਡ ਵਿੱਚ ਅਦਾਕਾਰੀ ਕਰਦਾ ਹੈ। 3 ਸਾਲ ਪਹਿਲਾਂ ਪੁੱਤਰ ਦਾ ਵਿਆਹ ਅਦਾਕਾਰਾ ਨੇਹਾ ਧੂਪੀਆ ਨਾਲ ਹੋਇਆ ਸੀ।




**ਆਸਟ੍ਰੇਲੀਆ ਖ਼ਿਲਾਫ਼ ਪਹਿਲੀ ਵਾਰ ਆਪਣੀ ਛਾਪ ਛੱਡੀ**

ਦੁਨੀਆਂ ਨੇ ਪਹਿਲੀ ਵਾਰ 1969-70 'ਚ ਆਸਟ੍ਰੇਲੀਆ ਟੈਸਟ ਸੀਰੀਜ਼ ਦੌਰਾਨ ਬਿਸ਼ਨ ਸਿੰਘ ਬੇਦੀ ਦੇ ਚਮਤਕਾਰ ਦੇਖੇ। ਉਸਨੇ ਇਸ ਲੜੀ ਵਿੱਚ 21 ਵਿਕਟਾਂ ਲਈਆਂ, ਜਿਸ ਵਿੱਚ ਕੋਲਕਾਤਾ ਵਿੱਚ 7/98 ਦੇ ਉਸਦੇ ਸਰਵੋਤਮ ਟੈਸਟ ਅੰਕੜੇ ਵੀ ਸ਼ਾਮਲ ਹਨ। ਬੇਦੀ ਨੇ 1972-73 ਵਿੱਚ ਇੰਗਲੈਂਡ ਦੇ ਖ਼ਿਲਾਫ਼ ਪੰਜ ਟੈਸਟ ਮੈਚਾਂ ਵਿੱਚ 25.28 ਦੀ ਔਸਤ ਨਾਲ 25 ਵਿਕਟਾਂ ਲਈਆਂ। ਇਹ ਉਹ ਸਮਾਂ ਸੀ ਜਦੋਂ ਭਾਰਤ ਨੇ ਸਪਿਨ ਕੁਆਟਰ ਦੀ ਬਦੌਲਤ ਘਰੇਲੂ ਹਾਲਾਤਾਂ ਵਿੱਚ ਹਰ ਵੱਡੇ ਬੱਲੇਬਾਜ਼ ਨੂੰ ਪਰੇਸ਼ਾਨ ਕੀਤਾ ਸੀ।

**ਬਿਸ਼ਨ ਸਿੰਘ ਬੇਦੀ ਦਾ ਪ੍ਰਦਰਸ਼ਨ**

ਭਾਰਤ ਬਨਾਮ ਆਸਟ੍ਰੇਲੀਆ 1969-70: 20.57 ਦੀ ਔਸਤ ਨਾਲ 21 ਵਿਕਟਾਂ।

ਭਾਰਤ ਬਨਾਮ ਇੰਗਲੈਂਡ 1972-73: 25.28 ਦੀ ਔਸਤ ਨਾਲ 25 ਵਿਕਟਾਂ।

ਭਾਰਤ ਵੈਸਟਇੰਡੀਜ਼ ਵਿੱਚ 1975-1976: 25.33 'ਤੇ 18 ਵਿਕਟਾਂ।

ਭਾਰਤ ਬਨਾਮ ਨਿਊਜ਼ੀਲੈਂਡ 1976-77: 13.18 ਦੀ ਔਸਤ ਨਾਲ 22 ਵਿਕਟਾਂ।

ਭਾਰਤ ਬਨਾਮ ਇੰਗਲੈਂਡ 1976-77: 22.96 ਦੀ ਔਸਤ ਨਾਲ 25 ਵਿਕਟਾਂ।

ਭਾਰਤ ਆਸਟਰੇਲੀਆ ਵਿੱਚ 1977-78: 23.87 'ਤੇ 31 ਵਿਕਟਾਂ।

1976 ਵਿੱਚ ਕਪਤਾਨ ਬਣਾਇਆ

ਬਿਸ਼ਨ ਸਿੰਘ ਬੇਦੀ ਨੂੰ 1976 ਵਿੱਚ ਮਨਸੂਰ ਅਲੀ ਖਾਨ ਪਟੌਦੀ ਦੇ ਬਾਅਦ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਬਣਾਇਆ ਗਿਆ ਸੀ। ਉਨ ਾਂ ਦੀ ਕਪਤਾਨੀ ਵਿੱਚ ਹੀ ਭਾਰਤ ਨੇ ਪੋਰਟ ਆਫ ਸਪੇਨ ਵਿੱਚ ਸ਼ਕਤੀਸ਼ਾਲੀ ਵੈਸਟਇੰਡੀਜ਼ ਖ਼ਿਲਾਫ਼ ਚੌਥੀ ਪਾਰੀ ਵਿੱਚ ਰਿਕਾਰਡ 406 ਦੌੜਾਂ ਬਣਾ ਕੇ ਟੈਸਟ ਮੈਚ ਜਿੱਤ ਲਿਆ ਸੀ। ਇਸ ਤੋਂ ਬਾਅਦ ਨਿਊਜ਼ੀਲੈਂਡ ਖਿਲਾਫ ਘਰੇਲੂ ਸੀਰੀਜ਼ 'ਚ ਜਿੱਤ ਦਰਜ ਕੀਤੀ। ਪਰ ਫਿਰ ਇੰਗਲੈਂਡ, ਆਸਟ੍ਰੇਲੀਆ ਅਤੇ ਪਾਕਿਸਤਾਨ ਵਰਗੀਆਂ ਟੀਮਾਂ ਖ਼ਿਲਾਫ਼ ਲਗਾਤਾਰ ਹਾਰਾਂ ਤੋਂ ਬਾਅਦ ਉਨ੍ਹਾਂ ਦੀ ਜਗ੍ਹਾ ਸੁਨੀਲ ਗਾਵਸਕਰ ਨੂੰ ਕਪਤਾਨ ਬਣਾਇਆ ਗਿਆ। ਉਹ 22 ਟੈਸਟਾਂ ਵਿੱਚ ਭਾਰਤ ਦੇ ਕਪਤਾਨ ਸਨ।

**ਭਾਰਤੀ ਟੀਮ ਦੇ ਕੋਚ**

ਬਿਸ਼ਨ ਸਿੰਘ ਬੇਦੀ ਨੇ ਅੰਤਰਰਾਸ਼ਟਰੀ ਕੈਰੀਅਰ ਨੂੰ ਅਲਵਿਦਾ ਕਹਿਣ ਤੋਂ ਬਾਅਦ ਕੋਚ ਵਜੋਂ ਵੀ ਕੰਮ ਕੀਤਾ। ਬਿਸ਼ਨ ਸਿੰਘ ਨੇ ਟੀਮ ਇੰਡੀਆ ਲਈ ਕਈ ਨੌਜਵਾਨ ਖਿਡਾਰੀਆਂ ਨੂੰ ਤਿਆਰ ਕੀਤਾ, ਜਿਨ੍ਹਾਂ ਵਿੱਚ ਮੁਰਲੀ ਕਾਰਤਿਕ ਵਰਗੇ ਵੱਡੇ ਨਾਂ ਵੀ ਸ਼ਾਮਲ ਸਨ। (ਬਾਕੀ ਸਫ਼ਾ 30 'ਤੇ)

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੇਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ * Living Trust
* ਫੈਮਲੀ ਪਟੀਸ਼ਨ * Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮਸਤੂਆਣਾ ਸਾਹਿਬ ਦੇ ਮੁਖੀ ਪ੍ਰਬੰਧਕਾਂ ਨੂੰ ਸੰਗਤ ਵੱਲੋਂ ਹੁਕਮ, ਜੋੜ ਮੇਲੇ ਦਾ ਮਾਹੌਲ ਹੋਵੇ ਗੁਰਮਤਿ ਅਨੁਸਾਰ









ਸੰਤ ਅਤਰ ਸਿੰਘ ਜੀ ਨਾਲ ਸਬੰਧਿਤ ਅਸਥਾਨ ਮਸਤੂਆਣਾ ਸਾਹਿਬ ਵਿਖੇ ਸਲਾਨਾ ਜੋੜ ਮੇਲੇ ਦੇ ਸੁਧਾਰਾਂ ਸਬੰਧੀ ਪਿਛਲੇ ਕੁਝ ਸਮੇਂ ਤੋਂ ਨੇੜਲੇ ਪਿੰਡਾਂ ਦੀ ਸੰਗਤ ਸਰਗਰਮ ਹੈ। ਸੰਗਤ ਵੱਲੋਂ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਜੋੜ ਮੇਲੇ ਦਾ ਮਹੌਲ ਗੁਰਮਤਿ ਰਵਾਇਤਾਂ ਤੋਂ ਹੌਲੀ-ਹੌਲੀ ਦੂਰ ਹੁੰਦਾ ਹੋਇਆ ਦੁਨਿਆਵੀ ਮੇਲੇ ਦੀ ਤਰ੍ਹਾਂ ਹੀ ਬਣਦਾ ਜਾ ਰਿਹਾ ਹੈ। ਜੋੜ ਮੇਲੇ ਮੌਕੇ ਲੱਗਦੇ ਬਜ਼ਾਰ, ਸਪੀਕਰ, ਝੂਲੇ ਆਦਿ ਸੰਤ ਅਤਰ ਸਿੰਘ ਜੀ ਦੀ ਭਾਵਨਾ ਮੁਤਾਬਿਕ ਬਿਲਕੁਲ ਨਹੀਂ ਹਨ। ਇਸ ਔਕੜ ਦਾ ਹੱਲ ਕੱਢਣ ਲਈ ਸਿੱਖ ਜਥਾ ਮਾਲਵਾ ਵੱਲੋਂ ਪਿੰਡ-ਪਿੰਡ ਜਾ ਕੇ ਸੰਗਤ ਨਾਲ ਵਿਚਾਰਾਂ ਕੀਤੀਆਂ ਗਈਆਂ। ਇਸੇ ਦੌਰਾਨ ਨੇੜਲੇ ਪੰਜਾਹ ਪਿੰਡਾਂ/ਥਾਂਵਾਂ ਦੀ ਸੰਗਤ ਵੱਲੋਂ ਮਤੇ ਪਾਏ ਗਏ ਸਨ। ਅੱਜ ਸੰਗਤ ਵੱਲੋਂ ਮਸਤੂਆਣਾ ਸਾਹਿਬ ਦੇ ਮੁੱਖ ਪ੍ਰਬੰਧਕ, ਜਿਨ੍ਹਾਂ ਵਿੱਚ ਸ. ਜਸਵੰਤ ਸਿੰਘ ਖਹਿਰਾ (ਸਕੱਤਰ ਅਕਾਲ ਕਾਲਜ ਕੌਂਸਲ), ਬਾਬਾ ਹਰਬੇਅੰਤ ਸਿੰਘ (ਮੁੱਖ ਸੇਵਾਦਾਰ, ਗੁਰਦੁਆਰਾ ਸਾਹਿਬ ਮਾਤਾ ਭੋਲੀ ਕੌਰ ਜੀ) ਅਤੇ ਬਾਬਾ ਦਰਸ਼ਨ ਸਿੰਘ (ਮੁੱਖ ਸੇਵਾਦਾਰ, ਗੁਰਦੁਆਰਾ ਅੰਗੀਠਾ ਸਾਹਿਬ) ਸ਼ਾਮਲ ਹਨ, ਨੂੰ ਲਿਖਤੀ ਹੁਕਮ ਅਤੇ ਮਤੇ ਦੀਆਂ ਕਾਪੀਆਂ ਸੌਂਪੀਆਂ ਗਈਆਂ।

ਸੰਗਤ ਵੱਲੋਂ ਪ੍ਰਬੰਧਕਾਂ ਨੂੰ ਹੁਕਮ ਕੀਤੇ ਗਏ ਕਿ ਜੋੜ ਮੇਲੇ ’ਤੇ ਗੁਰਮਤਿ ਤੋਂ ਉਲਟ ਬਜ਼ਾਰ, ਦੁਕਾਨ, ਚੰਡੋਲਾ, ਝੂਲੇ ਆਦਿ ਨਾ ਹੋਣ ਜਾਂ ਘੱਟੋ ਘੱਟ ਮਸਤੂਆਣਾ ਸਾਹਿਬ ਦੀ ਹਦੂਦ ਤੋਂ ਬਾਹਰ ਹੋਣ। ਨਾਲ ਹੀ ਪੰਡਾਲ ਅਤੇ ਲੰਗਰਾਂ ਵਿੱਚ ਲੱਗਦੇ ਸਪੀਕਰਾਂ ਦੀ ਆਵਾਜ਼ ਸਿਰਫ਼ ਉਥੇ ਤੱਕ ਸੀਮਤ ਹੋਵੇ। ਜੋੜ ਮੇਲੇ ਵਿੱਚ ਟਰੈਕਟਰਾਂ ਅਤੇ ਹੋਰ ਸਾਧਨਾਂ ਉੱਤੇ ਲੱਗਦੇ ਡੈਕ ਮੁਕੰਮਲ ਬੰਦ ਹੋਣ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ ਵਿੱਚ ਹੁੱਲੜਬਾਜ਼ਾਂ ਨਾਲ ਹੋਈ ਝੜਪ ਵਿੱਚ ਇੱਕ ਨਿਹੰਗ ਸਿੰਘ ਦੀ ਮੌਤ ਹੋਈ ਸੀ। ਮਸਤੂਆਣਾ ਸਾਹਿਬ ਜੋੜ ਮੇਲੇ ਵਿੱਚ ਵੀ ਅਜਿਹੀ ਕਿਸੇ ਘਟਨਾ ਨੂੰ ਹੋਣ ਤੋਂ ਰੋਕਣ ਲਈ ਅਤੇ ਜੋੜ ਮੇਲਿਆਂ ਵਿੱਚ ਬਣਦੇ ਮਾਹੌਲ ਨੂੰ ਗੁਰਮਤਿ ਅਨੁਸਾਰੀ ਕਰਨ ਲਈ ਪਿਛਲੇ ਮਹੀਨਿਆਂ ਤੋਂ ਸਰਗਰਮੀ ਚੱਲ ਰਹੀ ਹੈ। ਪਿਛਲੇ ਮਹੀਨੇ ਸਿੱਖ ਜਥਾ ਮਾਲਵਾ ਵੱਲੋਂ ਇਸ ਸਬੰਧੀ ਸੰਗਤਾਂ ਨਾਲ ਸਾਂਝੀ ਰਾਏ ਬਣਾਉਣ ਦੇ ਅਮਲ ਵਜੋਂ ਵਿਚਾਰ ਗੋਸ਼ਟੀ ਕਾਰਵਾਈ ਗਈ ਸੀ ਅਤੇ ਖ਼ਾਲਸੇ ਦੇ ਜੋੜ ਮੇਲਿਆਂ ਦੀ ਵਿਆਖਿਆ ਕਰਦਾ ਇੱਕ ਚਹੁੰ ਵਰਕੀ ਪਰਚਾ ਵੀ ਜਾਰੀ ਕੀਤਾ ਗਿਆ ਸੀ। ਇਸ ਮੌਕੇ ਬਾਬਾ ਹਰਬੇਅੰਤ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਸੰਗਤ ਦਾ ਹੁਕਮ ਸਿਰ ਮੱਥੇ ਪ੍ਰਵਾਨ ਹੈ। ਸੰਗਤ ਦੇ ਹੁਕਮ ਮੁਤਾਬਿਕ ਉਹਨਾਂ ਵੱਲੋਂ ਸੁਧਾਰਾਂ ਸਬੰਧੀ ਪ੍ਰਬੰਧ ਕੀਤੇ ਜਾਣਗੇ। ਬਾਬਾ ਦਰਸ਼ਨ ਸਿੰਘ ਜੀ ਨੇ ਵੀ ਸੰਗਤ ਦਾ ਹੁਕਮ ਪ੍ਰਵਾਨ ਕਰਦਿਆਂ ਕਿਹਾ ਕਿ ਸੁਧਾਰਾਂ ਨੂੰ ਲਾਗੂ ਕਰਨ ਸਬੰਧੀ ਪ੍ਰਬੰਧ ਕੀਤੇ ਜਾਣਗੇ। ਅਕਾਲ ਕਾਲਜ ਕੌਂਸਲ ਸਕੱਤਰ ਸ. ਜਸਵੰਤ ਸਿੰਘ ਖਹਿਰਾ ਵਲੋਂ ਕਿਹਾ ਗਿਆ ਕਿ ਇਹ ਸਾਰੀਆਂ ਗੱਲਾਂ ਗੁਰਮਤਿ ਅਨੁਸਾਰੀ ਹਨ ਅਤੇ ਕੌਂਸਲ ਵੱਲੋਂ ਇਸ ਨੂੰ ਲਾਗੂ ਕਰਨ ਦੀ ਹਾਮੀ ਹੈ। ਉਹਨਾਂ ਕਿਹਾ ਕਿ ਛੇਤੀ ਹੀ ਕੌਂਸਲ ਵੱਲੋਂ ਇਸ ਬਾਰੇ ਮਤਾ ਪਾਇਆ ਜਾਵੇਗਾ। ਨਾਲ ਹੀ ਉਹਨਾਂ ਨੇ ਸੰਗਤੀ ਹੁਕਮਾਂ ਨੂੰ ਲਾਗੂ ਕਰਨ ਲਈ ਸੰਗਤ ਦੇ ਸਹਿਯੋਗ ਦੀ ਮੰਗ ਕੀਤੀ।

ਇਸ ਮੌਕੇ ਭਾਈ ਸਤਪਾਲ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਇੰਦਰਪ੍ਰੀਤ ਸਿੰਘ, ਭਾਈ ਮਲਕੀਤ ਸਿੰਘ, ਭਾਈ ਹਰਪ੍ਰੀਤ ਸਿੰਘ, ਜਥੇਦਾਰ ਗੁਰਦੀਪ ਸਿੰਘ ਕਾਲਾਝਾੜ, ਅਮਨਪ੍ਰੀਤ ਸਿੰਘ, ਭਾਈ ਬਲਕਾਰ ਸਿੰਘ, ਸਃ ਹਰਮਨਦੀਪ ਸਿੰਘ, ਭਾਈ ਪਰਵਿੰਦਰ ਸਿੰਘ, ਸਃ ਨਪਿੰਦਰ ਸਿੰਘ, ਭਾਈ ਰਣਜੀਤ ਸਿੰਘ, ਭਾਈ ਗੁਰਤੇਜ ਸਿੰਘ, ਭਾਈ ਮੱਖਣ ਸਿੰਘ, ਭਾਈ ਗਿਆਨ ਸਿੰਘ ਕੂੰਨਰਾਂ, ਮਨਜਿੰਦਰ ਸਿੰਘ ਲਿੱਦੜਾ, ਕਰਨਵੀਰ ਸਿੰਘ ਚੰਗਾਲ, ਸਤਨਾਮ ਸਿੰਘ ਬੇਨੜਾ ਸਮੇਤ ਮਸਤੂਆਣਾ ਸਾਹਿਬ ਨਾਲ ਜੁੜੇ ਤਕਰੀਬਨ 50 ਪਿੰਡਾਂ ਦੇ ਨੁਮਾਇੰਦੇ ਅਤੇ ਲੰਗਰ ਕਮੇਟੀਆਂ ਤੋਂ ਸੇਵਾਦਾਰ ਮੌਜੂਦ ਸਨ।

# ਜਥੇਦਾਰ ਅਕਾਲ ਤਖ਼ਤ ਵੱਲੋਂ ਦਲੀਪ ਸਿੰਘ ਨਾਮਧਾਰੀ ਦੀ ਸਿੱਖ ਕੌਮ ਵਿਰੋਧੀ ਟਿੱਪਣੀ ਉੱਪਰ ਸਖ਼ਤ ਪ੍ਰਤੀਕਰਮ

## ਸਿੱਖੀ ਵਿਰੁੱਧ ਗੁਮਰਾਹਕੁੰਨ ਪ੍ਰਚਾਰ ਕਰਨ ਵਾਲੇ ਅਨਸਰਾਂ ਨੂੰ ਸਰਕਾਰਾਂ ਨੱਥ ਪਾਉਣ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਸਿੱਖ ਕੌਮ ਉਨ੍ਹਾਂ ਸ਼ਕਤੀਆਂ ਤੋਂ ਸੁਚੇਤ ਰਹੇ ਜੋ ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਸਿੱਖ ਸਿਧਾਂਤਾਂ, ਸਿੱਖੀ ਸਰੂਪ ਅਤੇ ਸਿੱਖ ਰਹਿਤ ਮਰਿਆਦਾ ਪ੍ਰਤੀ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਹਰੇਕ ਸਿੱਖ ਨੂੰ ਇਸ ਗੱਲ ਵਿੱਚ ਰੱਤੀ ਭਰ ਵੀ ਸ਼ੰਕਾ ਨਹੀਂ ਹੈ ਕਿ ਕੇਸ ਸਿੱਖੀ ਦੀ ਮੋਹਰ ਹਨ ਅਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸਿੱਖੀ ਵਿੱਚ ਪ੍ਰਵੇਸ਼ ਕਰਨ ਲਈ ਸਾਬਤ-ਸੂਰਤ ਹੋਣਾ ਲਾਜ਼ਮੀ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਦੀ ਮਿਸਾਲ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਭਾਈ ਮਰਦਾਨਾ ਜੀ ਨੂੰ ਕੇਸਾਂ ਦੀ ਹਜਾਮਤ ਨਾ ਕਰਵਾਉਣ ਦੇ ਦਿੱਤੇ ਉਪਦੇਸ਼ ਤੋਂ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਸਿੱਖੀ ਦੀ ਮੋਹਰ ਕਰਾਰ ਦਿੱਤਾ ਅਤੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਨੋਟਿਸ ਵਿਚ ਆਇਆ ਹੈ ਕਿ ਕੁਝ ਡੇਰੇਦਾਰ ਜਾਂ ਸਿੱਖ ਵਿਰੋਧੀ ਵਿਚਾਰਧਾਰਾ ਚਲਾ ਰਹੇ ਲੋਕ ਸਿੱਖ ਧਰਮ ਪ੍ਰਤੀ ਗੁਮਰਾਹਕੁੰਨ ਪ੍ਰਚਾਰ ਕਰਕੇ ਭਰਮ-ਭੁਲੇਖੇ ਖੜ੍ਹੇ ਕਰਨ ਦੇ ਯਤਨ ਕਰ ਰਹੇ ਹਨ ਕਿ ਸਿੱਖ ਬਣਨ ਲਈ ਕੇਸਾਂ ਦੀ ਰਹਿਤ ਲਾਜ਼ਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਮਤ ਨਾਲ ਜੁੜੇ ਲੋਕਾਂ ਨੂੰ ਆਪਣੇ ਵਿਸ਼ਵਾਸਾਂ ਦਾ ਪ੍ਰਚਾਰ ਕਰਨ ਦਾ ਹੱਕ ਹੈ ਪਰ ਜੇਕਰ ਕੋਈ ਸਿੱਖ ਧਰਮ ਸਬੰਧੀ ਗ਼ਲਤ ਬਿਆਨੀ ਕਰਕੇ ਸਿੱਖ ਕੌਮ ਦੀ ਨਿਰਾਲੀ ਪਛਾਣ ’ਤੇ ਹਮਲਾ ਕਰਨ ਦੇ ਯਤਨ ਕਰੇਗਾ ਤਾਂ ਸਿੱਖ ਕੌਮ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਸਿੱਖ ਕੌਮ ਨੂੰ ਅਜਿਹੀਆਂ ਸਿੱਖ ਵਿਰੋਧੀ ਸ਼ਕਤੀਆਂ ਨੂੰ ਪਛਾਨਣ ਤੇ ਉਨ੍ਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ, ਜੋ ਗੁਰਬਾਣੀ ਦੇ ਆਸ਼ੇ, ਸਿੱਖ ਸਿਧਾਂਤਾਂ ਅਤੇ ਸਿੱਖ ਰਹਿਤ ਮਰਿਆਦਾ ਦੇ ਉਲਟ ਗੁਮਰਾਹਕੁੰਨ ਬਿਆਨਬਾਜ਼ੀਆਂ ਕਰਕੇ ਸਿੱਖਾਂ ਨੂੰ ਆਪਣੇ ਆਸ਼ੇ ਅਤੇ ਆਪਣੇ ਅਕੀਦੇ ਤੋਂ ਤੋੜਨ ਦੇ ਯਤਨ ਕਰਦੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਰਕਾਰਾਂ ਨੂੰ ਵੀ ਅਗਾਹ ਕਰਦਿਆਂ ਆਖਿਆ ਕਿ ਸਿੱਖ ਧਰਮ ਸਬੰਧੀ ਗੁਮਰਾਹਕੁੰਨ, ਤੱਥ-ਰਹਿਤ ਅਤੇ ਭੜਕਾਹਟ ਪੈਦਾ ਕਰਨ ਵਾਲਾ ਪ੍ਰਚਾਰ ਕਰਨ ਵਾਲੀਆਂ ਅਤੇ ਸਿੱਖੀ ਦੀ ਨਿਰਾਲੀ ਤੇ ਨਿਆਰੀ ਹੋਂਦ ’ਤੇ ਹਮਲੇ ਕਰਨ ਵਾਲੀਆਂ ਤਾਕਤਾਂ ਨੂੰ ਨੱਥ ਪਾਈ ਜਾਵੇ ਨਹੀਂ ਤਾਂ ਇਹੋ ਜਿਹੇ ਨਾਪਾਕ ਮਨਸੂਬਿਆਂ ਦੇ ਨਤੀਜੇ ਠੀਕ ਨਹੀਂ ਹੋਣਗੇ। ਯਾਦ ਰਹੇ ਨਾਮਧਾਰੀ ਆਗੂ ਦਲੀਪ ਸਿੰਘ ਜੋ ਸੰਘ ਪਰਿਵਾਰ ਦਾ ਕੱਟੜ ਸਮਰਥਕ ਹੈ,ਨੇ ਕਿਹਾ ਸੀ ਕਿ ਸਿੱਖੀ ਕੇਸਾਂ ਤੋਂ ਰਹਿਤ ਵੀ ਹੋ ਸਕਦੀ ਹੈ।

# ਸਤਲੁਜ ਯਮੁਨਾ ਲਿੰਕ ਨਹਿਰ ਦੀ ਕਾਨੂੰਨੀ ਲੜਾਈ ਸਰਕਾਰੀ ਖ਼ਜ਼ਾਨੇ ’ਤੇ ਭਾਰੀ ਪੈਣ ਲੱਗੀ

## ਅਦਾਲਤੀ ਲੜਾਈ 23 ਕਰੋੜ ਵਿੱਚ ਪਈ ਪੰਜਾਬ ਸਰਕਾਰ ਨੂੰ



ਚੰਡੀਗੜ /ਏ.ਟੀ.ਨਿਊਜ਼ : ਸਤਲੁਜ ਯਮੁਨਾ ਲਿੰਕ ਨਹਿਰ ਦੀ ਕਾਨੂੰਨੀ ਲੜਾਈ ਸਰਕਾਰੀ ਖ਼ਜ਼ਾਨੇ ’ਤੇ ਭਾਰੀ ਪੈਣ ਲੱਗੀ ਹੈ ਜਦੋਂਕਿ ਇਹ ਲੜਾਈ ਹਾਲੇ ਤੱਕ ਕਿਸੇ ਤਣ ਪੱਤਣ ਨਹੀਂ ਲੱਗੀ ਹੈ। ਅਹਿਮ ਤੱਥ ਸਾਹਮਣੇ ਆਏ ਹਨ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਸਾਬਕਾ ਐਡਵੋਕੇਟ ਜਨਰਲਾਂ ਨੂੰ ਵੀ ਭਾਰੀ ਫ਼ੀਸਾਂ ਤਾਰੀਆਂ ਗਈਆਂ ਹਨ। ਸੂਬਾ ਸਰਕਾਰ ਪਾਣੀਆਂ ਦੇ ਅਹਿਮ ਮਸਲੇ ਅੱਗੇ ਵਕੀਲਾਂ ਦੀਆਂ ਫ਼ੀਸਾਂ ਨੂੰ ਨਿਗੂਣੀਆਂ ਮੰਨ ਰਹੀ ਹੈ। ਐੱਸ.ਵਾਈ.ਐੱਲ. ਦੇ ਮਾਮਲੇ ’ਤੇ ਪੰਜਾਬ ‘ਕਰੋ ਜਾਂ ਮਰੋ’ ਦੀ ਲੜਾਈ ਲੜ ਰਿਹਾ ਹੈ ਹਾਲਾਂਕਿ ਇਹ ਮਾਮਲਾ ਦਹਾਕਿਆਂ ਤੋਂ ਲਟਕਦਾ ਆ ਰਿਹਾ ਹੈ।

ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੂੰ ਲੰਘੇ ਸਾਢੇ ਸੱਤ ਵਰ੍ਹਿਆਂ ਦੌਰਾਨ ਸਤਲੁਜ ਯਮੁਨਾ ਲਿੰਕ ਨਹਿਰ ਦੀ ਸੁਪਰੀਮ ਕੋਰਟ ਵਿੱਚ ਕਾਨੂੰਨੀ ਲੜਾਈ ਲੜਨ ਵਾਸਤੇ ਵਕੀਲਾਂ ਦੀ ਫ਼ੀਸ ਵਜੋਂ 23.29 ਕਰੋੜ ਅਦਾ ਕਰਨੇ ਪਏ ਹਨ। ਪਹਿਲੀ ਜਨਵਰੀ 2016 ਤੋਂ 31 ਮਈ 2023 ਤੱਕ ਸਿਰਫ਼ 13 ਵਕੀਲਾਂ ਦੇ ਬਿੱਲਾਂ ਦੀ ਰਾਸ਼ੀ ਹੀ 23.29 ਕਰੋੜ ਰੁਪਏ ਬਣ ਗਈ ਹੈ। ਸਰਕਾਰ ਵੱਲੋਂ ਬਹੁਤੇ ਬਿੱਲ ਤਾਰ ਦਿੱਤੇ ਗਏ ਹਨ ਜਦੋਂਕਿ ਬਾਕੀ ਪ੍ਰਕਿਰਿਆ ਅਧੀਨ ਹਨ। ‘ਆਪ’ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ 1.21 ਕਰੋੜ ਦੀ ਅਦਾਇਗੀ ਕੀਤੀ ਹੈ। ਪਿਛਲੀ ਕਾਂਗਰਸ ਸਰਕਾਰ ਸਮੇਂ ਐੱਸ.ਵਾਈ.ਐੱਲ. ਦਾ ਕੇਸ ਲੜਨ ਵਾਲੇ ਵਕੀਲਾਂ ਨੂੰ 6.28 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਬਾਕੀ ਅਦਾਇਗੀ ਕਾਂਗਰਸ ਅਤੇ ਅਕਾਲੀ ਸਰਕਾਰ ਦੇ ਸਮੇਂ ਦੌਰਾਨ ਹੋਈ ਹੈ।

ਖ਼ਾਸ ਗੱਲ ਇਹ ਹੈ ਕਿ ਕੈਪਟਨ ਸਰਕਾਰ ਸਮੇਂ ਤਾਇਨਾਤ ਰਹੇ ਐਡਵੋਕੇਟ ਜਨਰਲ ਅਤੁਲ ਨੰਦਾ ਦਾ ਤਿੰਨ ਵਰ੍ਹਿਆਂ ਦਾ ਬਿੱਲ 60.39 ਲੱਖ ਰੁਪਏ ਦਾ ਬਣਿਆ ਸੀ ਜਦੋਂਕਿ ਮੌਜੂਦਾ ਸਰਕਾਰ ਦੇ ਐਡਵੋਕੇਟ ਜਨਰਲ ਵਿਨੋਦ ਘਈ (ਹੁਣ ਸਾਬਕਾ) ਦਾ ਸੱਤ ਮਹੀਨਿਆਂ ਦਾ ਬਿੱਲ 41 ਲੱਖ ਰੁਪਏ ਦਾ ਬਣਿਆ ਹੈ। ਲੰਘੇ ਸਾਢੇ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ ਫ਼ੀਸ ਸੀਨੀਅਰ ਐਡਵੋਕੇਟ ਆਰ.ਐੱਸ. ਸੂਰੀ ਨੂੰ 5.16 ਕਰੋੜ ਦਿੱਤੀ ਗਈ ਹੈ ਜਦੋਂ ਕਿ ਸੀਨੀਅਰ ਵਕੀਲ ਰਾਮ ਜੇਠ ਮਲਾਨੀ ਨੂੰ ਫ਼ੀਸ ਵਜੋਂ 4.08 ਕਰੋੜ ਰੁਪਏ ਦਿੱਤੇ ਗਏ ਹਨ। ‘ਆਪ’ ਸਰਕਾਰ ਦੇ ਪੌਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਐੱਸ.ਵਾਈ.ਐੱਲ. ਦੇ ਮਾਮਲੇ ’ਤੇ ਸੁਪਰੀਮ ਕੋਰਟ ਵਿੱਚ ਤਿੰਨ ਦਫ਼ਾ ਸੁਣਵਾਈ ਹੋਈ ਹੈ। ਆਖ਼ਰੀ ਸੁਣਵਾਈ ਮੌਕੇ 4 ਅਕਤੂਬਰ ਨੂੰ ਸੁਪਰੀਮ ਕੋਰਟ (ਬਾਕੀ ਸਫ਼ਾ 31 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਕੈਨੇਡਾ ਨੇ ਭਾਈ ਨਿੱਝਰ ਦੇ ਮਸਲੇ ’ਤੇ ਭਾਰਤ ਨੂੰ ਘੇਰਿਆ

## ਕੈਨੇਡੀਅਨ ਵਿਦੇਸ਼ ਮੰਤਰੀ ਦਾ ਦਾਅਵਾ, ਭਾਈ ਨਿੱਝਰ ਦੇ ਕਤਲ ਸਬੰਧੀ ਭਾਰਤੀ ਅਧਿਕਾਰੀਆਂ ਨੂੰ ਪੇਸ਼ ਕੀਤੇ ਸਨ ਸਬੂਤ

### ਭਾਈ ਨਿੱਝਰ ਦੀ ਹੱਤਿਆ ਬਾਰੇ ਟਰੂਡੋ ਦੇ ਦਾਅਵੇ ਨਾਲ ਆਸਟਰੇਲੀਆ ਸਹਿਮਤ



ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਦੁਬਾਰਾ ਭਾਰਤ ਨੂੰ ਭਾਈ ਹਰਦੀਪ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਘੇਰਿਆ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਸੰਸਦ ਵਿੱਚ ਪ੍ਰਧਾਨ ਮੰਤਰੀ ਟਰੂਡੋ ਦੇ ਬਿਆਨ ਦੇਣ ਤੋਂ ਪਹਿਲਾਂ ਕੈਨੇਡਾ ਨੇ ਭਾਰਤ ਸਰਕਾਰ ਨਾਲ ਕਈ ਵਾਰ ਗੱਲਬਾਤ ਕੀਤੀ ਸੀ। ਮੇਲਾਨੀ ਜੌਲੀ ਨੇ ਕਿਹਾ ਕਿ ਭਾਈ ਨਿੱਝਰ ਦੇ ਕਤਲ ਵਿੱਚ ਨਵੀਂ ਦਿੱਲੀ ਦੀ ਸ਼ਮੂਲੀਅਤ ਸਬੰਧੀ ਇਨ ਾਂ ਵਾਰਤਾਲਾਪਾਂ ਵਿੱਚ ਭਾਰਤੀ ਅਧਿਕਾਰੀਆਂ ਨੂੰ ‘ਭਰੋਸੇਯੋਗ ਦੋਸ਼ਾਂ’ ਤੋਂ ਜਾਣੂ ਕਰਵਾਇਆ ਗਿਆ ਸੀ। ਓਟਾਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਜੌਲੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਟਰੂਡੋ ਦੇ ਸਦਨ ਦੇ ਸਾਹਮਣੇ ਜਾਣ ਅਤੇ ਐਲਾਨ ਕਰਨ ਤੋਂ ਪਹਿਲਾਂ ਅਸੀਂ ਭਾਰਤ ਨਾਲ ਕਈ ਵਾਰ ਗੱਲਬਾਤ ਕੀਤੀ ਸੀ। ਇਨ ਾਂ ਵੱਖ-ਵੱਖ ਵਾਰਤਾਲਾਪਾਂ ਰਾਹੀਂ ਭਾਰਤੀ ਅਧਿਕਾਰੀਆਂ ਨੂੰ ਭਰੋਸੇਯੋਗ ਦੋਸ਼ਾਂ ਤੋਂ ਜਾਣੂ ਕਰਵਾਇਆ ਗਿਆ ਸੀ ਤੇ ਜਾਣਕਾਰੀ ਸਾਂਝੀ ਕੀਤੀ ਗਈ ਸੀ।

ਦੂਜੇ ਪਾਸੇ ਆਸਟਰੇਲੀਆ ਦੀ ਸੁਰੱਖਿਆ ਇੰਟੈਲੀਜੈਂਸ ਆਰਗੇਨਾਈਜ਼ੇਸ਼ਨ ਦੇ ਡਾਇਰੈਕਟਰ ਜਨਰਲ ਮਾਈਕ ਬਰਜਸ ਨੇ ਕਿਹਾ ਕਿ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਟਰੂਡੋ ਦੇ ਪੱਖ ਦੀ ਹਮਾਇਤ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਗੰਭੀਰ ਦੋਸ਼ ਹੈ ਅਤੇ ਕਿਸੇ ਵੀ ਮੁਲਕ ਨੂੰ ਅਜਿਹੀ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ ਹੈ। ਬਰਜਸ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਉਹ ਕੈਲੀਫੋਰਨੀਆ ਵਿੱਚ ਫਾਈਵ ਆਈਜ਼ ਇੰਟੈਲੀਜੈਂਸ ਭਾਈਵਾਲਾਂ (ਆਸਟਰੇਲੀਆ, ਅਮਰੀਕਾ, ਬਰਤਾਨੀਆ, ਕੈਨੇਡਾ ਅਤੇ ਨਿਊਜ਼ੀਲੈਂਡ) ਦੀ ਮੀਟਿੰਗ ਵਿੱਚ ਸ਼ਾਮਲ ਸਨ। ਖ਼ੁਫ਼ੀਆ ਅਧਿਕਾਰੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਕਿ ਨਿੱਝਰ ਹੱਤਿਆ ਕਾਂਡ ਦਾ ਮੁੱਦਾ ਮੀਟਿੰਗ ਦੌਰਾਨ ਵਿਚਾਰਿਆ ਗਿਆ ਜਾਂ ਨਹੀਂ ਪਰ ਸੂਤਰਾਂ ਨੇ ਦੱਸਿਆ ਕਿ ਬਰਜਸ ਨੂੰ ਪਿਛਲੇ ਮਹੀਨੇ ਦਿੱਲੀ ਵਿੱਚ ਜੀ-20 ਸਿਖਰ ਸੰਮੇਲਨ ਤੋਂ ਪਹਿਲਾਂ ਇਸ ਦੀ ਜਾਣਕਾਰੀ ਦਿੱਤੀ ਗਈ ਸੀ।

ਭਾਰਤੀ ਏਜੰਟਾਂ ਲਈ ਆਸਟਰੇਲੀਆ ਅਗਲਾ ਨਿਸ਼ਾਨਾ ਹੋਣ ਬਾਰੇ ਬਰਜਸ ਨੇ ਕਿਹਾ ਕਿ ਇਹ ਠੀਕ ਨਹੀਂ ਹੋਵੇਗਾ। ਉਨ ਾਂ ਕਿਹਾ ਕਿ ਜੇਕਰ ਕਿਸੇ ਸਰਕਾਰ ਨੇ ਆਸਟਰੇਲੀਆ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਨਾਲ ਢੁੱਕਵੇਂ ਢੰਗ ਨਾਲ ਸਿੱਝਣਗੇ।

# ਭਾਰਤ ’ਚ ਅਮਰੀਕੀ ਮਨੁੱਖੀ ਅਧਿਕਾਰ ਸੰਗਠਨਾਂ ਦੇ ਐਕਸ ਅਕਾਊਂਟ ’ਤੇ ਲੱਗੀ ਰੋਕ



ਮੋਦੀ ਸਰਕਾਰ ਨੇ ਨਾ ਸਿਰਫ਼ ਭਾਰਤ ਵਿੱਚ ਸੋਸ਼ਲ ਮੀਡੀਆ ਉੱਪਰ ਪਾਬੰਦੀਆਂ ਲਗਾਕੇ ਜਮਹੂਰੀਅਤ ਤੇ ਪ੍ਰੈਸ ਅਜ਼ਾਦੀ ਦਾ ਘਾਣ ਕੀਤਾ ਹੈ,ਉਥੇ ਹੁਣ ਵਿਦੇਸ਼ਾਂ ਵਿੱਚ ਕੰਮ ਕਰ ਰਹੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸੋਸ਼ਲ ਮੀਡੀਆ ਹੈਂਡਲਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ। ਇਸਦੀ ਇੱਕ ਤਾਜ਼ਾ ਉਦਾਹਰਨ ਭਾਰਤ ਵਿੱਚ ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈਏਐਮਸੀ) ਅਤੇ ਹਿੰਦੂਜ਼ ਫਾਰ ਹਿਊਮਨ ਰਾਈਟਸ (ਐਚ ਐਫ ਐਚ ਆਰ) ਦੇ ਐਕਸ ( ਟਵਿੱਟਰ) ਖਾਤਿਆਂ ’ਤੇ ਪਾਬੰਦੀ ਹੈ। ਐਕਸ ਨੇ ਭਾਰਤ ਸਰਕਾਰ ਦੀ ਕਾਨੂੰਨੀ ਮੰਗ ਦੇ ਆਧਾਰ ’ਤੇ ਅਜਿਹਾ ਕੀਤਾ ਹੈ। ਅਮਰੀਕਾ ਵਿੱਚ ਸਰਗਰਮ ਇਹ ਦੋਵੇਂ ਜਥੇਬੰਦੀਆਂ ਭਾਰਤ ਸਰਕਾਰ ਦੀਆਂ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ’ਤੇ ਸਵਾਲ ਉਠਾਉਂਦੀਆਂ ਰਹੀਆਂ ਹਨ। 14 ਅਕਤੂਬਰ ਨੂੰ, ਆਈ.ਏ.ਐਮ.ਸੀ. ਅਤੇ ਐਚ. ਐਫ. ਐਚ. ਆਰ. ਨੂੰ ਪਤਾ ਲੱਗਾ ਕਿ ਭਾਰਤ ਵਿੱਚ ਉਹਨਾਂ ਦੇ ਐਕਸ ਅਕਾਊਂਟ ਭਾਰਤ ਸਰਕਾਰ ਦੀ ਕਾਨੂੰਨੀ ਮੰਗ ਦੇ ਕਾਰਨ ਫ੍ਰੀਜ਼ ਕਰ ਦਿੱਤੇ ਗਏ ਹਨ। ਮੁਅੱਤਲੀ ਦੇ ਦੋ ਦਿਨ ਬਾਅਦ, ਬਹੁਤ ਸਾਰੇ ਔਨਲਾਈਨ ਫੋਰਮਾਂ ਨੂੰ ਸੈਂਸਰ ਕਰਨ ਲਈ ਭਾਰਤ ਸਰਕਾਰ ਦੇ ਵਿਆਪਕ ਅਤੇ ਸਖ਼ਤ ਸੂਚਨਾ ਤਕਨਾਲੋਜੀ ਐਕਟ 2000 ਦੀ ਵਰਤੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਐਕਸ ਦੀ ਇਸ ਕਾਰਵਾਈ ਨੂੰ ਲੋਕਤੰਤਰ ਦਾ ਅਪਮਾਨ (ਬਾਕੀ ਸਫ਼ਾ 30 ’ਤੇ)

# ਇਜ਼ਰਾਈਲ-ਹਮਾਸ ਜੰਗ ਦੌਰਾਨ ਤੇਲ ਦੀ ਸਪਲਾਈ ਵਿੱਚ ਵਿਘਨ

## ਤੇਲ ਦੀਆਂ ਕੀਮਤਾਂ ਵਧਣਗੀਆਂ, ਮਹਿੰਗਾਈ ਵਧੇਗੀ




ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਦਰਮਿਆਨ ਮੌਜੂਦਾ ਸੰਕਟ ਕਾਰਨ ਪੂਰੇ ਮੱਧ ਪੂਰਬ ਵਿੱਚ ਹਾਹਾਕਾਰ ਮਚੀ ਹੋਈ ਹੈ। ਇਸ ਕਾਰਨ ਭਵਿੱਖ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਅੱਗ ਲੱਗ ਸਕਦੀ ਹੈ। ਇਸ ਕਾਰਨ ਗੈਸ ਪੰਪਾਂ ’ਤੇ ਲੰਬੀਆਂ ਕਤਾਰਾਂ ਲੱਗਣ ਦੇ ਵੀ ਕਿਆਸ ਲਾਏ ਜਾ ਰਹੇ ਹਨ। ਇਸ ਦੌਰਾਨ ਮਾਹਿਰਾਂ ਨੇ ਵੱਡੀ ਗੱਲ ਕਹੀ ਹੈ। ਤੇਲ ਦੀ ਸਪਲਾਈ ਵਿੱਚ ਵਿਘਨ ਦੀਆਂ ਰਿਪੋਰਟਾਂ ਦੇ ਵਿਚਾਲੇ ਮਾਹਿਰਾਂ ਨੇ ਜੋ ਕਿਹਾ ਹੈ ਉਹ ਹੈਰਾਨੀਜਨਕ ਹੈ। ਜਾਣਕਾਰੀ ਮੁਤਾਬਕ 1973 ਦੀ ਅਰਬ ਤੇਲ ਪਾਬੰਦੀ ਦੇ 50 ਸਾਲ ਬਾਅਦ ਪੱਛਮੀ ਏਸ਼ੀਆ ਵਿੱਚ ਮੌਜੂਦਾ ਸੰਕਟ ਕਾਰਨ ਵਿਸ਼ਵ ਪੱਧਰ ’ਤੇ ਤੇਲ ਸਪਲਾਈ ਵਿੱਚ ਵਿਘਨ ਪੈਣ ਅਤੇ ਕੀਮਤਾਂ ਵਧਣ ਦੀ ਸੰਭਾਵਨਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਗੈਸ ਪੰਪਾਂ ’ਤੇ ਜ਼ਿਆਦਾ ਕੀਮਤ ਵਧਣ ਅਤੇ ਲੰਬੀਆਂ ਕਤਾਰਾਂ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਇੰਟਰਨੈਸ਼ਨਲ ਐਨਰਜੀ ਏਜੰਸੀ (ਆਈਈਏ) ਦੇ ਮੁਖੀ ਨੇ ਕਿਹਾ ਕਿ ਸਾਊਦੀ ਅਰਬ ਅਤੇ ਰੂਸ ਤੋਂ ਤੇਲ ਉਤਪਾਦਨ ਵਿੱਚ ਕਟੌਤੀ ਦੀਆਂ ਉਮੀਦਾਂ ਅਤੇ ਚੀਨ ਤੋਂ ਮਜ਼ਬੂਤ ਮੰਗ ਦੇ ਬਾਅਦ ਇਜ਼ਰਾਈਲ-ਹਮਾਸ ਯੁੱਧ ਸਪੱਸ਼ਟ ਤੌਰ ’ਤੇ ਤੇਲ ਬਾਜ਼ਾਰਾਂ ਲਈ ਚੰਗੀ ਖ਼ਬਰ ਨਹੀਂ ਹੈ।

ਪੈਰਿਸ ਸਥਿਤ ਆਈਈਏ ਦੇ ਕਾਰਜਕਾਰੀ ਨਿਰਦੇਸ਼ਕ ਫਤਿਹ ਬਿਰੋਲ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਬਾਜ਼ਾਰ ਅਸਥਿਰ ਰਹਿਣਗੇ ਅਤੇ ਜੰਗੀ ਮਾਹੌਲ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ, ਜੋ ਕਿ ਮਹਿੰਗਾਈ ਲਈ ਨਿਸ਼ਚਤ ਤੌਰ ’ਤੇ ਬੁਰੀ ਖ਼ਬਰ ਹੈ। ਵਿਕਾਸਸ਼ੀਲ ਦੇਸ਼ ਜੋ ਕਣਕ ਦੀ ਦਰਾਮਦ ਕਰਦੇ ਹਨ, ਤੇਲ ਦੀਆਂ ਉਚ ਕੀਮਤਾਂ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। 6 ਅਕਤੂਬਰ ਨੂੰ, ਜਿਸ ਦਿਨ ਹਮਾਸ ਦੇ ਜਿਹਾਦੀਆਂ ਨੇ ਇਜ਼ਰਾਈਲ ’ਤੇ ਹਮਲਾ ਕੀਤਾ ਸੀ, ਉਸ ਦਿਨ ਗਲੋਬਲ ਆਇਲ ਸਟੈਂਡਰਡ ਬ੍ਰੈਂਟ ਕਰੂਡ ਦੀ ਕੀਮਤ 85 ਡਾਲਰ ਪ੍ਰਤੀ ਬੈਰਲ ਸੀ, ਜੋ ਵੀਰਵਾਰ ਨੂੰ 91 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਸੀ। ਹਮਲੇ ਤੋਂ ਬਾਅਦ ਕੀਮਤਾਂ ਵਿੱਚ ਉਤਰਾਅ-ਚੜ ਾਅ ਕਾਰਨ ਤੇਲ ਦੀਆਂ ਕੀਮਤਾਂ 96 ਡਾਲਰ ਤੱਕ ਪਹੁੰਚ ਗਈਆਂ ਹਨ।

# ਮੋਦੀ ਰਾਜ ਦੌਰਾਨ ਭਾਰਤ ਦੀ ਅਰਥ-ਵਿਵਸਥਾ ਤਬਾਹੀ ਵੱਲ

## ਪੈਟਰੋਲ, ਡੀਜ਼ਲ ਤੇ ਗੈਸ ’ਤੇ ਟੈਕਸ ਵਧਾ ਕੇ ਇਕੱਠਾ ਕੀਤਾ ਗਿਆ ਧਨ ਮੋਦੀ ਦੇ ਮਿੱਤਰ ਕਾਰਪੋਰੇਟਾਂ ਨੂੰ ਵੰਡ ਦਿੱਤਾ



ਮੋਦੀ ਰਾਜ ਦੌਰਾਨ ਦੇਸ਼ ਦੀ ਅਰਥ-ਵਿਵਸਥਾ ਦਾ ਘਾਣ ਹੋ ਚੁੱਕਾ ਹੈ । ਪੈਟਰੋਲ, ਡੀਜ਼ਲ ਤੇ ਗੈਸ ’ਤੇ ਟੈਕਸ ਵਧਾ ਕੇ ਇਕੱਠਾ ਕੀਤਾ ਗਿਆ ਧਨ ਮੋਦੀ ਦੇ ਮਿੱਤਰ ਕਾਰਪੋਰੇਟਾਂ ਨੂੰ ਝੋਲੀਆਂ ਭਰ-ਭਰ ਕੇ ਵੰਡ ਦਿੱਤਾ ਗਿਆ ਹੈ। ਸਿੱਟੇ ਵਜੋਂ ਮਹਿੰਗਾਈ ਨੇ ਆਮ ਲੋਕਾਂ ਦਾ ਜੀਣਾ ਦੁੱਭਰ ਕਰ ਦਿੱਤਾ ਹੈ। ਪਿਛਲੇ ਦੋ ਦਿਨਾਂ ਦੌਰਾਨ ਮੀਡੀਆ ਦੇ ਕੁਝ ਹਿੱਸਿਆਂ ਵਿੱਚ ਇਹ ਅੱਖਾਂ ਖੋਲ ਣ ਵਾਲੀ ਖ਼ਬਰ ਛਪੀ ਹੈ ਕਿ ਮੋਦੀ ਰਾਜ ਦੇ 9 ਸਾਲਾਂ ਦੌਰਾਨ ਵੱਡੇ ਧਨ-ਕੁਬੇਰਾਂ ਦਾ 25 ਲੱਖ ਕਰੋੜ ਰੁਪਏ ਦਾ ਕਰਜ਼ਾ ਵੱਟੇ-ਖਾਤੇ ਪਾ ਦਿੱਤਾ ਗਿਆ ਹੈ । ਗੁਜਰਾਤ ਦੇ ਸਮਾਜਿਕ ਕਾਰਕੁਨ ਸੰਜੇ ਏਝਾਵਾ ਵੱਲੋਂ ਸੂਚਨਾ ਅਧਿਕਾਰ ਅਧੀਨ ਮੰਗੀ ਗਈ ਜਾਣਕਾਰੀ ਦੇ ਜਵਾਬ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ (ਆਰ ਬੀ ਆਈ) ਨੇ ਇਹ ਅੰਕੜੇ ਪੇਸ਼ ਕੀਤੇ ਹਨ। ਹੁਣ ਤੱਕ ਇਹੋ ਅੰਦਾਜ਼ਾ ਸੀ ਕਿ ਵੱਟੇ-ਖਾਤੇ ਪਾਈ ਗਈ ਰਕਮ 10 ਤੋਂ 15 ਲੱਖ ਕਰੋੜ ਹੋ ਸਕਦੀ ਹੈ। ਇਨ੍ਹਾਂ ਅੰਕੜਿਆਂ ਤੋਂ ਸਾਹਮਣੇ ਆਇਆ ਹੈ ਕਿ ਇਹ ਰਕਮ ਅੰਦਾਜ਼ੇ ਤੋਂ ਕਿਤੇ ਵੱਧ ਕਰੀਬ 25 ਲੱਖ ਕਰੋੜ ਰੁਪਏ ਹੈ। ਏਨੀ ਵੱਡੀ ਰਕਮ ਨੂੰ ਵੱਟੇ-ਖਾਤੇ ਪਾਉਣ ਨੇ ਭਾਰਤ ਦੀ ਆਰਥਿਕਤਾ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ । ਆਰ ਬੀ ਆਈ ਤੋਂ ਮਿਲੀ ਜਾਣਕਾਰੀ ਅਨੁਸਾਰ ਮੋਦੀ ਰਾਜ ਦੇ ਦੋ ਕਾਰਜਕਾਲਾਂ ਦੌਰਾਨ 2014 ਤੋਂ 2023 ਤੱਕ ਜਨਤਕ ਖੇਤਰ ਦੇ ਬੈਂਕਾਂ ਨੂੰ 10.41 ਲੱਖ ਕਰੋੜ ਤੇ ਵਪਾਰਕ ਬੈਂਕਾਂ ਨੂੰ 14.53 ਲੱਖ ਕਰੋੜ ਦੇ ਕਰਜ਼ਿਆਂ ਨੂੰ ‘ਰਾਈਟ ਆਫ਼’ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਪੂਰੀ ਰਕਮ ਦਾ ਜੋੜ 24.94 ਲੱਖ ਕਰੋੜ ਬਣਦਾ ਹੈ। ਆਰ ਬੀ ਆਈ ਨੇ ਸਿਰਫ਼ ਰਕਮਾਂ ਦਾ ਖੁਲਾਸਾ ਕੀਤਾ ਹੈ, ਡਿਫਾਲਟਰ ਧਨ-ਕੁਬੇਰਾਂ ਦਾ ਨਾਂਅ ਦੱਸਣ ਤੋਂ ਗੁਰੇਜ਼ ਕੀਤਾ ਹੈ। ਭਾਰਤੀ ਰਿਜ਼ਰਵ ਬੈਂਕ ਦੀ ਕਰਜ਼ਦਾਰਾਂ ਦੇ ਅੰਕੜੇ ਇਕੱਠੇ ਕਰਨ ਵਾਲੀ ਸੰਸਥਾ ਸੀ. ਆਰ. ਆਈ. ਐੱਲ. ਸੀ. ਨੇ ਦੱਸਿਆ ਸੀ ਕਿ ਇਹ ਮਾਫੀਨਾਮੇ ਵਾਲੇ ਕਰਜ਼ਦਾਰ 5 ਕਰੋੜ ਤੋਂ ਵੱਧ ਵਾਲੇ 4 ਹਜ਼ਾਰ ਦੇ ਕਰੀਬ ਹਨ।

# ਦਰਿਆਈ ਪਾਣੀਆਂ ਦੀ ਵੰਡ ’ਚ ਹੋਏ ਕੇਂਦਰ ਦੇ ਧੋਖੇ ਨੂੰ ਨਹੀਂ ਸਮਝ ਰਹੀ ਮਾਨ ਸਰਕਾਰ

## ਡਾ. ਸੰਦੀਪ ਪਾਠਕ ਰਿਪੇਰੀਅਨ ਕਾਨੂੰਨ ਨੂੰ ਸਮਝਣ



ਪੰਜਾਬ ਦੇ ਪਾਣੀਆਂ ਦੇ ਮਾਮਲੇ ’ਤੇ ਪੰਜਾਬ ਤੋਂ ਹੀ ਰਾਜ ਸਭਾ ਦੇ ਮੈਂਬਰ ਡਾ. ਸੰਦੀਪ ਪਾਠਕ ਦਾ ਪਾਣੀਆਂ ਦੇ ਮਸਲੇ ਉੱਪਰ ਪੰਜਾਬ ਵਿਰੋਧੀ ਬਿਆਨ ਪੰਜਾਬੀਆਂ ਨੂੰ ਜ਼ਖਮ ਦੇਣ ਵਾਲਾ ਹੈ। ਸੰਦੀਪ ਪਾਠਕ ਦੇ ਹਰਿਆਣਾ ਵਿੱਚ ਦਿੱਤੇ ਇੱਕ ਬਿਆਨ ਕਾਰਨ ਆਪ ਪਾਰਟੀ ਦੀ ਪੰਜਾਬ ਵਿਰੋਧੀ ਨੀਤੀ ਸਾਹਮਣੇ ਆ ਗਈ ਹੈ। ਸੰਦੀਪ ਪਾਠਕ ਨੇ ਕਿਹਾ ਸੀ ਕਿ ਐਸ.ਵਾਈ.ਐਲ. ਨਹਿਰ ਵਿਚੋਂ ਹਰਿਆਣਾ ਨੂੰ ਉਸ ਦਾ ਹਿੱਸਾ ਮਿਲਣਾ ਚਾਹੀਦਾ ਹੈ ਅਤੇ ਪੰਜਾਬ ਨੂੰ ਵੀ ਉਸ ਦਾ ਆਪਣਾ ਹਿੱਸਾ। ਸੰਦੀਪ ਪਾਠਕ ਨੇ ਕਿਹਾ ਸੀ ਕਿ ਐਸ.ਵਾਈ.ਐਲ. ਸਿਰਫ਼ ਇੱਕ ਸਿਆਸੀ ਮੁੱਦਾ ਹੈ। ਜਦੋਂ ਚੋਣਾਂ ਨਜ਼ਦੀਕ ਆਉਂਦੀਆਂ ਹਨ ਤਾਂ ਇਸ ਮੁੱਦੇ ’ਤੇ ਸਿਆਸਤ ਕਰਨ ਸ਼ੁਰੂ ਕਰ ਦਿੱਤੀ ਜਾਂਦੀ ਹੈ। ਲਗਭਗ ਇਹੀ ਸਟੈਂਡ ਆਪ ਸੁਪਰੀਮੋ ਕੇਜਰੀਵਾਲ ਦਾ ਹੈ। ਰਾਜ ਸਭਾ ਮੈਂਬਰ ਸੰਦੀਪ ਪਾਠਕ ਦੇ ਇਸ ਬਿਆਨ ਤੋਂ ਬਾਅਦ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ ਾ ਕਰ ਦਿੱਤਾ ਹੈ। ਛੱਤੀਸਗੜ ਵਿੱਚ ਜਨਮੇ ਡਾ. ਸੰਦੀਪ ਪਾਠਕ ਨੂੰ ਸਿਰਫ਼ ਪੰਜਾਬ ਤੋਂ ਰਾਜ ਸਭਾ ਦਾ ਮੈਂਬਰ ਹੀ ਨਹੀਂ ਬਣਾਇਆ ਗਿਆ, ਉਹ ‘ਆਪ’ ਦੇ ਪੰਜਾਬ ਦੇ ਸਹਾਇਕ ਇੰਚਾਰਜ ਵੀ ਹਨ। ਉਹ ਪੰਜਾਬ ’ਤੇ ਹਕੂਮਤ ਕਰ ਰਹੀ ਪਾਰਟੀ, ਜਿਸ ਦੇ ਸਿਰ ਇਸ ਵੇਲੇ ਪੰਜਾਬ ਦੇ ਹਿਤਾਂ ਦੀ ਰਾਖੀ ਦੀ ਜ਼ਿੰਮੇਵਾਰੀ ਹੈ, ਦੇ ਜਨਰਲ ਸਕੱਤਰ ( ਸੰਗਠਨ ) ਹਨ। ਉਹ ਆਮ ਆਦਮੀ ਪਾਰਟ ਵਿੱਚ ਅਰਵਿੰਦ ਕੇਜਰੀਵਾਲ ਤੋਂ ਬਾਅਦ ਸਭ ਤੋਂ ਵੱਧ ਤਾਕਤਵਰ ਨੇਤਾ ਹਨ। ਉਹ ਗੁਜਰਾਤ ਦੇ ਵੀ ਇੰਚਾਰਜ ਹਨ ਤੇ ਹਿਮਾਚਲ ਦੇ ਕੋ-ਇੰਚਾਰਜ਼ ਵੀ ਹਨ।

(ਬਾਕੀ ਸਫ਼ਾ 30 ’ਤੇ)

## ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਸਿੰਘ ਬੰਗਾ ਨੇ ਦਿੱਤੀ ਚਿਤਾਵਨੀ

# ਇਜ਼ਰਾਈਲ-ਹਮਾਸ ਜੰਗ ਕਾਰਨ ਆਰਥਿਕ ਤਬਾਹੀ ਹੋਵੇਗੀ

**ਰਜਿੰਦਰ ਸਿੰਘ ਪੁਰੇਵਾਲ**

ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਦੇ ਦੁਨੀਆਂ ਉਪਰ ਮੰਡਰਾ ਰਹੇ ਆਰਥਿਕ ਖ਼ਤਰਿਆਂ ਬਾਰੇ ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਸਿੰਘ ਬੰਗਾ ਨੇ ਮੰਗਲਵਾਰ ਨੂੰ ਸਾਊਦੀ ਅਰਬ ਵਿਚ ਇਕ ਸਮਾਗਮ ਵਿਚ ਕਿਹਾ ਸੀ ਕਿ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਕਾਰਣ ਵਿਸ਼ਵ ਅਰਥ ਵਿਵਸਥਾ ਅਤੇ ਇਸ ਦੇ ਵਿਕਾਸ ਨੂੰ ਵੱਡਾ ਅਤੇ ਗੰਭੀਰ ਝਟਕਾ ਲਗ ਸਕਦਾ ਹੈ। ਮਹਿੰਗਾਈ, ਮੰਦੀ ਵਡੀ ਪੱਧਰ ਉਪਰ ਵਧ ਸਕਦੀ ਹੈ।ਵਿਕਾਸ ਨੂੰ ਵੱਡੇ ਪੱਧਰ ਉਪਰ ਝਟਕਾ ਲਗ ਸਕਦਾ ਹੈ।ਅਜੈ ਸਿੰਘ ਬੰਗਾ ਨੇ ਕਿਹਾ, 'ਦੁਨੀਆ ਇਸ ਸਮੇਂ ਬਹੁਤ ਖਤਰਨਾਕ ਮੋੜ 'ਤੇ ਖੜ੍ਹੀ ਹੈ। ਦੁਨੀਆ ਭਰ ਵਿੱਚ ਬਹੁਤ ਕੁਝ ਚੱਲ ਰਿਹਾ ਹੈ ਅਤੇ ਜੰਗਾਂ ਨੂੰ ਲੈ ਕੇ ਜੀਓ ਪੋਲੀਟਿਕਸ ਹੋ ਰਹੀ ਹੈ। ਹਾਲ ਹੀ ਵਿੱਚ ਇਜ਼ਰਾਈਲ ਅਤੇ ਗਾਜ਼ਾ ਵਿੱਚ ਜੋ ਕੁਝ ਹੋਇਆ ਹੈ, ਤੁਸੀਂ ਉਹ ਦੇਖ ਰਹੇ ਹੋ ਅਤੇ ਅੰਤ ਵਿੱਚ, ਜਦੋਂ ਇਹ ਸਾਰੇ ਤੱਥਾਂ ਨੂੰ ਇਕ ਦੂਜੇ ਨਾਲ ਜੋੜਕੇ ਦੇਖਿਆ ਜਾਵੇਗਾ ਤਾਂ ਮੈਨੂੰ ਲਗਦਾ ਹੈ ਕਿ ਆਰਥਿਕ ਵਿਕਾਸ 'ਤੇ ਪ੍ਰਭਾਵ ਬਹੁਤ ਜ਼ਿਆਦਾ ਗੰਭੀਰ ਹੋਵੇਗਾ।ਜੀਓ ਪੋਲੀਟਿਕਸ ਵਿੱਚ ਵਧ ਰਿਹਾ ਤਣਾਅ ਵਿਸ਼ਵ ਅਰਥਚਾਰੇ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਸ ਨਾਲ ਆਰਥਿਕ ਖ਼ਤਰੇ ਤੇਜ਼ੀ ਨਾਲ ਵਧਣਗੇ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਹੈ।

ਦੱਸ ਦਈਏ ਕਿ 7 ਅਕਤੂਬਰ ਨੂੰ ਹਮਾਸ ਦੇ ਲੜਾਕੇ ਗਾਜ਼ਾ ਪੱਟੀ ਤੋਂ ਇਜ਼ਰਾਈਲ 'ਚ ਦਾਖਲ ਹੋਏ ਅਤੇ ਕਰੀਬ 1400 ਇਜਰਾਈਲੀਆਂ ਦੀ ਹੱਤਿਆ ਕਰ ਦਿੱਤੀ ਸੀ। ਮਰਨ ਵਾਲਿਆਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਹਮਾਸ ਦੇ ਲੜਾਕਿਆਂ ਨੇ 222 ਇਜਰਾਈਲੀਆਂ ਨੂੰ ਵੀ ਆਪਣੇ ਨਾਲ ਬੰਧਕ ਬਣਾ ਲਿਆ ਸੀ। ਹਾਲਾਂਕਿ, ਹਮਾਸ ਦੇ ਲੜਾਕਿਆਂ ਨੇ ਬੀਤੇ ਸੋਮਵਾਰ ਨੂੰ ਬੰਧਕ ਬਣਾਈਆਂ ਦੋ ਬਜ਼ੁਰਗ ਇਜ਼ਰਾਈਲੀ ਔਰਤਾਂ ਨੂੰ ਰਿਹਾਅ ਕਰ ਦਿੱਤਾ ਸੀ। ਇਸ ਦੇ ਨਾਲ ਹੀ, ਇਜ਼ਰਾਈਲ ਦੇ ਜਵਾਬੀ ਹਵਾਈ ਹਮਲੇ ਵਿੱਚ ਗਾਜ਼ਾ ਵਿੱਚ ਹੁਣ ਤੱਕ 5 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਹੁਣੇ ਜਿਹੇ ਇਜ਼ਰਾਈਲੀ ਫੌਜ ਨੇ ਕਿਹਾ ਸੀ ਕਿ ਉਹ ਹੁਣ ਗਾਜ਼ਾ ਪੱਟੀ ਵਿੱਚ ਹਮਾਸ ਦੇ ਟਿਕਾਣਿਆਂ 'ਤੇ ਵਧੇਰੇ ਤਾਕਤ ਨਾਲ ਬੰਬਾਰੀ ਕਰ ਰਹੀ ਹੈ।

ਇਜ਼ਰਾਈਲ-ਹਮਾਸ ਸੰਘਰਸ਼ ਦੌਰਾਨ ਭਿਆਨਕ ਹਿੰਸਾ ਦੇ ਨਤੀਜੇ ਵਜੋਂ ਹੁਣ ਤਕ ਦੋਵਾਂ ਪਾਸਿਆਂ ਦੀ ਮੌਤ ਦੀ ਗਿਣਤੀ 6,500 ਤੋਂ ਪਾਰ ਹੋ ਗਈ ਹੈ, ਜਦਕਿ ਹਜ਼ਾਰਾਂ ਫਿਲਸਤੀਨੀ ਜ਼ਖ਼ਮੀ ਹਨ ਜਾਂ ਬੇਘਰ ਹੋਣ ਲਈ ਮਜਬੂਰ ਹੋਏ ਹਨ।ਵਰਤਮਾਨ ਵਿੱਚ 1,000 ਤੋਂ ਵੱਧ ਫਿਲਸਤੀਨੀਆਂ ਦੇ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਹੈ ਜਾਂ ਮਲਬੇ ਹੇਠ ਫਸੇ ਜਾਂ ਮਰੇ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ, ਜਦੋਂ ਕਿ ਜ਼ਖ਼ਮੀ ਵਿਅਕਤੀਆਂ ਦੀ ਗਿਣਤੀ 14,245 ਤੱਕ ਪਹੁੰਚ ਗਈ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ 7 ਅਕਤੂਬਰ ਨੂੰ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਗਾਜ਼ਾ ਵਿੱਚ ਹੋਈਆਂ ਮੌਤਾਂ ਦੀ ਗਿਣਤੀ 2014 ਵਿੱਚ ਦੁਸ਼ਮਣੀ ਦੇ 50 ਦਿਨਾਂ ਦੇ ਵਾਧੇ ਦੌਰਾਨ ਮੌਤਾਂ ਦੀ ਕੁੱਲ ਸੰਖਿਆ 2,251 ਨਾਲੋਂ ਦੁੱਗਣੀ ਤੋਂ ਵੱਧ ਹੈ। ਇਸ ਦੌਰਾਨ ਇਜ਼ਰਾਈਲੀ ਅਧਿਕਾਰੀਆਂ ਨੇ ਕਿਹਾ ਹੈ ਕਿ ਯਹੂਦੀ ਰਾਸ਼ਟਰ ਵਿਚ ਲਗਭਗ 1,400 ਇਜ਼ਰਾਈਲੀ ਅਤੇ ਵਿਦੇਸ਼ੀ ਨਾਗਰਿਕ ਮਾਰੇ ਗਏ ਹਨ। ਇਜ਼ਰਾਈਲੀ ਮੀਡੀਆ ਨੇ ਦੱਸਿਆ ਕਿ 22 ਅਕਤੂਬਰ ਤੱਕ,ਇਨ੍ਹਾਂ ਵਿੱਚੋਂ 767 ਮੌਤਾਂ ਦੇ ਨਾਮ ਜਾਰੀ ਕੀਤੇ ਗਏ ਹਨ। ਜਿਨ੍ਹਾਂ ਦੀ ਉਮਰ ਦੱਸੀ ਗਈ ਹੈ, ਉਨ੍ਹਾਂ ਵਿੱਚੋਂ 27 ਬੱਚੇ ਹਨ।



ਇਜ਼ਰਾਈਲੀ ਅਧਿਕਾਰੀਆਂ ਮੁਤਾਬਕ ਗਾਜ਼ਾ ਵਿਚ ਇਸ ਸਮੇਂ ਘੱਟੋ-ਘੱਟ 212 ਲੋਕ ਬੰਧਕ ਹਨ, ਜਿਨ੍ਹਾਂ ਵਿਚ ਇਜ਼ਰਾਈਲੀ ਅਤੇ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ।

ਹਿੰਸਾ ਦੇ ਨਤੀਜੇ ਵਜੋਂ ਗਾਜ਼ਾ ਵਿੱਚ ਅੰਦਰੂਨੀ ਤੌਰ 'ਤੇ ਸਥਾਪਿਤ ਵਿਅਕਤੀਆਂ ਦੀ ਗਿਣਤੀ 1.4 ਮਿਲੀਅਨ ਤੋਂ ਵੱਧ ਹੋਣ ਦਾ ਅੰਦਾਜ਼ਾ ਹੈ, ਜਿਸ ਵਿੱਚ 150 ਸੰਯੁਕਤ ਰਾਸ਼ਟਰ ਰਾਹਤ ਕਾਰਜ ਏਜੰਸੀ ਦੁਆਰਾ ਮਨੋਨੀਤ ਐਮਰਜੈਂਸੀ ਸ਼ੈਲਟਰਾਂ ਵਿੱਚ ਰਹਿ ਰਹੇ ਲਗਭਗ 580,000 ਲੋਕ, ਹਸਪਤਾਲਾਂ, ਚਰਚਾਂ ਅਤੇ ਹੋਰ ਜਨਤਕ ਸਥਾਨਾਂ ਵਿੱਚ 101,500 ਲੋਕ ਅਤੇ ਇਸ ਦੇ ਇਲਾਵਾ 71,000 ਇਮਾਰਤਾਂ ਅਤੇ ਲਗਭਗ ਸਕੂਲਾਂ ਵਿੱਚ ਰਹਿ ਰਹੇ ਹਨ।

ਦੋਵੇਂ ਧਿਰਾਂ ਵਿਚ ਜਾਰੀ ਸੰਘਰਸ਼ ਦੌਰਾਨ ਖ਼ਿੱਤੇ 'ਚ ਵੱਡੇ ਪੱਧਰ 'ਤੇ ਜੰਗ ਫੈਲਣ ਦਾ ਖ਼ਦਸ਼ਾ ਵੱਧ ਗਿਆ ਹੈ। ਇਜ਼ਰਾਈਲ ਨੇ ਸੀਰੀਆ, ਲਿਬਨਾਨ ਅਤੇ ਪੱਛਮੀ ਕੰਢੇ ਦੇ ਕਈ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ।

ਅਮਰੀਕਾ, ਬਰਤਾਨੀਆ, ਫਰਾਂਸ, ਕੈਨੇਡਾ ਅਤੇ ਇਟਲੀ ਨੇ ਇਜ਼ਰਾਈਲ ਨੂੰ ਹਮਾਸ ਖ਼ਿਲਾਫ਼ ਆਪਣੀ ਰੱਖਿਆ ਲਈ ਜਵਾਬੀ ਕਾਰਵਾਈ ਦੀ ਹਮਾਇਤ ਦਿੱਤੀ ਹੈ।ਦੂਸਰੇ ਪਾਸੇ ਰੂਸ ਤੇ ਚੀਨ ਫਿਲਸਤੀਨ ਦੀ ਹਮਾਇਤ ਵਿਚ ਹਨ। ਉਂਜ ਅਮਰੀਕਾ ਸਮੇਤ ਪੱਛਮੀ ਮੁਲਕਾਂ ਨੇ ਇਜ਼ਰਾਈਲ ਨੂੰ ਅਪੀਲ ਕੀਤੀ ਹੈ ਕਿ ਉਹ ਕਾਰਵਾਈ ਦੌਰਾਨ ਕੌਮਾਂਤਰੀ ਮਾਨਵੀ ਕਾਨੂੰਨਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਦਾ ਪੂਰਾ ਖ਼ਿਆਲ ਰੱਖੇ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ, ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੌਂ, ਜਰਮਨੀ ਦੇ ਚਾਂਸਲਰ ਓਲਾਫ਼ ਸ਼ੁਲਜ਼, ਇਟਲੀ ਦੀ ਪ੍ਰਧਾਨ ਮੰਤਰੀ ਜਿਓਰਜੀਆ ਮੇਲੋਨੀ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨਾਲ ਫੋਨ 'ਤੇ ਕੀਤੀ ਗਈ। ਗੱਲਬਾਤ ਮਗਰੋਂ ਵ੍ਹਾਈਟ ਹਾਊਸ ਨੇ ਸਾਂਝਾ ਬਿਆਨ ਜਾਰੀ ਕੀਤਾ ਹੈ। ਦੋ ਅਮਰੀਕੀ ਬੰਦੀਆਂ ਨੂੰ ਰਿਹਾਅ ਕਰਨ ਦਾ ਸਵਾਗਤ ਕਰਦਿਆਂ ਆਗੂਆਂ ਨੇ ਹਮਾਸ ਨੂੰ ਬਾਕੀ ਸਾਰੇ ਬੰਦੀ ਵੀ ਤੁਰੰਤ ਰਿਹਾਅ ਕਰਨ ਲਈ ਕਿਹਾ ਹੈ। ਉਨ੍ਹਾਂ ਖ਼ਿੱਤੇ ਖਾਸ ਕਰਕੇ ਗਾਜ਼ਾ 'ਚ ਰਹਿ ਰਹੇ ਆਪੋ-ਆਪਣੇ ਮੁਲਕਾਂ ਦੇ ਲੋਕਾਂ ਦੀ ਹਮਾਇਤ 'ਚ ਆਪਸੀ ਤਾਲਮੇਲ ਬਣਾ ਕੇ ਕੰਮ ਕਰਨ ਪ੍ਰਤੀ ਵਚਨਬੱਧਤਾ ਦੁਹਰਾਈ। ਆਗੂਆਂ ਨੇ ਗਾਜ਼ਾ 'ਚ ਫਲਸਤੀਨੀਆਂ ਕੋਲ ਮਾਨਵੀ ਰਾਹਤ ਪਹੁੰਚਣ ਦਾ ਵੀ ਸਵਾਗਤ ਕੀਤਾ। ਉਨ੍ਹਾਂ ਮੱਧ-ਪੂਰਬ ਵਿਚ ਜੰਗ ਫੈਲਣ ਤੋਂ ਰੋਕਣ ਲਈ ਖ਼ਿੱਤੇ ਦੇ ਅਹਿਮ ਭਾਈਵਾਲਾਂ ਨਾਲ ਰਲ ਕੇ ਕੰਮ ਕਰਨ 'ਤੇ ਵੀ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਬਾਇਡਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨਿ ਨੇਤਨਯਾਹੂ ਨਾਲ ਗੱਲ ਕਰਕੇ ਗਾਜ਼ਾ ਅਤੇ ਆਲੇ-ਦੁਆਲੇ ਦੇ ਖ਼ਿੱਤੇ ਦੇ ਹਾਲਾਤ ਬਾਰੇ ਜਾਣਕਾਰੀ ਹਾਸਲ ਕੀਤੀ ਸੀ। ਬਾਇਡਨ ਨੇ ਦੋ ਅਮਰੀਕੀ ਬੰਦੀਆਂ ਦੀ ਰਿਹਾਈ ਲਈ ਇਜ਼ਰਾਈਲ ਵੱਲੋਂ ਦਿੱਤੇ ਗਏ ਸਹਿਯੋਗ ਦੀ ਪ੍ਰਸ਼ੰਸਾ ਕੀਤੀ ਸੀ। ਉਧਰ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਰੱਖਿਆ ਮੰਤਰੀ ਲੌਇਡ ਆਸਟਨ ਨੇ ਕਿਹਾ ਕਿ ਜੇਕਰ ਅਮਰੀਕੀ ਲੋਕਾਂ ਜਾਂ ਹਥਿਆਰਬੰਦ ਬਲਾਂ ਨੂੰ ਖ਼ਿੱਤੇ ਵਿਚ ਨਿਸ਼ਾਨਾ ਬਣਾਇਆ ਗਿਆ ਤਾਂ ਅਮਰੀਕਾ ਉਸ ਦਾ ਜਵਾਬ ਦੇਵੇਗਾ। ਬਲਿੰਕਨ ਨੇ ਕਿਹਾ ਕਿ ਅਮਰੀਕਾ ਜੰਗ ਹੋਰ ਵਧਣ ਦੇਣ ਦੇ ਪੱਖ ਵਿਚ ਨਹੀਂ ਹੈ। ਆਸਟਨ ਨੇ ਕਿਹਾ ਕਿ ਅਮਰੀਕੀ ਜਵਾਨਾਂ 'ਤੇ ਹਮਲੇ ਹੋ ਸਕਦੇ ਹਨ ਅਤੇ ਜੇਕਰ ਇੰਜ ਹੋਇਆ ਤਾਂ ਮੁਲਕ ਨੂੰ ਆਪਣੀ ਰੱਖਿਆ ਦਾ ਪੂਰਾ ਹੱਕ ਹੈ ਅਤੇ ਉਹ ਢੁੱਕਵੀਂ ਕਾਰਵਾਈ ਤੋਂ ਪਿੱਛੇ ਨਹੀਂ ਹਟੇਗਾ। ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗ ਦਾ ਤਾਜ਼ਾ ਪ੍ਰਕੋਪ ਰੋਕਣ ਲਈ ਗੱਲਬਾਤ ਰਾਹੀਂ ਸਦੀਵੀ ਟਿਕਾਊ ਹੱਲ ਲੱਭਣ ਦੀ ਲੋੜ ਹੈ। ਹਾਲਾਂਕਿ, ਫੌਰੀ ਕੰਮ ਇਜ਼ਰਾਈਲ ਦੁਆਰਾ ਫਲਸਤੀਨੀ ਲੋਕਾਂ 'ਤੇ ਲਗਾਈ ਗਈ ਨਾਕਾਬੰਦੀ ਨੂੰ ਹਟਾ ਕੇ ਅਤੇ ਗਾਜ਼ਾ ਪੱਟੀ 'ਤੇ ਇਜ਼ਰਾਈਲ ਦੇ ਜ਼ਮੀਨੀ ਹਮਲੇ ਨੂੰ ਰੋਕ ਕੇ ਫਲਸਤੀਨੀਆਂ ਦੀ ਨਸਲਕੁਸ਼ੀ ਨੂੰ ਰੋਕਣਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਮੂਕ ਦਰਸ਼ਕ ਬਣਿਆ ਹੋਇਆ ਹੈ ਕਿਉਂਕਿ ਸਾਮਰਾਜਵਾਦ ਨੇ ਸੁਰੱਖਿਆ ਪ੍ਰੀਸ਼ਦ ਨੂੰ ਅਧਰੰਗ ਕਰ ਦਿੱਤਾ ਹੈ। ਵਿਸ਼ਵ ਲੋਕ ਰਾਏ ਨੂੰ ਜਗਾ ਕੇ ਹੀ ਆਸ ਕੀਤੀ ਜਾ ਸਕਦੀ ਹੈ ਕਿ ਵਿਸ਼ਵ ਵਿਚ ਸ਼ਾਂਤੀ ਦੀ ਸਥਾਪਨਾ ਹੋਵੇ।ਜੇਕਰ ਅਜਿਹਾ ਨਾ ਹੋਇਆ ਤਾਂ ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਸਿੰਘ ਬੰਗਾ ਅਨੁਸਾਰ ਵਿਸ਼ਵ ਲੰਬੀ ਮੰਦੀ ਤੇ ਬਰਬਾਦੀ ਵਲ ਵਧ ਸਕਦਾ ਹੈ।ਸੋ ਇਜਰਾਈਲ ਫਿਲਸਤੀਨ ਦਰਮਿਆਨ ਉਲਝੇ ਮੁਦੇ ਹੱਲ ਕਰਾਕੇ ਸ਼ਾਂਤੀ ਵਲ ਵਧਣਾ ਚਾਹੀਦਾ ਹੈ।ਅਮਰੀਕਾ ਤੇ ਚੀਨ ਨੂੰ ਇਸ ਬਾਰੇ ਅਹਿਮ ਭੂਮਿਕਾ ਨਿਭਾਉਣ ਦੀ ਲੋੜ ਹੈ।

# ਇਜ਼ਰਾਈਲ-ਫਲਸਤੀਨ ਜੰਗ ਦੌਰਾਨ ਚੀਨ ਤੇ ਅਮਰੀਕਾ ਵਿਚਾਲੇ ਹਥਿਆਰਾਂ ਦੀ ਦੌੜ ਲੱਗੀ

### ➢ ਦੋਵੇਂ ਦੇਸ਼ ਆਪਣੇ-ਆਪਣੇ ਸਹਿਯੋਗੀਆਂ ਦਾ ਸਹਿਯੋਗ ਕਰਨ ਲਈ ਨਿੱਤਰੇ ➢ ਮੱਧ ਪੂਰਬ ਸਾਗਰ ਵਿੱਚ ਜੰਗੀ ਬੇੜੇ ਤਾਇਨਾਤ

ਵਾਸ਼ਿੰਗਟਨ/ਏ.ਟੀ.ਨਿਊਜ਼: ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਖਤਰਨਾਕ ਜੰਗ ਦਰਮਿਆਨ ਅਮਰੀਕਾ ਅਤੇ ਚੀਨ ਨੇ ਮੱਧ ਪੂਰਬ ਵਿੱਚ ਹਥਿਆਰ ਜਮ੍ਹਾ ਕਰਨੇ ਸ਼ੁਰੂ ਕਰ ਦਿੱਤੇ ਹਨ। ਦੋਵੇਂ ਦੇਸ਼ ਮੱਧ ਪੂਰਬ ਦੇਸ਼ਾਂ ਨੂੰ ਵਿਨਾਸ਼ਕਾਰੀ ਹਥਿਆਰ ਭੇਜ ਰਹੇ ਹਨ।



ਚੀਨੀ ਰੱਖਿਆ ਮੰਤਰਾਲੇ ਦੇ ਅਨੁਸਾਰ, ਗ਼ਾਜ਼ਾ ਪੱਟੀ ਵਿੱਚ ਇਜ਼ਰਾਈਲ ਅਤੇ ਹਮਾਸ ਖਾੜਕੂ ਸਮੂਹ ਦੇ ਵਿਚਾਲੇ ਜੰਗ ਦੇ ਦੌਰਾਨ ਚੀਨ ਨੇ ਪਿਛਲੇ ਹਫਤੇ ਮੱਧ ਪੂਰਬ ਵਿੱਚ 6 ਚੀਨੀ ਜੰਗੀ ਬੇੜੇ ਤਾਇਨਾਤ ਕੀਤੇ ਸਨ। ਚੀਨੀ ਰੱਖਿਆ ਮੰਤਰਾਲੇ ਅਨੁਸਾਰ, 44ਵੀਂ ਨੇਵਲ ਐਸਕੋਰਟ ਟਾਸਕ ਫੋਰਸ ਮਈ ਤੋਂ ਇਸ ਖੇਤਰ ਵਿੱਚ ਲਗਾਤਾਰ ਕੰਮ ਕਰ ਰਹੀ ਹੈ।

ਪਿਛਲੇ ਹਫ਼ਤੇ ਚੀਨ ਨੇ ਓਮਾਨ ਦੀ ਆਪਣੀ ਯਾਤਰਾ ਦੌਰਾਨ ਓਮਾਨੀ ਜਲ ਸੈਨਾ ਨਾਲ ਸਾਂਝਾ ਅਭਿਆਸ ਵੀ ਕੀਤਾ ਸੀ। ਚੀਨ ਨੇ ਕਿਹਾ ਕਿ ਓਮਾਨ ਦੀ ਆਪਣੀ ਯਾਤਰਾ ਦੇ ਸਫਲਤਾ ਪੂਰਵਕ ਸੰਪੂਰਨ ਹੋਣ ਤੋਂ ਬਾਅਦ, ਚੀਨੀ ਜਲ ਸੈਨਾ ਐਸਕਾਰਟ ਟਾਸਕ ਫੋਰਸ 18 ਅਕਤੂਬਰ ਦੀ ਸਵੇਰ ਨੂੰ ਨਿਰਧਾਰਤ ਸਮੇਂ ਅਨੁਸਾਰ ਕੁਵੈਤ ਦੇ ਸ਼ੁਵੈਖ ਬੰਦਰਗਾਹ 'ਤੇ ਪਹੁੰਚੀ ਸੀ। ਚੀਨੀ ਸਮੁੰਦਰੀ ਫੌਜੀ ਸਮੂਹ ਕੁਵੈਤ ਦੇ ਪੰਜ ਦਿਨਾਂ ਸਦਭਾਵਨਾ ਦੌਰੇ 'ਤੇ ਰਵਾਨਾ ਹੋਇਆ ਸੀ।

ਇਸ ਦੌਰਾਨ ਅਮਰੀਕਾ ਨੇ ਵੀ ਮੱਧ ਪੂਰਬ ਵਿੱਚ ਹਥਿਆਰ ਜਮ੍ਹਾ ਕਰਨੇ ਸ਼ੁਰੂ ਕਰ ਦਿੱਤੇ ਹਨ। ਮੱਧ ਪੂਰਬ ਵਿੱਚ ਅਮਰੀਕੀ ਸੈਨਿਕਾਂ 'ਤੇ ਹਾਲ ਹੀ ਦੇ ਹਮਲਿਆਂ ਦੇ ਜਵਾਬ ਵਿੱਚ, ਪੈਂਟਾਗਨ ਨੇ ਬੀਤੇ ਦਿਨੀਂ ਕਿਹਾ ਕਿ ਅਮਰੀਕਾ ਮੱਧ ਪੂਰਬ ਵਿੱਚ ਇੱਕ ਟਰਮੀਨਲ ਹਾਈ ਅਲਟੀਟਿਊਡ ਏਰੀਆ ਡਿਫੈਂਸ ਠਾਡ ਸਿਸਟਮ ਅਤੇ ਵਾਧੂ ਪੈਟ੍ਰੀਅਟ ਏਅਰ ਡਿਫੈਂਸ ਮਿਜ਼ਾਈਲ ਸਿਸਟਮ ਬਟਾਲੀਅਨ ਭੇਜੇਗਾ।

ਇਸ ਤੋਂ ਇਲਾਵਾ ਅਮਰੀਕਾ ਨੇ ਆਪਣੀਆਂ ਸਭ ਤੋਂ ਤਾਕਤਵਰ ਪੈਟ੍ਰਿਅਟ ਮਿਜ਼ਾਈਲਾਂ ਵੀ ਤਾਇਨਾਤ ਕੀਤੀਆਂ ਹਨ।

ਸੰਯੁਕਤ ਰਾਜ ਅਮਰੀਕਾ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਮੱਧ ਪੂਰਬ ਵਿੱਚ ਵੱਡੀ ਮਾਤਰਾ ਵਿੱਚ ਜਲ ਸੈਨਾ ਭੇਜੀ ਹੈ, ਜਿਸ ਵਿੱਚ ਦੋ ਏਅਰਕ੍ਰਾਫਟ ਕੈਰੀਅਰ, ਉਨ੍ਹਾਂ ਦੇ ਸਮਰਥਨ ਵਾਲੇ ਜਹਾਜ਼ ਅਤੇ ਲਗਭਗ 2,000 ਜਲ ਸੈਨਿਕ ਸ਼ਾਮਲ ਹਨ।। ਇਜ਼ਰਾਈਲ-ਹਮਾਸ ਯੁੱਧ ਦੌਰਾਨ ਖੇਤਰੀ ਤਣਾਅ ਵਧਣ ਕਾਰਨ ਵਾਸ਼ਿੰਗਟਨ ਈਰਾਨ ਸਮਰਥਿਤ ਖਾੜਕੂ ਸਮੂਹਾਂ ਦੀਆਂ ਗਤੀਵਿਧੀਆਂ ਤੋਂ ਸੁਚੇਤ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਲੋਇਡ ਆਸਟਿਨ ਨੇ ਕਿਹਾ ਹੈ ਕਿ ਅਮਰੀਕਾ ਮੱਧ ਪੂਰਬ ਵਿੱਚ ਵਾਧੂ ਫੌਜੀ ਤਾਇਨਾਤ ਕਰ ਰਿਹਾ ਹੈ। ਪੈਂਟਾਗਨ ਨੇ ਲੋੜ ਪੈਣ 'ਤੇ ਖੇਤਰ ਵਿੱਚ ਤਾਇਨਾਤ ਕਰਨ ਲਈ ਪਹਿਲਾਂ ਹੀ ਲਗਭਗ 2,000 ਸੈਨਿਕਾਂ ਨੂੰ ਤਿਆਰ ਕੀਤਾ ਹੋਇਆ ਹੈ। ਔਸਟਿਨ ਨੇ ਕਿਹਾ, 'ਇਹ ਕਦਮ ਖੇਤਰੀ ਸੁਰਖਿਆ ਯਤਨਾਂ ਨੂੰ ਹੁਲਾਰਾ ਦੇਣਗੇ, ਖੇਤਰ ਵਿੱਚ ਅਮਰੀਕੀ ਬਲਾਂ ਲਈ ਬਲ ਸੁਰੱਖਿਆ ਵਧਾਉਣਗੇ ਅਤੇ ਇਜ਼ਰਾਈਲ ਦੀ ਰੱਖਿਆ ਵਿੱਚ ਸਹਾਇਤਾ ਕਰਨਗੇ।'

ਅਮਰੀਕੀ ਏਅਰ ਡਿਫੈਂਸ ਸਿਸਟਮ ਨੂੰ ਈਰਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਲਗਾਇਆ ਗਿਆ ਹੈ, ਤਾਂ ਜੋ ਈਰਾਨ ਇਜ਼ਰਾਈਲ ਦੇ ਖ਼ਿਲਾਫ਼ ਕੋਈ ਹਮਲਾ ਨਾ ਕਰ ਸਕੇ। ਅਮਰੀਕਾ ਨੇ ਮੱਧ ਪੂਰਬ ਤੋਂ

(**ਬਾਕੀ ਸਫ਼ਾ** 30 'ਤੇ)

## ਕੀ ਚਾਹੁੰਦੇ ਹਨ ਚੀਨ ਤੇ ਅਮਰੀਕਾ ?



ਜਿਵੇਂ ਜਿਵੇਂ ਖੇਤਰ ਵਿੱਚ ਤਣਾਅ ਵਧਦਾ ਗਿਆ, ਮੱਧ ਪੂਰਬ ਦੇ ਪਾਣੀਆਂ ਵਿੱਚ ਛੇ ਚੀਨੀ ਜਹਾਜ਼ਾਂ ਦੀ ਸਰਗਰਮੀ ਤੇਜ਼ ਹੋ ਗਈ। ਖ਼ਿੱਤੇ ਵਿੱਚ ਚੀਨੀ ਜੰਗੀ ਜਹਾਜ਼ਾਂ ਦੀਆਂ ਖ਼ਬਰਾਂ ਉਦੋਂ ਆ ਰਹੀਆਂ ਹਨ ਜਦੋਂ ਅਮਰੀਕਾ ਉੱਥੇ ਆਪਣੀ ਮੌਜੂਦਗੀ ਵਧਾ ਰਿਹਾ ਹੈ। 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਬਾਅਦ, ਸੰਯੁਕਤ ਰਾਜ ਅਮਰੀਕਾ ਨੇ ਆਪਣੇ ਸਭ ਤੋਂ ਉੱਨਤ ਕੈਰੀਅਰ ਜਹਾਜ਼, ਯੂਐਸਐਸ ਗੇਰਾਲਡ ਆਰ. ਫੋਰਡ ਤੇ ਉਸ ਨਾਲ ਜੁੜੇ ਯੁੱਧ ਸਮੂਹ ਨੂੰ ਪੂਰਬੀ ਭੂਮਧ ਸਾਗਰ ਵਿੱਚ ਭੇਜਿਆ। ਇਸ ਦੌਰਾਨ, ਡਵਾਈਟ ਡੀ. ਆਈਜ਼ਨਹਾਵਰ ਕੈਰੀਅਰ ਸਟ੍ਰਾਈਕ ਗਰੁੱਪ ਇਸ ਖੇਤਰ ਦੇ ਰਸਤੇ ਵਿਚ ਹੈ। ਪੈਂਟਾਗਨ ਨੇ ਹਾਲ ਹੀ ਵਿੱਚ ਪੂਰਬੀ ਮੈਡੀਟੇਰੀਅਨ ਵਿੱਚ ਇੱਕ ਵਾਧੂ ਕਮਾਂਡ ਜਹਾਜ਼, ਯੂਐਸਐਸ ਮਾਉਂਟਵਿਟਨੀ, ਦੀ ਤਾਇਨਾਤੀ ਦਾ ਐਲਾਨ ਕੀਤਾ ਸੀ। ਹਥਿਆਰਾਂ ਦੀ ਤਾਇਨਾਤੀ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਾਲੇ ਇੱਕ ਤਰ੍ਹਾਂ ਦੀ ਦੁਸ਼ਮਣੀ ਚੱਲ ਰਹੀ ਹੈ ਅਤੇ ਦੋਵੇਂ ਦੇਸ਼ ਆਪਣੇ-ਆਪਣੇ ਸਹਿਯੋਗੀਆਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹ ਉਨ੍ਹਾਂ ਦੇ ਨਾਲ ਖੜ੍ਹੇ ਹਨ। ਇਹ ਵੀ ਆਪਣੇ ਆਪ ਨੂੰ ਆਲਮੀ ਤਾਕਤ ਵਜੋਂ ਦਿਖਾਉਣ ਦੀ ਜੰਗ ਹੈ।

# ਸੱਚ ਨੂੰ ਵੇਖਣ ਲਈ ਕਦੋਂ ਜਾਗਣਗੇ ਲੋਕ?

# ਨਿਠਾਰੀ ਕਾਂਡ

# ਕਿੱਥੇ ਹੈ ਅਪਰਾਧ ਦੀ ਸੱਚਾਈ?



ਅਕਿਰਾ ਕੁਰੋਸਾਵਾ ਨੇ ਜਾਪਾਨੀ ਭਾਸ਼ਾ 'ਚ ਫ਼ਿਲਮ 'ਰਾਸ਼ੋਮੋਨ' ਬਣਾਈ ਹੈ। ਦੁਨੀਆਂ ਭਰ ਦੇ ਫਿਲਮ ਨਿਰਮਾਤਾ ਅਜੇ ਵੀ ਇਸ ਫ਼ਿਲਮ ਤੋਂ ਪ੍ਰੇਰਨਾ ਲੈਂਦੇ ਹਨ। ਰਾਸ਼ੋਮਨ ਇੱਕ ਅਜਿਹੀ ਫਿਲਮ ਹੈ ਜੋ ਇੱਕ ਜਾਗ੍ਰਿਤੀ ਪੈਦਾ ਕਰਦੀ ਹੈ। ਸੱਚ ਨੂੰ ਵੇਖਣ ਲਈ ਜਾਗਣਾ। ਸੱਚ ਕੀ ਹੈ ਅਤੇ ਝੂਠ ਕੀ ਹੈ? ਫ਼ਿਲਮ ਦੀ ਕਹਾਣੀ ਇਹ ਹੈ ਕਿ ਇੱਕ ਸਮੁਰਾਈ ਦੀ ਲਾਸ਼ ਜੰਗਲ ਵਿੱਚ ਮਿਲੀ ਹੈ। ਉਸ ਦੀ ਪਤਨੀ ਵੀ ਉਸ ਦੇ ਨਾਲ ਸੀ। ਤਾਜੋਮਾਰੂ ਨਾਮ ਦੇ ਇੱਕ ਡਾਕੂ ਉੱਤੇ ਇੱਕ ਸਮੁਰਾਈ ਦੀ ਪਤਨੀ ਦੇ ਕਤਲ ਅਤੇ ਬਲਾਤਕਾਰ ਦਾ ਦੋਸ਼ ਹੈ। ਅਦਾਲਤ ਵਿੱਚ ਸੁਣਵਾਈ ਹੁੰਦੀ ਹੈ, ਪਰ ਘਟਨਾ ਦੇ ਕਈ ਹੋਰ ਰੂਪ ਸਾਹਮਣੇ ਆਉਂਦੇ ਹਨ। ਤਿੰਨ ਆਦਮੀ ਤੇਜ਼ ਮੀਂਹ ਵਿੱਚ ਜਪਾਨ ਦੇ ਕਯੋਟੋ ਵਿੱਚ ਰਾਸ਼ੋਮੋਨ ਗੇਟ ਦੇ ਹੇਠਾਂ ਸ਼ਰਨ ਲੈਂਦੇ ਹਨ, ਘਟਨਾ ਵਾਲੀ ਥਾਂ ਦੇ ਨੇੜੇ। ਇਹਨਾਂ ਵਿਚੋਂ ਇੱਕ ਪੁਜਾਰੀ ਹੈ ਅਤੇ ਦੂਜਾ ਲੱਕੜਹਾਰਾ ਹੈ ਜੋ ਸਥਾਨਕ ਅਦਾਲਤ ਵਿੱਚ ਆਪਣੇ ਬਿਆਨ ਦੇ ਕੇ ਆਇਆ ਹੈ। ਉਹ ਵਿਸ਼ਵਾਸ ਕਰਨ ਅਤੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਹੋਇਆ ਹੈ, ਤੀਜਾ ਵਿਅਕਤੀ ਇੱਕ ਰਾਹਗੀਰ ਹੈ ਜੋ ਲੰਘਦੇ ਸਮੇਂ ਉੱਥੇ ਰੁਕ ਜਾਂਦਾ ਹੈ। ਉਹ ਦੋਵੇਂ ਵਿਅਕਤੀਆਂ ਦੀਆਂ ਗੱਲਾਂ ਨੂੰ ਸੁਣਦਾ ਹੈ। ਡਾਕੂ, ਔਰਤ, ਅਤੇ ਇੱਥੋਂ ਤੱਕ ਕਿ ਸਮੁਰਾਈ ਦੀ ਸੱਚਾਈ ਦੇ ਤੱਥ ਹੋਰ ਪ੍ਰਗਟ ਹੁੰਦੇ ਹਨ। ਰਾਸ਼ੋਮੋਨ ਦੱਸਦੀ ਹੈ ਕਿ ਸੱਚ ਉਹ ਨਹੀਂ ਹੈ ਜੋ ਤੁਹਾਨੂੰ ਦਿਖਾਇਆ ਜਾਂ ਸਿਖਾਇਆ ਜਾਂਦਾ ਹੈ, ਸਗੋਂ ਇਹ ਵੇਰਵੇ ਵਿੱਚ ਹੈ। ਤੁਹਾਨੂੰ ਸੱਚ ਦੇ ਪੱਖ ਲੱਭਣੇ ਪੈਣਗੇ। ਰਾਸ਼ੋਮੋਨ (1905) ਦੀ ਇਹ ਕਹਾਣੀ 2006 ਵਿੱਚ ਭਾਰਤ ਵਿੱਚ 19 ਬੱਚਿਆਂ ਅਤੇ ਔਰਤਾਂ ਦੇ ਕਤਲ, ਬਲਾਤਕਾਰ ਅਤੇ ਬੇਰਹਿਮੀ ਨਾਲ ਕੀਤੇ ਗਏ ਸਮੁੱਚੇ ਅਣਮਨੁੱਖੀ ਵਰਤਾਰੇ ਦਾ ਸੱਚ ਲੱਭਣ ਵਿੱਚ ਸਹਾਈ ਨਹੀਂ ਹੁੰਦੀ, ਸਗੋਂ ਨਿਠਾਰੀ ਕਾਂਡ ਦੀ ਸੱਚਾਈ ਬਾਰੇ ਲੋਕਾਂ ਵਿੱਚ ਧੋਖੇ ਦਾ ਸੱਚ ਸਾਹਮਣੇ ਲਿਆਉਂਦੀ ਹੈ। ਮੀਡੀਆ ਹਰ ਗੱਲ ਨੂੰ ਲੋਕਾਂ ਸਾਹਮਣੇ ਸੱਚ ਬਣਾ ਕੇ ਪੇਸ਼ ਕਰ ਰਿਹਾ ਹੈ ਜੋ ਇਸ ਨੂੰ ਪੁਲਿਸ ਸੂਤਰਾਂ ਤੋਂ ਮਿਲ ਰਿਹਾ ਹੈ। ਇਸ ਕਾਰਨ ਦੇਸ਼ ਅਤੇ ਸਮਾਜ ਦੀ ਬੇਚੈਨੀ ਦਿਨੋਂ-ਦਿਨ ਵਧਦੀ ਜਾਂਦੀ ਹੈ। ਇੱਕ ਮਾਨਸਿਕਤਾ ਤਿਆਰ ਕੀਤੀ ਜਾਂਦੀ ਹੈ, ਅਤੇ ਭਾਰਤੀ ਸਮਾਜ ਵਿੱਚ ਆਮ ਸਮਝੇ ਜਾਂਦੇ ਵਿਅਕਤੀ ਸੁਰਿੰਦਰ ਕੋਲੀ ਨੂੰ ਮੁੱਖ ਦੋਸ਼ੀ ਵਜੋਂ ਖੜ੍ਹਾ ਕੀਤਾ ਜਾਂਦਾ ਹੈ। ਇਸ ਦਾ ਮਾਲਕ ਮੋਨਿੰਦਰ ਸਿੰਘ ਪੰਧੇਰ ਸਹਿ ਮੁਲਜ਼ਮ ਵਜੋਂ ਸ਼ਾਮਲ ਹੈ। ਫਾਂਸੀ ਦੀ ਸਜ਼ਾ ਅਦਾਲਤ ਵੱਲੋਂ ਪਹਿਲੇ ਪੜਾਅ 'ਤੇ ਖੜ੍ਹੀ ਕਰਕੇ ਦਿੱਤੀ ਜਾਂਦੀ ਹੈ, ਪਰ ਦੂਜੇ ਪੜਾਅ 'ਤੇ ਖੜ੍ਹੀ ਅਦਾਲਤ ਤੋਂ ਨਾ ਸਿਰਫ਼ ਮੌਤ ਦੀ ਸਜ਼ਾ ਨੂੰ ਰੱਦ ਕਰਨ ਦਾ ਫੈਸਲਾ ਆਉਂਦਾ ਹੈ, ਸਗੋਂ ਉਨ੍ਹਾਂ ਨੂੰ ਬਰੀ ਕਰਨ ਦਾ ਹੁਕਮ ਵੀ ਆਉਂਦਾ ਹੈ। ਆਖ਼ਰ ਲੋਕਾਂ ਨੂੰ ਨਿਠਾਰੀ ਕਾਂਡ ਦੀ ਸੱਚਾਈ ਜਾਣਨ ਦਾ ਕੀ ਤਰੀਕਾ ਹੈ? ਜੁਰਮ ਦੀ ਜਾਂਚ ਕਰਨ ਵਾਲੀਆਂ ਏਜੰਸੀਆਂ ਦੇ ਕਈ ਨਾਂ ਹੋ ਸਕਦੇ ਹਨ। ਪੁਲਿਸ ਹੈ, ਸੀ.ਬੀ.ਆਈ. ਅਤੇ ਹੋਰ ਬਹੁਤ ਸਾਰੀਆਂ ਏਜੰਸੀਆਂ ਹਨ। ਉਨ੍ਹਾਂ ਲਈ ਜੋ ਸੱਚਾਈ ਦੇ ਸਰੋਤ ਹੋ ਸਕਦੇ ਹਨ, ਉਨ੍ਹਾਂ ਵਿੱਚ ਭਰੋਸਾ ਸਭ ਤੋਂ ਮਹੱਤਵਪੂਰਨ ਹੈ। ਲੋਕਾਂ ਕੋਲ ਵਿਸ਼ਵਾਸ ਕਰਨ ਦਾ ਇੱਕੋ ਇੱਕ ਵਿਕਲਪ ਹੈ, ਪਰ ਤੱਥ ਦੱਸਦੇ ਹਨ ਕਿ ਜਾਂਚ ਏਜੰਸੀਆਂ ਜਾਂਚ ਕਰਦੀਆਂ ਹਨ, ਪਰ ਸੱਚਾਈ ਲਈ ਨਹੀਂ। ਉਹ ਇੱਕ ਸੱਚ ਨੂੰ ਸਥਾਪਿਤ ਕਰਦੇ ਹਨ। ਅਖ਼ਬਾਰਾਂ ਅਤੇ ਟੈਲੀਵਿਜ਼ਨ ਇਸ ਦਾ ਪ੍ਰਚਾਰ ਕਰਦੇ ਹਨ। ਇਸ ਨੂੰ ਸੱਚ ਮੰਨਣ ਲਈ ਲਾਜ਼ਮੀ ਸ਼ਰਤਾਂ ਬਣਾਈਆਂ ਜਾਂਦੀਆਂ ਹਨ, ਪਰ ਜੋ ਜਾਂਚ ਪੜਤਾਲ ਕੀਤੀ ਜਾਂਦੀ ਹੈ, ਜੋ ਸੱਚਾਈ ਪੜਤਾਲ ਰਾਹੀਂ ਪਰੋਸ ਦਿੱਤੀ ਜਾਂਦੀ ਹੈ, ਉਸ ਸੱਚ ਨੂੰ ਹੀ ਸੱਚ ਮੰਨਣ ਲਈ ਜੋ ਸ਼ਰਤਾਂ ਬਣਾਈਆਂ ਜਾਂਦੀਆਂ ਹਨ, ਉਸ ਦਾ ਅਧਿਐਨ ਅਸੀਂ ਨਹੀਂ ਕਰ ਪਾਉਂਦੇ। ਇੱਕ ਸੱਚ ਬੋਲਦਾ ਹੈ, ਦੂਜਾ ਉਸ ਦਾ ਪ੍ਰਚਾਰ ਕਰਦਾ ਹੈ ਅਤੇ ਤੀਜਾ ਉਸ ਸੱਚ ਦੇ ਆਧਾਰ 'ਤੇ ਲੋਕਾਂ ਨੂੰ ਆਪਣੇ ਭਰੋਸੇ ਦੀ ਜਿੱਤ ਦਰਜ ਕਰਵਾ ਦਿੰਦਾ ਹੈ, ਪਰ ਉਹ ਸੱਚ ਵੀ ਇੱਕ ਲਾਸ਼ ਤੋਂ ਵੱਧ ਸਾਬਤ ਨਹੀਂ ਹੁੰਦਾ। ਲੋਕ ਮਨ ਲਾਸ਼ਾਂ ਦੇ ਸੱਚ ਅਤੇ ਸੱਚ ਦੀਆਂ ਲਾਸ਼ਾਂ ਦੇ ਵਿਚਕਾਰ ਝੂਲਦਾ ਰਹਿੰਦਾ ਹੈ। ਨਿਠਾਰੀ ਕਾਂਡ ਕੋਈ ਪਹਿਲੀ ਘਟਨਾ ਨਹੀਂ ਹੈ ਜਿਸ ਵਿੱਚ ਇਸ ਦੇ ਸੱਚ ਨੂੰ ਛੱਡ ਕੇ ਹਰ ਚੀਜ਼ ਅਤੇ ਹਰ ਸਥਿਤੀ ਵਿੱਚ ਘਿਰਿਆ ਹੋਇਆ ਹੈ, ਫਿਲਮ ਰਸ਼ੋਮਨ ਦੀ ਕਹਾਣੀ ਵਾਂਗ। ਅਪਰਾਧ ਅਤੇ ਇਸ ਦੇ ਨਤੀਜੇ ਸਾਡੀਆਂ ਅੱਖਾਂ ਦੇ ਸਾਹਮਣੇ ਹਨ, ਅਤੇ ਸਾਡੇ ਸਿਸਟਮ ਵਿੱਚ ਇਸ ਦੀ ਸੱਚਾਈ ਨੂੰ ਸਾਹਮਣੇ ਲਿਆਉਣਾ ਜ਼ਰੂਰੀ ਨਹੀਂ ਹੈ, ਸਗੋਂ ਅਪਰਾਧ ਦਾ ਇਕਬਾਲ ਕਰਨ ਵਾਲੇ ਅਪਰਾਧੀ ਦੀ ਭਾਲ ਕਰਨਾ ਜ਼ਰੂਰੀ ਹੈ। ਨਿਠਾਰੀ ਮਾਮਲੇ 'ਚ ਸੁਰਿੰਦਰ ਕੋਲੀ ਦਾ ਇਕਬਾਲੀਆ ਬਿਆਨ ਸੱਚ ਹੈ। ਸੱਚਾਈ ਦੀ ਜਾਂਚ ਹੁੰਦੀ ਹੈ। ਸੱਚ ਦਾ ਪ੍ਰਚਾਰ ਕੀਤਾ ਜਾਂਦਾ ਹੈ। ਇਹ ਸੱਚ ਨੂੰ ਸੱਚ ਮੰਨਣ ਲਈ ਮਜਬੂਰ ਕਰਨ ਦਾ ਹਥਿਆਰ ਹੈ। ਸਾਡੇ ਸਿਸਟਮ ਵਿੱਚ, ਸੱਚ ਨੂੰ ਸੱਚ ਵਜੋਂ ਸਥਾਪਤ ਕਰਨ ਲਈ ਭਾਵੇਂ ਕੋਈ ਵਿਧੀ ਵਿਕਸਤ ਨਹੀਂ ਕੀਤੀ ਗਈ,

(ਬਾਕੀ ਸਫ਼ਾ 30 'ਤੇ)



**ਜਦੋਂ ਇੱਕ ਪੀੜਤ ਔਰਤ ਨੇ ਭਾਰਤ ਦੇ ਚੀਫ਼ ਜਸਟਿਸ ਨੂੰ ਦੱਸਿਆ ਕਿ ਉਹ ਇੱਥੇ ਇਨਸਾਫ਼ ਲਈ ਆਈ ਹੈ ਤਾਂ ਉਨ੍ਹਾਂ ਜਵਾਬ ਦਿੱਤਾ-"ਬੀਬੀ, ਅਸੀਂ ਇੱਥੇ ਇਨਸਾਫ਼ ਨਹੀਂ ਕਰਦੇ, ਫ਼ੈਸਲੇ ਸੁਣਾਉਂਦੇ ਹਾਂ।" ਸਾਡੇ ਸਮਾਜ ਵਿੱਚ, ਕਿਸੇ ਅਪਰਾਧ ਦੀ ਜਾਂਚ ਕਰਨਾ ਅਤੇ ਇੱਕ ਦੋਸ਼ੀ ਨੂੰ ਸਜ਼ਾ ਸੁਣਾਉਣਾ ਇੱਕ ਫ਼ੈਸਲਾ ਲੈਣ ਦੀ ਪ੍ਰਕਿਰਿਆ ਹੈ। ਉਹ ਇਨਸਾਫ਼ ਦੀ ਤੱਕੜੀ 'ਤੇ ਨਹੀਂ ਝੂਲਦੀ। ਇਹ ਇੱਕ ਫ਼ੈਸਲੇ ਵਾਂਗ ਉਚਾਰਿਆ ਜਾਂਦਾ ਹੈ ਅਤੇ ਫ਼ੈਸਲੇ ਦੀ ਸਾਰੀ ਪ੍ਰਕਿਰਿਆ ਵਿੱਚ ਡੁੱਬਦਾ ਅਤੇ ਚੜ੍ਹਦਾ ਰਹਿੰਦਾ ਹੈ।**

# ਦੀਵਾਲੀ ਮਗਰੋਂ 23 ਦਿਨਾਂ 'ਚ 35 ਲੱਖ ਲੋਕਾਂ ਦੇ ਵਿਆਹ ਦੀਆਂ ਵੱਜਣਗੀਆਂ ਸ਼ਹਿਨਾਈਆਂ

## ਵਿਆਹਾਂ ਦੇ ਸੀਜ਼ਨ 'ਚ ਬਾਜ਼ਾਰਾਂ 'ਚ ਵਿਆਹ ਸ਼ਾਪਿੰਗ ਤੋਂ ਕਰੀਬ 4.25 ਲੱਖ ਕਰੋੜ ਰੁਪਏ ਦਾ ਹੋਵੇਗਾ ਕਾਰੋਬਾਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਦਿੱਲੀ ਸਮੇਤ ਦੇਸ਼ ਭਰ ਦੇ ਵਪਾਰੀ ਆਉਂਦੇ ਵਿਆਹਾਂ ਦੇ ਸੀਜ਼ਨ ਲਈ ਇੱਕ ਵੱਡੀ ਵਿਕਰੀ ਕਰਨ ਦੀ ਪੂਰੀ ਤਿਆਰੀ 'ਚ ਜੁਟ ਗਏ ਹਨ, ਕਿਉਂਕਿ ਦੀਵਾਲੀ ਤੋਂ ਤੁਰੰਤ ਬਾਅਦ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਰਿਹਾ ਹੈ। ਇਸ ਦੌਰਾਨ ਕਰੀਬ 35 ਲੱਖ ਸ਼ਹਿਨਾਈਆਂ ਵੱਜਣ ਯਾਨੀ 35 ਲੱਖ ਵਿਆਹ ਹੋਣ ਦਾ ਅਨੁਮਾਨ ਹੈ। ਕਨਫੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਨੇ ਇਹ ਅਨੁਮਾਨ ਜਤਾਉਂਦੇ ਹੋਏ ਕਿਹਾ ਕਿ ਇਸ ਸਾਲ 23 ਨਵੰਬਰ ਦੇਵ ਉਠਾਨ ਇਕਾਦਸ਼ੀ ਨਾਲ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਕੇ 15 ਦਸੰਬਰ ਤੱਕ ਚੱਲੇਗਾ।

ਇੱਕ ਅਨੁਮਾਨ ਮੁਤਾਬਕ ਇਸ ਮਿਆਦ ਦੌਰਾਨ ਵਿਆਹਾਂ ਦੀ ਖਰੀਦਦਾਰੀ ਅਤੇ ਵਿਆਹ ਨਾਲ ਸਬੰਧਤ ਅਨੇਕਾਂ ਕਿਸਮ ਦੀਆਂ ਸੇਵਾਵਾਂ ਰਾਹੀਂ ਲਗਭਗ 4.25 ਲੱਖ ਕਰੋੜ ਰੁਪਏ ਦਾ ਵੱਡਾ ਖਰਚਾ ਇਸ ਸੀਜ਼ਨ ਵਿੱਚ ਹੋਣ ਦੀ ਸੰਭਾਵਨਾ ਹੈ। ਇਸ ਸਬੰਧ ਵਿੱਚ ਕੈਟ ਦੇ ਕੌਮੀ ਪ੍ਰਧਾਨ ਬੀ.ਸੀ. ਭਰਤੀਆ ਨੇ ਕਿਹਾ ਕਿ ਕੈਟ ਦੀ ਰਿਸਰਚ ਬ੍ਰਾਂਚ ਕੈਟ ਰਿਸਰਚ ਐਂਡ ਟ੍ਰੇਡ ਡਿਵੈਲਪਮੈਂਟ ਸੋਸਾਇਟੀ ਵੱਲੋਂ ਹਾਲ ਹੀ ਵਿੱਚ ਦੇਸ਼ ਦੇ 20 ਪ੍ਰਮੁੱਖ ਸ਼ਹਿਰਾਂ ਦੇ ਵਪਾਰੀਆਂ ਅਤੇ ਸਰਵਿਸ ਪ੍ਰੋਵਾਈਡਰ ਦਰਮਿਆਨ ਕੀਤੇ ਗਏ ਇੱਕ ਸਰਵੇ ਮੁਤਾਬਕ ਇਕੱਲੇ ਦਿੱਲੀ ਵਿੱਚ ਇਸ ਸੀਜ਼ਨ ਵਿਚ 3.5 ਲੱਖ ਤੋਂ ਵੱਧ ਵਿਆਹ ਹੋਣ ਦੀ ਉਮੀਦ ਹੈ।

ਵਿਆਹ ਦੇ ਇਸ ਸੀਜ਼ਨ 'ਚ ਦਿੱਲੀ ਵਿੱਚ ਲਗਭਗ 1 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਨੇ ਕਿਹਾ ਕਿ ਵਿਆਹਾਂ ਦੇ ਸੀਜ਼ਨ ਵਿੱਚ ਕਾਰੋਬਾਰ ਦੀਆਂ ਚੰਗੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਦੇਸ਼ ਭਰ ਦੇ ਵਪਾਰੀਆਂ ਨੇ ਵਿਆਪਕ ਤਿਆਰੀਆਂ ਕੀਤੀਆਂ ਹਨ। ਗਾਹਕਾਂ ਦੀ ਸੰਭਾਵਿਤ ਭੀੜ ਨੂੰ ਦੇਖਦੇ ਹੋਏ ਵਪਾਰੀ ਆਪਣੇ ਇੱਥੇ ਸਾਰੀਆਂ ਵਿਵਸਥਾਵਾਂ ਦਰੁਸਤ ਮਿਲਾ ਕੇ ਇਸ ਇਕ ਮਹੀਨੇ ਵਿੱਚ ਵਿਆਹਾਂ ਦੇ ਸੀਜ਼ਨ ਵਿੱਚ ਬਾਜ਼ਾਰਾਂ ਵਿੱਚ ਵਿਆਹ ਦੀ ਖਰੀਦਦਾਰੀ ਨਾਲ ਕਰੀਬ 4.25 ਲੱਖ ਕਰੋੜ ਰੁਪਏ ਦਾ ਪ੍ਰਵਾਹ ਹੋਵੇਗਾ।



ਕੈਟ ਦੀ ਅਧਿਆਤਮਿਕ ਅਤੇ ਵੈਦਿਕ ਗਿਆਨ ਕਮੇਟੀ ਦੇ ਚੇਅਰਮੈਨ ਅਤੇ ਪ੍ਰਸਿੱਧ ਵੈਦਿਕ ਵਿਦਵਾਨ ਆਚਾਰੀਆ ਦੁਰਗੇਸ਼ ਤਾਰੇ ਨੇ ਦੱਸਿਆ ਕਿ ਤਾਰਾਮੰਡਲ ਦੀ ਗਣਨਾ ਦੇ ਅਨੁਸਾਰ, ਵਿਆਹ ਦੀਆਂ ਤਰੀਖ਼ਾਂ ਦੇਵਤਾਨੀ ਇਕਾਦਸ਼ੀ, 23 ਨਵੰਬਰ ਤੋਂ ਸ਼ੁਰੂ ਹੋਣਗੀਆਂ। ਵਿਆਹ ਦਾ ਸ਼ੁਭ ਸਮਾਂ 23, 24, 27, 28 ਅਤੇ 29 ਨਵੰਬਰ ਹੈ। ਜਦੋਂ ਕਿ ਦਸੰਬਰ ਮਹੀਨੇ ਵਿੱਚ 3, 4, 7, 8, 9 ਅਤੇ 15 ਤਰੀਖ਼ ਵਿਆਹ ਲਈ ਸ਼ੁੱਭ ਹੈ। ਇਸ ਤੋਂ ਬਾਅਦ ਤਾਰਾ ਇੱਕ ਮਹੀਨੇ ਲਈ ਸੈੱਟ ਹੁੰਦਾ ਹੈ। ਮੱਧ ਜਨਵਰੀ ਤੋਂ ਇੱਕ ਵਾਰ ਫਿਰ ਸ਼ੁੱਭ ਦਿਨ ਸ਼ੁਰੂ ਹੋਣਗੇ। ਵਿਆਹ ਦੇ ਇਸ ਸੀਜ਼ਨ 'ਚ ਕਰੀਬ 6 ਲੱਖ ਵਿਆਹਾਂ 'ਚ ਪ੍ਰਤੀ ਵਿਆਹ 3 ਲੱਖ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ। 10 ਲੱਖ ਵਿਆਹਾਂ 'ਤੇ ਪ੍ਰਤੀ ਵਿਆਹ 6-12 ਲੱਖ ਰੁਪਏ ਖ਼ਰਚ ਆਵੇਗਾ। 6 ਲੱਖ ਵਿਆਹਾਂ 'ਤੇ ਪ੍ਰਤੀ ਵਿਆਹ 25 ਲੱਖ ਰੁਪਏ, 50 ਹਜ਼ਾਰ ਵਿਆਹਾਂ 'ਤੇ ਪ੍ਰਤੀ ਵਿਆਹ 50 ਲੱਖ ਰੁਪਏ ਅਤੇ 50 ਹਜ਼ਾਰ ਵਿਆਹਾਂ 'ਤੇ ਪ੍ਰਤੀ ਵਿਆਹ 'ਤੇ 1 ਕਰੋੜ ਰੁਪਏ ਜਾਂ ਇਸ ਤੋਂ ਵੱਧ ਖ਼ਰਚ ਹੋਵੇਗਾ। ਇਸ ਇਕ ਮਹੀਨੇ ਦੇ ਵਿਆਹਾਂ ਦੇ ਸੀਜ਼ਨ 'ਚ ਬਾਜ਼ਾਰਾਂ 'ਚ ਵਿਆਹ ਸ਼ਾਪਿੰਗ ਤੋਂ ਕਰੀਬ 4.25 ਲੱਖ ਕਰੋੜ ਰੁਪਏ ਦਾ ਕਾਰੋਬਾਰ ਹੋਵੇਗਾ। ਇਸ ਤੋਂ ਬਾਅਦ 15 ਜਨਵਰੀ ਤੋਂ ਇੱਕ ਵਾਰ ਫਿਰ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

25 ਅਕਤੂਬਰ ਤੋਂ 31 ਅਕਤੂਬਰ, 2023

## ਸਿਧਾਂਤਕ ਕੁਰਾਹਾ

ਪਿਛਲੇ ਸਮੇਂ ਤੋਂ ਜਿਉਂ ਹੀ ਫ਼ਿਲਮਾਂ ਰਾਹੀਂ ਇਤਿਹਾਸ ਦੱਸਣ ਦਾ ਰੁਝਾਨ ਸ਼ੁਰੂ ਹੋਇਆ ਤਾਂ ਸੁਹਿਰਦ ਸੱਜਣਾ ਨੇ ਪਹਿਲਾਂ ਹੀ ਇਸਦੇ ਨਿਕਲਣ ਵਾਲੇ ਪ੍ਰਭਾਵਾਂ ਤੋਂ ਅਗਾਹ ਕੀਤਾ ਸੀ। ਫ਼ਿਲਮਾਂ, ਸਿਨੇਮਾ ਅਤੇ ਮਨੋਰੰਜਨ ਨੂੰ ਰਾਜ ਕਰ ਰਹੀ ਧਿਰ ਆਪਣੀ ਮਰਜ਼ੀ ਨਾਲ ਚਲਾਉਂਦੀ ਹੈ। ਅਜਿਹਾ ਅਨੇਕਾਂ ਵਾਰ ਵਾਪਰਿਆ ਹੈ ਕਿ ਫ਼ਿਲਮਾਂ ਇਤਿਹਾਸ ਦੇ ਪੱਖ ਤੋਂ ਅਨੇਕਾਂ ਖਾਮੀਆਂ ਨਾਲ ਭਰੀਆਂ ਹੁੰਦੀਆਂ ਹਨ। ਇਤਿਹਾਸਿਕ ਘਟਨਾਵਾਂ ਅਤੇ ਇਤਿਹਾਸਿਕ ਨਾਇਕਾਂ ਨੂੰ ਵਿਖਾਉਣ ਤੋਂ ਬਾਅਦ ਹੁਣ ਫਿਲਮਾਂ ਬਣਾਉਣ ਵਾਲਿਆਂ ਵੱਲੋਂ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ, ਗੁਰੂ ਸਾਹਿਬਾਨ ਨਾਲ ਸਬੰਧਿਤ ਗੁਰਸਿੱਖਾਂ ਅਤੇ ਸ਼ਹੀਦਾਂ ਨੂੰ ਵੀ ਫ਼ਿਲਮਾਂ ਦੇ ਜਰੀਏ ਪਰਦੇ ਉਪਰ ਵਿਖਾਉਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਫ਼ਿਲਮ ਦਾ ਬੁਨਿਆਦੀ ਨੁਕਤਾ ਹੀ ਨਕਲ ਕਰਨ ਦਾ ਹੈ, ਚਾਹੇ ਪਾਤਰ ਕਾਲਪਨਿਕ ਹੋਵੇ ਜਾਂ ਅਸਲੀਅਤ। ਸਿੱਖ ਸਿਧਾਂਤ ਵਿੱਚ ਨਕਲ ਪ੍ਰਵਾਨ ਨਹੀਂ। ਇਸਦੇ ਬਾਵਜੂਦ ਫ਼ਿਲਮ ਬਣਾਉਣ ਵਾਲਿਆਂ ਵੱਲੋਂ ਪਿਛਲੀਆਂ ਪੈ ਗਈਆਂ ਗਲਤ ਪੈੜਾਂ ਨੂੰ ਪੱਕਿਆਂ ਕਰਨ ਦਾ ਯਤਨ ਜਾਰੀ ਰਹਿੰਦਾ ਹੈ। ਐਨੀਮੇਸ਼ਨ ਤਕਨੀਕ ਦੇ ਬਹਾਨੇ 'ਚਾਰ ਸਾਹਿਬਜ਼ਾਦੇ' ਫਿਲਮ ਸਿੱਖ ਸੰਗਤ ਵਿੱਚ ਥਾਂ ਬਣਾਉਣ ਵਿੱਚ ਕਾਮਯਾਬ ਹੋ ਗਈ। ਇਸੇ ਤਕਨੀਕ ਦੇ ਆਸਰੇ ਹੁਣ ਅਗਲੀਆਂ ਫਿਲਮਾਂ ਵਿੱਚ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਮਹਿਲ, ਸਾਹਿਬਜਾਦੇ ਅਤੇ ਸ਼ਹੀਦ ਸਿੰਘਾਂ ਦੀ ਨਕਲ ਉਤਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐਨੀਮੇਸ਼ਨ ਤਕਨੀਕ ਦੀਆਂ ਲੀਹਾਂ ਪੱਕ ਜਾਣ ਤੋਂ ਬਾਅਦ ਸਾਹਿਬਜਾਦਿਆਂ ਦੀ ਨਕਲ ਬੱਚਿਆਂ ਵੱਲੋਂ ਕਰਵਾਉਣ ਦੇ ਰਾਹ ਖੋਲ੍ਹੇ ਜਾਣ ਦਾ ਯਤਨ ਪਿਛਲੇ ਸਾਲ ਵਿਵਾਦਤ ਫਿਲਮ 'ਦਾਸਤਾਨ–ਏ–ਸਰਹਿੰਦ' ਰਾਹੀਂ ਕੀਤਾ ਗਿਆ ਸੀ। ਅਜਿਹਾ ਰਾਹ ਖੋਲ੍ਹਣਾ ਸਿੱਖ ਸਿਧਾਂਤ ਦੇ ਵਿਰੁੱਧ ਹੈ। ਜਿਸ ਦਾ ਹਰ ਹਾਲ ਵਿਰੋਧ ਕੀਤਾ ਜਾਵੇਗਾ, ਜਦ ਤੱਕ ਕਿ ਇਹ ਦਸਤੂਰ ਬੰਦ ਨਹੀਂ ਹੁੰਦਾ।

ਪਿਛਲੇ ਸਾਲ ਨਵੰਬਰ ਦੇ ਅੱਧ ਵਿੱਚ ਜਦੋਂ ਫਿਲਮ 'ਦਾਸਤਾਨ–ਏ–ਸਰਹੰਦ' ਦੀ ਝਲਕ ਤੇ ਇਸ ਦਾ ਇਸ਼ਤਿਹਾਰ ਬਿਜਲ ਸੱਥ (ਸੋਸ਼ਲ ਮੀਡੀਆ) ਰਾਹੀਂ ਸਿੱਖ ਸੰਗਤ ਦੇ ਧਿਆਨ 'ਚ ਆਇਆ ਤਾਂ ਸੰਗਤਾਂ ਨੇ ਵੱਖ–ਵੱਖ ਤਰੀਕੇ ਇਸ ਫਿਲਮ ਦਾ ਵਿਰੋਧ ਕੀਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫਿਲਮ ਨੂੰ ਤੁਰੰਤ ਰੋਕਣ ਲਈ ਕਿਹਾ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਰੁਝਾਨ ਨੂੰ ਪੱਕੀ ਠੱਲ੍ਹ ਪਾਉਣ ਲਈ ਹੁਕਮਨਾਮਾ ਜਾਰੀ ਕਰਨ ਲਈ ਕਿਹਾ ਗਿਆ। ਲਗਾਤਾਰ ਵਿਰੋਧ ਕਾਰਨ ਸ਼੍ਰੋਮਣੀ ਕਮੇਟੀ ਦਫਤਰ ਤੋਂ ਜਾਰੀ ਬਿਆਨ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਫਿਲਮ ਦੇ ਰਿਲੀਜ਼ 'ਤੇ ਤੁਰੰਤ ਰੋਕ ਲਗਾਉਣ ਲਈ ਬਿਆਨ ਜਾਰੀ ਕੀਤਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਮਤਾ ਵੀ ਪਾਇਆ ਗਿਆ ਕਿ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰੂ ਸਾਹਿਬਾਨ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਬਾਰੇ ਹਰ ਤਰ੍ਹਾਂ ਦੀਆਂ ਫ਼ਿਲਮਾਂ ਬਣਾਉਣ 'ਤੇ ਮੁਕੰਮਲ ਰੋਕ ਲਗਾਈ ਜਾਂਦੀ ਹੈ।

ਪਿਛਲੇ ਮਹੀਨਿਆਂ ਵਿੱਚ ਜਾਰੀ ਹੋਈ ਫਿਲਮ 'ਮਸਤਾਨੇ' ਤੋਂ ਬਾਅਦ ਅਤੇ ਲੋਕਾਂ ਵਲੋਂ ਇਸਨੂੰ ਪ੍ਰਵਾਨ ਕਰ ਲੈਣ ਤੋਂ ਬਾਅਦ 'ਦਾਸਤਾਨ–ਏ–ਸਰਹਿੰਦ' ਫਿਲਮ ਨੂੰ ਮੁੜ ਤੋਂ ਜਾਰੀ ਕਰਨ ਦਾ ਫਿਲਮ ਬਣਾਉਣ ਵਾਲਿਆਂ ਵੱਲੋਂ ਐਲਾਨ ਹੋਇਆ ਹੈ। ਇਸ ਸਬੰਧੀ ਫਿਲਮ ਦੇ ਕਲਾਕਾਰਾਂ ਤੇ ਫਿਲਮ 'ਤੇ ਪੈਸਾ ਲਾਉਣ ਵਾਲੇ ਬੰਦਿਆਂ ਵੱਲੋਂ ਪੱਤਰਕਾਰ ਮਿਲਣੀ (ਪ੍ਰੈੱਸ ਕਾਨਫਰੰਸ) ਵੀ ਕੀਤੀ ਗਈ। ਜਦੋਂ ਪੱਤਰਕਾਰਾਂ ਵਲੋਂ ਪਿਛਲੀ ਵਾਰ ਫਿਲਮ ਦਾ ਵਿਰੋਧ ਹੋਣ ਦੇ ਬਾਰੇ ਪੁੱਛਿਆ ਗਿਆ ਅਤੇ ਪੁੱਛਿਆ ਗਿਆ ਕੀ ਇਤਰਾਜ਼ਯੋਗ ਹਿੱਸੇ ਕੱਟ ਦਿੱਤੇ ਗਏ ਤਾਂ ਕਲਾਕਾਰ ਗੁਰਪ੍ਰੀਤ ਘੁੱਗੀ ਫਿਲਮ ਵਿੱਚ ਹੋਈਆਂ ਤਬਦੀਲੀਆਂ ਤੋਂ ਪੂਰੀ ਤਰ੍ਹਾਂ ਅਣਜਾਣ ਸੀ। ਫਿਲਮ ਪ੍ਰੋਡਿਊਸਰ ਨੇ ਕਿਹਾ ਕਿ ਕੁਝ ਇਤਰਾਜ਼ਯੋਗ ਹੈ ਹੀ ਨਹੀਂ ਸੀ, ਤਾਂ ਫੇਰ ਫਿਲਮ ਵਿਚੋਂ ਕੁਝ ਕੱਟਣ/ਬਦਲਣ ਦੀ ਲੋੜ ਹੀ ਨਹੀਂ ਸੀ। ਉਹਨਾਂ ਕਿਹਾ ਕਿ ਸਿਰਫ ਦੱਸਣ/ਸਮਝਾਉਣ ਵਿੱਚ (ਕਮਿਉਨੀਕੇਸ਼ਨ ਗੈਪ) ਘਾਟ ਸੀ। ਅੱਗੇ ਕਿਹਾ ਕਿ ਇਤਰਾਜ਼ ਕਰਨ ਵਾਲੇ ਹਿੱਸਿਆਂ ਅਤੇ ਸ਼੍ਰੋਮਣੀ ਕਮੇਟੀ ਨੂੰ ਗੱਲਬਾਤ ਸਾਫ ਕਰ ਦਿੱਤੀ ਗਈ ਹੈ। ਪੱਤਰਕਾਰ ਮਿਲਣੀ ਤੋਂ ਜਾਪਦਾ ਹੈ ਕਿ ਉਹ ਖੁਦ ਸੰਗਤ ਦੇ ਇਤਰਾਜਾਂ ਤੋਂ ਅਣਜਾਣ ਹਨ ਜਾਂ ਅਣਜਾਣ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਸੰਗਤ ਨੂੰ ਫਿਲਮ ਦੇ ਕੁਝ ਹਿੱਸਿਆਂ ਦੇ ਉਤੇ ਹੀ ਇਤਰਾਜ਼ ਨਹੀਂ, ਬਲਕਿ ਇਸ ਤਰ੍ਹਾਂ ਦੇ ਫ਼ਿਲਮਾਂ ਬਣਾਉਣ ਦੀ ਪੂਰੀ ਕਵਾਇਦ ਉਤੇ ਹੀ ਇਤਰਾਜ਼ ਹੈ, ਜਿਸ ਵਿੱਚ ਗੁਰੂ ਸਾਹਿਬਾਨ, ਗੁਰਸਿੱਖਾਂ ਅਤੇ ਸ਼ਹੀਦਾਂ ਦੀ ਨਕਲ ਉਤਾਰੀ ਗਈ ਹੋਵੇ।

ਪ੍ਰੋਡਿਊਸਰ ਦੇ ਦਾਅਵੇ ਮੁਤਾਬਿਕ ਸ਼੍ਰੋਮਣੀ ਕਮੇਟੀ ਨੇ ਮਨਜੂਰੀ ਦੇ ਦਿੱਤੀ ਹੈ ਪਰ ਸੰਗਤ ਵੱਲੋਂ ਫੋਨ ਕਰਨ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਕਹਿ ਰਹੇ ਹਨ ਕਿ ਅਸੀਂ ਕੋਈ ਮਨਜ਼ੂਰੀ ਨਹੀਂ ਦਿੱਤੀ ਅਤੇ ਨਾ ਹੀ ਦੇਈਏ। ਫਿਲਮ ਵਾਲੇ ਨਾਲ ਇਹ ਵੀ ਕਹਿ ਰਹੇ ਹਨ ਕਿ ਇਤਰਾਜ ਕਰਨ ਵਾਲਿਆਂ ਨੇ ਵੀ ਸਹਿਮਤੀ ਦੇ ਦਿੱਤੀ ਹੈ। ਜਦੋਂਕਿ ਸਿੱਖ ਸੰਗਤ ਵੱਲੋਂ ਤਾਂ ਹੁਣ ਵੀ ਵਿਰੋਧ ਹੋ ਰਿਹਾ ਹੈ। ਬੀਤੇ ਦਿਨੀਂ ਸੰਗਰੂਰ ਦੇ ਸਿਨੇਮੇ ਘਰਾਂ ਨੂੰ ਸੰਗਤ ਨੇ ਫਿਲਮ ਨਾ ਚਲਾਉਣ ਲਈ ਹੁਕਮ ਕੀਤਾ ਹੈ ਅਤੇ ਸਿਨੇਮਾ ਵਾਲਿਆਂ ਵੱਲੋਂ ਫਿਲਮ ਦੇ ਬੋਰਡ ਵੀ ਹਟਵਾਏ ਗਏ ਹਨ। ਸੋ ਜਦੋਂ ਕੋਈ ਮਨਜ਼ੂਰੀ ਅਤੇ ਸਹਿਮਤੀ ਨਹੀਂ ਦਿੱਤੀ ਗਈ ਤਾਂ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਿਉਂ ਹੋ ਰਹੀ ਹੈ ? ਪੱਤਰਕਾਰ ਮਿਲਣੀ ਵਿੱਚ ਗੁਰਪ੍ਰੀਤ ਘੁੱਗੀ ਅਤੇ ਫਿਲਮ ਪ੍ਰੋਡਿਊਸਰ ਵੱਲੋਂ ਗੋਲਮੋਲ ਤਰੀਕੇ ਨਾਲ ਗੱਲ ਕਰਦਿਆਂ ਭਾਵੁਕ ਕਰਕੇ ਗੁਰੂ ਸਾਹਿਬਾਨਾਂ ਦਾ ਸਵਾਂਗ ਮਨਜੂਰ ਕਰਵਾਉਣ ਦੇ ਰਾਹ ਖੋਲਣ ਦੇ ਯਤਨ ਕੀਤੇ ਜਾ ਰਹੇ ਹਨ।

ਫਿਲਮ ਬਣਾਉਣ ਵਾਲੇ ਇਹ ਗੱਲ ਮੰਨਣ ਤੋਂ ਇਨਕਾਰੀ ਹਨ ਕਿ ਫਿਲਮ ਗ਼ਲਤ ਬਣੀ ਹੈ। ਬਲਕਿ ਸਮੇਂ–ਸਮੇਂ 'ਤੇ ਇਸ ਵੱਡੀ ਗਲਤੀ/ਕੁਤਾਹੀ ਨੂੰ ਸਿੱਖ ਕੌਮ ਦੇ ਮੱਥੇ 'ਤੇ ਮੜਨ ਦੀ ਕੋਸ਼ਿਸ਼ ਹੁੰਦੀ ਰਹਿੰਦੀ ਹੈ। ਸਿੱਖ ਸੰਗਤ ਸਪਸ਼ਟ ਹੈ ਕਿ ਕੀ ਪ੍ਰਵਾਨ ਨਹੀਂ ਅਤੇ ਕਿਸ ਗੱਲ ਦੀ ਸਹਿਮਤੀ ਨਹੀਂ। ਤਾਂ ਵੀ ਫਿਲਮਸਾਜ਼ਾਂ ਦੁਆਰਾ ਸੰਗਤ ਦੇ ਫੈਸਲੇ ਦੇ ਵਿਰੁੱਧ ਫਿਲਮ ਬਣਾ ਲਈ ਜਾਂਦੀ ਹੈ ਅਤੇ ਫੇਰ ਆਪਣੀ ਅੜੀ ਨੂੰ ਪੁਗਾਉਣ ਲਈ ਝੂਠ ਦੇ ਸਹਾਰੇ ਫਿਲਮ ਚਲਾਉਣ ਲਈ ਜ਼ੋਰ ਲਗਾਇਆ ਜਾਂਦਾ ਹੈ। ਸਿੱਖ ਸੰਗਤ ਅਤੇ ਸਿੱਖ ਸੰਸਥਾਵਾਂ ਨੂੰ ਇਸ ਕਵਾਇਦ ਨੂੰ ਰੋਕਣ ਲਈ ਪੱਕਾ ਬਾਨਣੂ ਮਾਰਨ ਦੀ ਲੋੜ ਹੈ। ਫਿਲਮਾਂ ਵਾਲਿਆਂ ਵੱਲੋਂ ਜਾਰੀ ਕੀਤੇ ਇਸਤਿਹਾਰ ਮੁਤਾਬਕ ਭਾਈ ਜੈਤਾ ਜੀ ਦੇ ਜੀਵਨ 'ਤੇ ਗਿੱਪੀ ਗਰੇਵਾਲ ਵੱਲੋਂ ਅਤੇ ਬੀਬੀ ਰਜਨੀ ਉਪਰ ਸੁਨੰਦਾ ਸ਼ਰਮਾ ਵੱਲੋਂ, ਮਹਾਰਾਣੀ ਜਿੰਦ ਕੌਰ 'ਤੇ ਨਿਮਰਤ ਖਹਿਰਾ ਵੱਲੋਂ ਫਿਲਮ ਬਣਾਉਣ ਦੀ ਤਿਆਰੀ ਹੈ। ਜੇਕਰ ਇਹਨਾਂ ਮਸਲਿਆਂ ਦਾ ਕੋਈ ਪੱਕਾ ਹੱਲ ਨਾ ਕੀਤਾ ਗਿਆ ਤਾਂ ਸਿੱਖ ਸੰਗਤ ਨੂੰ ਇਸ ਕੁਰਾਹੇ ਨੂੰ ਰੋਕਣ ਲਈ ਵੱਡੀਆਂ ਮੁਸ਼ਕਤਾਂ ਕਰਨੀਆਂ ਪੈ ਸਕਦੀਆਂ ਹਨ। ਜੇਕਰ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਇਹ ਇਤਿਹਾਸ ਦਾ ਸਭ ਤੋਂ ਭਿਆਨਕ ਸਮਾਂ ਸਿੱਧ ਹੋਵੇਗਾ ਜਿਸ ਦੌਰਾਨ ਸਾਡੇ ਵੱਲੋਂ ਅਤੇ ਸਾਡੀਆਂ ਸੰਸਥਾਵਾਂ ਵੱਲੋਂ ਵੱਟੀ ਚੁੱਪ ਦੇ ਘਾਤਕ ਨਤੀਜੇ ਸਾਡੀਆਂ ਆਉਂਦੀਆਂ ਪੀੜ੍ਹੀਆਂ ਭੁਗਤਣਗੀਆਂ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਸਿਆਸੀ ਆਗੂਆਂ ਨੂੰ ਅਕਸ ਸੁਧਾਰਨ ਦੀ ਜ਼ਰੂਰਤ

**ਗਿਆਨ ਸਿੰਘ**



ਲੋਕ ਸਭਾ ਚੋਣਾਂ–2024 ਜਿਵੇਂ–ਜਿਵੇਂ ਨੇੜੇ ਆ ਰਹੀਆਂ ਹਨ, ਪੰਜਾਬ ਦੀ ਰਾਜਨੀਤਕ ਸਥਿਤੀ ਵਿੱਚ ਵੀ ਦਿਨ–ਬ–ਦਿਨ ਉਤਰਾਅ–ਚੜ੍ਹਾਅ ਆ ਰਿਹਾ ਹੈ। ਕਿਸੇ ਵੀ ਸਿਆਸੀ ਪਾਰਟੀ ਦਾ ਆਗੂ ਆਪਣੀ ਪਾਰਟੀ ਦੇ ਵਰਕਰਾਂ ਉੱਪਰ ਪੂਰਨ ਰੂਪ ਵਿੱਚ ਵਿਸ਼ਵਾਸ ਨਹੀਂ ਕਰ ਸਕਦਾ। ਸਾਰੀਆਂ ਸਿਆਸੀ ਪਾਰਟੀਆਂ ਅੰਦਰੂਨੀ ਫੁੱਟ ਦਾ ਸਾਹਮਣਾ ਕਰ ਰਹੀਆਂ ਹਨ। ਪਹਿਲਾਂ ਪਾਰਟੀਆਂ ਦੇ ਵਰਕਰ ਵਫ਼ਾਦਾਰੀਆਂ ਨਿਭਾਉਂਦੇ ਸਨ ਅਤੇ ਆਪੋ–ਆਪਣੀ ਪਾਰਟੀ ਪ੍ਰਤੀ ਸਮਰਪਣ–ਭਾਵਨਾ ਨਾਲ ਕੰਮ ਕਰਦੇ ਸਨ।

ਜ਼ਮਾਨਾ ਬਦਲਣ ਦੇ ਨਾਲ–ਨਾਲ ਪਾਰਟੀਆਂ ਦੇ ਵਰਕਰਾਂ ਨੇ ਵੀ ਆਪਣੇ ਆਗੂਆਂ ਦੇ ਪਦਚਿੰਨ੍ਹਾਂ 'ਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ। ਸਿਆਸੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਵਿੱਚ ਲਾਹਾ ਲੈਣ ਦੀ ਨੀਤੀ ਭਾਰੂ ਹੋ ਰਹੀ ਹੈ। ਇਸ ਵੇਲੇ ਸਥਿਤੀ ਇਹ ਬਣੀ ਹੋਈ ਹੈ ਕਿ ਕੋਈ ਵੀ ਪਾਰਟੀ ਦਮਗਜਾ ਮਾਰ ਕੇ ਨਹੀਂ ਕਹਿ ਸਕਦੀ ਕਿ ਉਸ ਦੇ ਵਰਕਰ ਚੱਟਾਨ ਵਾਂਗ ਉਸ ਦੇ ਨਾਲ ਖੜ੍ਹੇ ਹਨ।

ਸਿਆਸੀ ਪਾਰਟੀਆਂ ਪ੍ਰਤੀ ਵਫ਼ਾਦਾਰੀਆਂ ਦਾਅ 'ਤੇ ਲੱਗੀਆਂ ਹੋਈਆਂ ਹਨ। ਪਾਰਟੀਆਂ ਦੇ ਆਗੂ ਤੇ ਵਰਕਰ ਆਪਣੇ ਨਿੱਜੀ ਲਾਭਾਂ ਦੀ ਖ਼ਾਤਰ ਦਲਬਦਲੂ ਨੀਤੀ ਨੂੰ ਤਰਜੀਹ ਦੇਣ ਲੱਗ ਪਏ ਹਨ। ਇਸ ਬਿਰਤੀ ਦਾ ਮੂਲ ਕਾਰਨ ਅਹੁਦਾ, ਸਿਆਸੀ ਤਾਕਤ ਤੇ ਪੈਸਾ ਹੈ। ਸਾਡੇ ਨੇਤਾ ਭਾਵੇਂ ਕਿਸੇ ਵੀ ਰਾਜਨੀਤਕ ਪਾਰਟੀ ਨਾਲ ਸਬੰਧਤ ਹੋਣ, ਜਦੋਂ ਉਨ੍ਹਾਂ ਦੇ ਪਿਛੋਕੜ ਵੱਲ ਝਾਤੀ ਮਾਰਦੇ ਹਾਂ ਤਾਂ ਉਨ੍ਹਾਂ ਬਾਰੇ ਭੇਤ ਖੁੱਲ੍ਹਦੇ ਹਨ। ਸੱਤਾ ਪਰਿਵਰਤਨ ਦੇ ਨਾਲ–ਨਾਲ ਰਾਜ ਕਰ ਚੁੱਕੇ ਨੇਤਾਵਾਂ ਦੀਆਂ ਜ਼ਮੀਨਾਂ–ਜਾਇਦਾਦਾਂ, ਕੋਠੀਆਂ–ਕਾਰਾਂ, ਬੰਗਲੇ ਅਤੇ ਰਿਸ਼ਤੇਦਾਰਾਂ ਦੀਆਂ ਸੰਪਤੀਆਂ ਤੇ ਉਨ੍ਹਾਂ ਦੇ ਰਹਿਣ–ਸਹਿਣ ਵੱਲ ਆਮ ਨਾਗਰਿਕ ਵੇਖਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਵੀ ਲਾਲਸਾ ਪੈਦਾ ਹੁੰਦੀ ਹੈ। ਸੱਤਾ ਵਿਚ ਆਈ ਨਵੀਂ ਸਰਕਾਰ ਦੇ ਕਰਤੇ–ਧਰਤੇ ਰਾਜਭਾਗ ਭੋਗ ਚੁੱਕੇ ਨੇਤਾਵਾਂ ਵੱਲੋਂ ਕੀਤੀਆਂ ਧਾਂਦਲੀਆਂ ਦਾ ਪਰਦਾਫ਼ਾਸ਼ ਕਰ ਕੇ ਲੋਕਾਂ/ਵੋਟਰਾਂ ਸਾਹਮਣੇ ਆਪਣੇ–ਆਪ ਨੂੰ ਲੋਕ ਸੇਵਕ ਹੋਣ ਦਾ ਦਾਅਵਾ ਕਰਦੇ ਹਨ। ਸਿਆਸਤ ਲੋਕ ਸੇਵਾ ਦਾ ਖੇਤਰ ਨਹੀਂ ਰਹੀ ਸਗੋਂ ਇਸ ਨੂੰ ਵੀ ਸਾਡੇ ਨੇਤਾਵਾਂ ਨੇ ਵਪਾਰ ਬਣਾ ਦਿੱਤਾ ਹੈ।

ਲੋਕਤੰਤਰ ਵਿਚ ਸਭ ਤੋਂ ਛੋਟੀ ਇਕਾਈ ਪਿੰਡ ਦੀ ਪੰਚਾਇਤ ਹੈ। ਉਸ ਦੀ ਚੋਣ ਵੀ ਆਰਥਿਕ ਅਤੇ ਸਿਆਸੀ ਪ੍ਰਭਾਵ ਤੋਂ ਮੁਕਤ ਨਹੀਂ ਰਹੀ। ਪੰਚਾਇਤਾਂ, ਰਾਜ ਸਰਕਾਰ ਦੇ ਵਿਧਾਨਕਾਰਾਂ ਤੇ ਸਰਬਉੱਚ ਸੰਸਥਾ ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਦੀ ਜਿਸ ਤਰੀਕੇ ਨਾਲ ਸਿਆਸੀ ਪਾਰਟੀਆਂ ਚੋਣ ਕਰਦੀਆਂ ਹਨ, ਉਸ ਵਿਚ ਖ਼ਰੀਦੋ–ਫ਼ਰੋਖ਼ਤ ਕੀਤੀ ਜਾਂਦੀ ਹੈ। ਚੋਣ ਜਿੱਤਣ ਲਈ ਸਿਰ–ਧੜ ਦੀ ਬਾਜ਼ੀ ਲੱਗ ਜਾਂਦੀ ਹੈ ਤੇ ਪੈਸੇ ਦੇ ਖ਼ਰਚੇ ਦੀ ਕੋਈ ਸੀਮਾ ਨਹੀਂ ਹੁੰਦੀ। ਦਲਬਦਲੀ ਕਰਨ ਵਾਲੇ ਆਗੂ, ਵਫ਼ਾਦਾਰ ਵਰਕਰਾਂ ਲਈ ਮੁਸੀਬਤ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਟਿਕਟਾਂ ਤੇ ਅਹੁਦਿਆਂ ਦੇ ਵਾਅਦੇ ਕੀਤੇ ਜਾਂਦੇ ਹਨ।

ਅਜਿਹੀ ਸਥਿਤੀ ਵਿੱਚ ਪਾਰਟੀ ਦੇ ਵਫ਼ਾਦਾਰ ਵਰਕਰ ਦੂਜੀਆਂ ਪਾਰਟੀਆਂ ਵੱਲ ਰੁਖ਼ ਕਰ ਲੈਂਦੇ ਹਨ। ਪੰਜਾਬ ਵਿੱਚ ਡੇਢ ਸਾਲ ਪਹਿਲਾਂ ਲੋਕਾਂ ਨੇ ਕਾਂਗਰਸ, ਅਕਾਲੀ ਦਲ ਪਾਰਟੀਆਂ ਦੇ ਬਦਲ ਵਜੋਂ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਚੋਣ ਕੀਤੀ ਸੀ ਕਿ ਸ਼ਾਇਦ ਪੰਜਾਬ ਦੇ ਹਾਲਾਤ ਵਿੱਚ ਸੁਧਾਰ ਆਵੇਗਾ। ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਣ ਕਰਕੇ ਪੰਜਾਬ ਵਿੱਚ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਰਾਜਾਂ ਦੀਆਂ ਸ਼ਕਤੀਆਂ ਆਪਣੇ ਹੱਥ ਵਿਚ ਕਰਨਾ ਚਾਹੁੰਦੀ ਹੈ ਤੇ ਰਾਜ ਸਰਕਾਰ ਅੰਦਰੂਨੀ ਸਾਰੀਆਂ ਸ਼ਕਤੀਆਂ 'ਤੇ ਆਪ ਕਬਜ਼ਾ ਕਰਨਾ ਚਾਹੁੰਦੀ ਹੈ। ਇਸੇ ਕਰਕੇ ਆਮ ਲੋਕਾਂ ਵਿਚ ਮਾਯੂਸੀ ਹੈ। ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਦਾ ਟਕਰਾਅ, ਪੰਜਾਬ ਦੇ ਵਿਕਾਸ 'ਤੇ ਸਵਾਲੀਆ ਚਿੰਨ੍ਹ ਹੈ। ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਵਿਰਾਸਤ ਵਿੱਚ ਮਿਲਿਆ ਕਰਜ਼ਾ ਅਤੇ ਖ਼ਜ਼ਾਨੇ ਦੀ ਚਿੰਤਾਜਨਕ ਸਥਿਤੀ ਹੋਣ ਦੇ ਬਾਵਜੂਦ ਵਿਕਾਸ ਦੇ ਨਾਂ 'ਤੇ ਲਏ ਜਾ ਰਹੇ ਕਰੋੜਾਂ ਰੁਪਏ ਦੇ ਕਰਜ਼ੇ 'ਤੇ ਵੀ ਸਵਾਲੀਆ ਚਿੰਨ੍ਹ ਲੱਗ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੋਟਰਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕਰਨ ਵੱਲ ਕਿੰਨਾ ਕੁ ਧਿਆਨ ਦਿੱਤਾ ਹੈ, ਲੋਕ ਕਿੰਨੇ ਕੁ ਸੰਤੁਸ਼ਟ ਹਨ ?




ਪੰਜਾਬ ਦੇ ਕਿਸਾਨਾਂ, ਮੁਲਾਜ਼ਮਾਂ, ਦੁਕਾਨਦਾਰਾਂ, ਔਰਤਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ 'ਚੋਂ ਕਿੰਨੇ ਵਾਅਦੇ ਪੂਰੇ ਹੋਏ ਤੇ ਲੋਕਾਂ ਦੇ ਆਮ ਜੀਵਨ 'ਤੇ ਕੀ ਪ੍ਰਭਾਵ ਪਿਆ ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਬ ਦੀ ਜਵਾਨੀ ਦਾ ਰੁਝਾਨ ਵਿਦੇਸ਼ਾਂ ਵੱਲ ਵਧਦਾ ਜਾ ਰਿਹਾ ਹੈ। ਬੇਰੁਜ਼ਗਾਰ ਟੈਂਕੀਆਂ 'ਤੇ ਚੜ੍ਹਨ ਲਈ ਮਜਬੂਰ ਹੋ ਰਹੇ ਹਨ। ਕਿਸਾਨਾਂ ਤੇ ਮੁਲਾਜ਼ਮਾਂ ਦੀਆਂ ਜੱਥੇਬੰਦੀਆਂ, ਪੈਨਸ਼ਨਰਜ਼ ਐਸੋਸੀਏਸ਼ਨਾਂ ਆਪਣੇ ਹੱਕਾਂ ਲਈ ਧਰਨੇ/ਮੁਜ਼ਾਹਰੇ ਕਰਨ ਲਈ ਮਜਬੂਰ ਹਨ।

ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਸੱਤਾ ਵਿੱਚ ਆਈ ਤਾਂ ਨਸ਼ਾ ਖ਼ਤਮ ਕਰੇਗੀ ਪਰ ਨਸ਼ਾ ਅਜੇ ਵੀ ਵਿਕ ਰਿਹਾ ਹੈ ਕਿਉਂਕਿ ਇਸ ਕਾਲੇ ਕਾਰੋਬਾਰ ਦੀਆਂ ਜੜ੍ਹਾਂ ਡੂੰਘੇਰੀਆਂ ਹਨ। ਬੇਰੁਜ਼ਗਾਰਾਂ ਦਾ ਰੁਝਾਨ ਲੁੱਟਾਂ–ਖੋਹਾਂ ਵੱਲ ਹੋ ਰਿਹਾ ਹੈ। ਅਮਨ–ਕਾਨੂੰਨ ਦੀ ਸਥਿਤੀ ਚਿੰਤਾਜਨਕ ਹੋ ਰਹੀ ਹੈ। ਰਿਸ਼ਵਤਖੋਰੀ ਰੁਕ ਨਹੀਂ ਰਹੀ ਜਿਸ ਦਾ ਕਾਰਨ ਸਾਡੇ ਨੇਤਾ ਹੀ ਹਨ। ਵਿਦੇਸ਼ਾਂ ਵਿਚ ਚੁਣੇ ਹੋਏ ਨੁਮਾਇੰਦੇ ਆਪਣੀਆਂ ਗੱਡੀਆਂ ਆਪ ਚਲਾਉਂਦੇਹਨ। ਉਨ੍ਹਾਂ ਨਾਲ ਕੋਈ ਬਾਡੀਗਾਰਡ ਨਹੀਂ ਹੁੰਦਾ। ਪੰਜਾਬ ਵਿੱਚ ਕੋਈ ਸਮਾਂ ਸੀ ਜਦੋਂ ਵਿਧਾਇਕ ਸਰਕਾਰੀ ਬੱਸਾਂ ਵਿੱਚ ਸਫ਼ਰ ਕਰਦੇ ਸਨ ਤੇ ਲੋਕਾਂ ਦੇ ਕੰਮ ਵੀ ਸੌਖੇ ਹੋ ਜਾਂਦੇ ਸਨ। ਅਜੋਕੇ ਦੌਰ ਵਿੱਚ ਸਾਡੇ ਵਿਧਾਇਕਾਂ ਨੂੰ ਸਰਕਾਰੀ ਗੱਡੀਆਂ ਤੇ ਨਾਲ ਹੀ ਸੁਰੱਖਿਆ ਅਮਲਾ ਵੀ ਮਿਲਿਆ ਹੋਇਆ ਹੈ। ਇਹੀ ਨਹੀਂ, ਵੋਟਾਂ ਵੇਲੇ ਮਦਦ ਕਰਨ ਵਾਲੇ ਦਰਜਨਾਂ ਲੋਕ ਹਰ ਵੇਲੇ ਨਾਲ ਤੁਰੇ ਫਿਰਦੇ ਹਨ। ਉਨ੍ਹਾਂ ਦੀ ਆਮਦਨ ਤੇ ਖ਼ਰਚ ਦੇ ਕਿਹੜੇ ਸਾਧਨ ਹਨ। ਰਿਸ਼ਵਤ ਰੋਕਣ ਲਈ ਸਰਕਾਰ ਨੂੰ ਪਹਿਲਾਂ ਆਪਣੇ ਵਿਧਾਇਕਾਂ, ਅਹੁਦੇਦਾਰਾਂ ਦਾ ਮੁਲਾਂਕਣ ਕਰਨਾ ਹੋਵੇਗਾ। ਪੰਜਾਬ ਸਰਕਾਰ ਇਸ ਸਾਲ ਦੇ ਰਹਿੰਦੇ ਤਿੰਨ ਮਹੀਨਿਆਂ ਅੰਦਰ ਸਾਰਾ ਕੰਮ ਚੁਸਤ–ਦਰੁਸਤ ਕਰਨ ਲਈ 23 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਇਮਾਨਦਾਰ ਅਫ਼ਸਰਾਂ ਨੂੰ ਲਗਾਵੇ ਜੋ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਹੇਠਲੇ ਅਫ਼ਸਰਾਂ ਤੇ ਕਰਮਚਾਰੀਆਂ ਦੀ ਨਿਗਰਾਨੀ ਕਰ ਸਕਣ।

ਮਹਿਕਮਿਆਂ ਜਾਂ ਮੁਲਾਜ਼ਮਾਂ ਉੱਪਰ ਵਾਧੂ ਖ਼ਰਚਾ ਪਾਉਣਾ ਬੰਦ ਕੀਤਾ ਜਾਵੇ ਅਤੇ ਖ਼ਰਚਿਆਂ ਦੀ ਪੂਰਤੀ ਸਰਕਾਰ ਕਰੇ। ਜ਼ਿਲ੍ਹਿਆਂ ਵਿੱਚੋਂ ਠੇਕੇਦਾਰੀ ਸਿਸਟਮ ਬੰਦ ਕਰ ਕੇ ਨਵੀਆਂ ਅਸਾਮੀਆਂ ਪੈਦਾ ਕਰਨ ਦੀ ਲੋੜ ਹੈ। ਲੋਕਾਂ ਦੀ ਸੁਵਿਧਾ ਲਈ ਖੋਲ੍ਹੇ ਸੁਵਿਧਾ ਕੇਂਦਰ ਲੋਕਾਂ ਲਈ ਅਸੁਵਿਧਾ ਦਾ ਕਾਰਨ ਹਨ ਕਿਉਂਕਿ ਸਰਕਾਰੀ ਮਹਿਕਮੇ ਉਨ੍ਹਾਂ ਠੇਕੇ ਦੇ ਮੁਲਾਜ਼ਮਾਂ ਦੇ ਮੋਢਿਆਂ 'ਤੇ ਬੰਦੂਕ ਰੱਖ ਕੇ ਚਲਾਉਂਦੇਹਨ। ਫਾਈਲ ਸੁਵਿਧਾ ਕੇਂਦਰ ਵਿਖੇ ਜਮ੍ਹਾ ਕਰਵਾਓ ਤੇ ਰਸੀਦ ਲੈ ਕੇ ਸਬੰਧਤ ਸਰਕਾਰੀ ਮੁਲਾਜ਼ਮਾਂ ਕੋਲ ਜਾਓ ਤਾਂ ਉਹ ਲੋਕਾਂ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੇ। ਹਰ ਸਰਕਾਰੀ ਮਹਿਕਮੇ ਦਾ ਵੱਖਰਾ–ਵੱਖਰਾ ਸੁਵਿਧਾ ਕਾਊਂਟਰ ਬਣੇ ਤੇ ਸਰਕਾਰੀ ਮੁਲਾਜ਼ਮਾਂ ਦੀ ਸਿੱਧੀ ਜ਼ਿੰਮੇਵਾਰੀ ਫਿਕਸ ਕਰਨ ਦੀ ਲੋੜ ਹੈ। ਕੈਨੇਡਾ–ਭਾਰਤ ਦੀਆਂ ਸਰਕਾਰਾਂ ਵਿਚਕਾਰ ਜੋ ਕਸ਼ਮਕਸ਼ ਚੱਲ ਰਹੀ ਹੈ, ਉਸ ਦਾ ਸਿੱਧਾ ਪ੍ਰਭਾਵ ਪੰਜਾਬ ਦੇ ਲੋਕਾਂ ਤੇ ਪੈਣਾ ਹੈ ਕਿਉਂਕਿ ਵੱਡੀ ਗਿਣਤੀ ਵਿਚ ਪੰਜਾਬੀ ਕੈਨੇਡਾ ਜਾ ਕੇ ਵਸੇ ਹੋਏ ਹਨ ਜਾਂ ਵਸਣ ਦੀਆਂ ਯੋਜਨਾਵਾਂ ਬਣਾ ਰਹੇ ਹਨ।

ਪੰਜਾਬ ਸਰਕਾਰ ਨੇ 5 ਜਨਵਰੀ ਨੂੰ ਐੱਨਆਰਆਈ ਚੋਣਾਂ ਦਾ ਬਿਗੁਲ ਵਜਾ ਕੇ ਵਿਦੇਸ਼ੀ ਪੰਜਾਬੀਆਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਸੁਰੂ ਕਰ ਦਿੱਤੀ ਸੀ ਪਰ ਕੇਂਦਰ ਦੀ ਭਾਜਪਾ ਸਰਕਾਰ ਇਸ ਨੂੰ ਰੋਕਣ ਲਈ ਯਤਨਸ਼ੀਲ ਹੈ। ਕੇਂਦਰ ਸਰਕਾਰ ਨੇ ਔਰਤਾਂ ਲਈ 33% ਸੀਟਾਂ ਰਾਖਵੀਆਂ ਕਰ ਕੇ ਨਵਾਂ ਪੱਤਾ ਖੇਡਿਆ ਹੈ। ਭਾਜਪਾ ਨੇ ਪੰਜਾਬ ਵਿੱਚ ਨਵੀਆਂ ਨਿਯੁਕਤੀਆਂ ਕਰ ਕੇ ਆਪਣਾ ਆਧਾਰ ਮਜ਼ਬੂਤ ਕਰਨ ਲਈ ਯਤਨ ਕੀਤਾ ਹੈ ਉਹ ਹਰ ਹੀਲੇ ਪੰਜਾਬ 'ਤੇ ਕਬਜ਼ਾ ਕਰਨ ਲਈ ਯਤਨਸ਼ੀਲ ਹੈ। ਨਵੇਂ ਬਣੇ ਆਈਐੱਨਡੀਆਈਏ (ਇੰਡੀਆ) ਗੱਠਜੋੜ ਵੱਲੋਂ ਖੇਤਰੀ ਪਾਰਟੀਆਂ ਨਾਲ ਗੱਠਜੋੜ ਦਾ ਦੌਰ ਜਾਰੀ ਹੈ। ਪੰਜਾਬ ਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਗੱਠਜੋੜ 'ਤੇ ਸਵਾਲੀਆ ਚਿੰਨ੍ਹ ਲੱਗ ਗਿਆ ਹੈ। ਸਿਆਸੀ ਬਦਲਾਖੋਰੀ ਦੀ ਰਾਜਨੀਤੀ ਦਾ ਦੌਰ ਸ਼ੁਰੂ ਹੋਣਾ ਪੰਜਾਬ ਦੇ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ।

ਪੰਜਾਬ ਵਿੱਚ ਸੱਤਾ ਦਾ ਆਨੰਦ ਮਾਣ ਚੁੱਕੀਆਂ ਸ਼੍ਰੋਮਣੀ ਅਕਾਲੀ ਦਲ ਜਾਂ ਕਾਂਗਰਸ ਦੁਬਾਰਾ ਪੰਜਾਬ 'ਤੇ ਕਾਬਜ਼ ਹੋ ਸਕਣਗੀਆਂ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹਾਲੇ ਦੂਰ ਹਨ। ਉਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਪਾਰਟੀਆਂ ਦੇ ਭਵਿੱਖ ਬਾਰੇ ਫ਼ੈਸਲਾ ਕਰ ਦੇਣਗੀਆਂ। ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਆਪਣਾ ਅਕਸ ਸੁਧਾਰਨ ਅਤੇ ਲੋਕ ਸੇਵਕ ਬਣਨ ਦੀ ਲੋੜ ਹੈ।

# ਇਜ਼ਰਾਈਲ ਦੁਆਰਾ ਫਲਸਤੀਨ ਉੱਪਰ ਹਮਲੇ



ਰਣਜੀਤ ਸਿੰਘ ਕੁੱਕੀ ਗਿੱਲ




ਦੋ ਮਿਲੀਅਨ ਫਲਸਤੀਨੀ ਨਾਗਰਿਕ ਗ਼ਾਜ਼ਾ ਵਿੱਚ ਫਸੇ ਹੋਏ ਹਨ, ਕਿਵੇਂ ਉਹਨਾਂ ਵਿੱਚੋਂ ਬਹੁਤਿਆਂ ਨੇ ਆਪਣੀ ਪੂਰੀ ਜ਼ਿੰਦਗੀ ਇੱਕ ਛੋਟੇ ਜਿਹੇ ਵਾੜ-ਬੰਦ ਐਨਕਲੇਵ ਵਿੱਚ ਬਿਤਾਈ ਹੈ, ਜਿਸ ਵਿੱਚ ਬਚਣ ਦਾ ਕੋਈ ਸਾਧਨ ਨਹੀਂ ਹੈ, ਭੋਜਨ, ਬਾਲਣ ਅਤੇ ਬਿਜਲੀ ਤੱਕ ਪਹੁੰਚ ਲਈ ਪੂਰੀ ਤਰ੍ਹਾਂ ਇਜ਼ਰਾਈਲ ਦੀ ਕਿਰਪਾ ਉੱਤੇ ਨਿਰਭਰ ਹੈ। ਉਨ੍ਹਾਂ ਦਾ ਭੀੜ-ਭੜੱਕੇ ਵਾਲੇ ਵੱਡੇ ਸ਼ਰਨਾਰਥੀ ਕੈਂਪ ਵਿੱਚ ਰਹਿਣ ਦਾ ਕਾਰਨ ਇਹ ਹੈ ਕਿ ਇਜ਼ਰਾਈਲ ਨੇ ਆਪਣੀ 1948 ਦੀ ਆਜ਼ਾਦੀ ਦੀ ਲੜਾਈ ਦੌਰਾਨ ਅਣਗਿਣਤ ਫਲਸਤੀਨੀ ਪਿੰਡਾਂ ਨੂੰ ਨਸਲੀ ਤੌਰ

’ਤੇ ਸਾਫ਼ ਕੀਤਾ ਸੀ। ਗ਼ਾਜ਼ਾ ਦੇ ਫਲਸਤੀਨੀਆਂ ਨੇ ਜੇਨੇਵਾ ਸੰਮੇਲਨਾਂ ਦੀ ਸਪੱਸ਼ਟ ਉਲੰਘਣਾ ਵਿੱਚ ਗਰੀਬੀ ਅਤੇ ਬੇਦਖਲੀ ਅਤੇ ਸਮੇਂ-ਸਮੇਂ ’ਤੇ ਬੰਬਾਰੀ ਮੁਹਿੰਮਾਂ ਤੋਂ ਇਲਾਵਾ ਹੋਰ ਕੁਝ ਨਹੀਂ ਜਾਣਿਆ। ਜਿਨ੍ਹਾਂ ਵਿੱਚੋਂ ਸਭ ਤੋਂ ਭੈੜੇ ਦੀ ਹੁਣ ਸਿਰਫ਼ ਸ਼ੁਰੂਆਤ ਹੈ, ਕਿਉਂਕਿ ਇਜ਼ਰਾਈਲ ਬਿਨਾਂ ਕਿਸੇ ਚਿਤਾਵਨੀ ਦੇ ਨਾਗਰਿਕ ਆਂਢ-ਗੁਆਂਢ ਨੂੰ ਧੱਕਾ ਦੇ ਰਿਹਾ ਹੈ ਅਤੇ ਸੰਭਾਵੀ ਜ਼ਮੀਨੀ ਹਮਲੇ ਦੀ ਮੰਗ ਕਰਦਾ ਹੈ ਜੋ ਕਲਪਨਾਯੋਗ ਦੁੱਖ ਪਹੁੰਚਾਏਗਾ। ਕਿਵੇਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਕੈਬਨਿਟ ਵਿੱਚ ਕਈ ਸਪੱਸ਼ਟ ਨਸਲਕੁਸ਼ੀ ਸ਼ਾਮਲ ਹਨ ਜਿਨ੍ਹਾਂ ਦਾ ਸਪਸ਼ਟ ਉਦੇਸ਼ ਫਲਸਤੀਨੀਆਂ ਦੀ ਹੋਰ ਨਸਲੀ ਸਫ਼ਾਈ ਹੈ ਅਤੇ ਕਿਵੇਂ ਇਸ ਵਿੱਚੋਂ ਕਿਸੇ ਨੇ ਵੀ ਅਮਰੀਕੀ ਸਰਕਾਰ ਨੂੰ ਪੱਛਮੀ ਕੰਢੇ ਦੇ ਇਜ਼ਰਾਈਲ ਦੇ ਅਪਰਾਧਿਕ ਬਸਤੀਕਰਨ ਅਤੇ ਇਸ ਦੀ ਨਾਕਾਬੰਦੀ ਲਈ ਹਰ ਸਾਲ ਅਰਬਾਂ ਡਾਲਰ ਦੀ ਸਬਸਿਡੀ ਦੇਣ ਤੋਂ ਨਹੀਂ ਰੋਕਿਆ।

ਇਜ਼ਰਾਈਲ ਦੇ ਰੱਖਿਆ ਮੰਤਰੀ ਯੋਆਵ ਗੈਲੈਂਟ ਦੇ ਸ਼ਬਦਾਂ ਵਿੱਚ, ਇਜ਼ਰਾਈਲ ਨੂੰ ਗ਼ਾਜ਼ਾ ਦੇ ਵਿਰੁੱਧ ਨਸਲਕੁਸ਼ੀ ਦੀ ਲੜਾਈ ਲੜਨ ਲਈ, ਉੱਥੇ ਰਹਿ ਰਹੇ ਫਲਸਤੀਨੀਆਂ ਨਾਲ ‘ਮਨੁੱਖੀ ਜਾਨਵਰਾਂ’ ਵਾਲਾ ਸਲੂਕ ਕਰਨ ਲਈ ਲਾਇਸੈਂਸ ਪ੍ਰਾਪਤ ਹੈ। ਉਨ੍ਹਾਂ ਇਜ਼ਰਾਈਲੀ ਮੰਤਰੀਆਂ ਲਈ ਜੋ ਪਹਿਲਾਂ ਹੀ ਫਲਸਤੀਨੀਆਂ ਦੀ ਨਸਲੀ ਸਫ਼ਾਈ ਲਈ ਵਚਨਬੱਧ ਹਨ, ਘੁਸਪੈਠ ਦੀ ਦਹਿਸ਼ਤ ਆਪਣੇ ਨਾਲ ਕੈਥਾਰਸਿਸ ਅਤੇ ਸਪੱਸ਼ਟਤਾ ਲਿਆਉਂਦੀ ਹੈ।

ਹੁਣ ਸਮਾਂ ਹੈ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਲਾਗੂ ਕਰਨ ਦਾ। ਪੱਛਮ ਦੀਆਂ ਸਾਰੀਆਂ ਮਹਾਨ ਸ਼ਕਤੀਆਂ ਦੁਆਰਾ ਨੈਤਿਕ ਅਤੇ ਵਿੱਤੀ ਤੌਰ ’ਤੇ ਸਮਰਥਨ ਕੀਤਾ ਗਿਆ ਅਤੇ ਜਿਨ੍ਹਾਂ ਨੇ ਉਨ੍ਹਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਸੀ ਉਨ੍ਹਾਂ ਦੁਆਰਾ ਇਸ ਵਿੱਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕੀਤੀ ਗਈ। ਉਹ ਇਸ ਉੱਪਰ ਚੁੱਪ ਹਨ। ‘ਇਸ ਸਥਾਨ ਨੂੰ ਬਰਾਬਰ ਕਰ ਦਿਓ’ ਉਹ ਲਾਈਨ ਹੈ ਜੋ ਰਿਪਬਲਿਕਨ ਜਿਵੇਂ ਕਿ ਸੈਨੇਟਰ ਲਿੰਡਸੇ ਗ੍ਰਾਹਮ ਗ਼ਾਜ਼ਾ ਨਾਲ ਅਪਣਾ ਰਹੇ ਹਨ। ਬਾਈਡਨ ਪ੍ਰਸ਼ਾਸਨ ਸਮੇਤ ਡੈਮੋਕਰੇਟਸ ਦੀ ਵੱਡੀ ਬਹੁਗਿਣਤੀ, ਇਜ਼ਰਾਈਲ ਲਈ ਲਾਕਸਟੈਪ ਸਮਰਥਨ ਦੀ ਪੇਸ਼ਕਸ਼ ਕਰਦੀ ਹੈ।

ਇਜ਼ਰਾਈਲ ’ਤੇ ਹਮਾਸ ਦੇ ਖ਼ੂਨੀ ਹਮਲੇ ਨੇ ਫਲਸਤੀਨੀਆਂ ਪ੍ਰਤੀ ਪਹਿਲਾਂ ਤੋਂ ਹੀ ਟੁੱਟ ਰਹੀ ਇਜ਼ਰਾਈਲੀ ਪਹੁੰਚ ਨੂੰ ਤਬਾਹ ਕਰ ਦਿੱਤਾ ਹੈ। ਪਰ ਕੀ ਇਹ ਅਸਲ ਵਿੱਚ ਹਮਾਸ ਦੀ ਮਦਦ ਕਰੇਗਾ ? ਇਸ ਸਵਾਲ ਦਾ ਜਵਾਬ ਦੇਣ ਲਈ ਇਹ ਮੁਲਾਂਕਣ ਕਰਨ ਦੀ ਲੋੜ ਹੈ ਕਿ ਹਮਾਸ ਨੇ ਆਪਣੇ ਬੇਮਿਸਾਲ ਹਮਲੇ ਤੋਂ ਕੀ ਪ੍ਰਾਪਤ ਕਰਨ ਦੀ ਉਮੀਦ ਕੀਤੀ ਸੀ। ਸਾਡੇ ਕੋਲ ਹਮਾਸ ਦੇ ਫੌਜੀ ਨੇਤਾਵਾਂ ਜਾਂ ਹੋਰ ਨਿਸ਼ਚਤ ਸਰੋਤਾਂ ਦੀਆਂ ਮੀਟਿੰਗਾਂ ਦੇ ਮਿੰਟ ਨਹੀਂ ਹਨ, ਪਰ ਅਸੀਂ ਹਮਲੇ ਨਾਲ ਸਬੰਧਿਤ ਹਮਾਸ ਦੇ ਅੱਜ ਦੇ ਕਈ ਮੰਨਣਯੋਗ ਟੀਚਿਆਂ ਦਾ ਮੁਲਾਂਕਣ ਕਰ ਸਕਦੇ ਹਾਂ। ਹਮਾਸ ਦੀ ਹੜਤਾਲ ਕੁਝ ਖੇਤਰਾਂ ਵਿੱਚ ਸੰਗਠਨ ਦੀ ਮਦਦ ਕਰ ਸਕਦੀ ਹੈ, ਪਰ ਜ਼ਿਆਦਾਤਰ ਹਿੱਸੇ ਲਈ, ਹਮਲਾ ਹਮਾਸ ਨੂੰ ਪਿੱਛੇ ਛੱਡ ਸਕਦਾ ਹੈ ਅਤੇ ਖਾਸ ਤੌਰ ’ਤੇ ਆਮ ਫਲਸਤੀਨੀਆਂ ਲਈ ਵਿਨਾਸ਼ਕਾਰੀ ਸਾਬਤ ਹੋਵੇਗਾ। ਜਿਵੇਂ ਕਿ ਅਸੀਂ ਹੁਣ ਲਾਈਵ ਦੇਖ ਰਹੇ ਹਾਂ ਪਰ ਪਹਿਲੀ ਵਾਰ ਇਜ਼ਰਾਈਲ ਨੂੰ ਦੁਨੀਆ ਭਰ ਵਿੱਚ ਘੇਰ ਲਿਆ ਹੈ। ਹਮਲਿਆਂ ਦਾ ਇੱਕ ਟੀਚਾ ਇੱਕ ਇਜ਼ਰਾਈਲੀ ਪਤਨ ਨੂੰ ਮਜਬੂਰ ਕਰਨਾ ਹੋ ਸਕਦਾ ਹੈ। ਲਿਬਨਾਨੀ ਖਾੜਕੂ ਸਮੂਹ ਹਿਜ਼ਬੁੱਲਾ ਨੇ ਇਸ ਵਿਚਾਰ ਨੂੰ ਅੱਗੇ ਵਧਾਇਆ ਹੈ ਕਿ ਇਜ਼ਰਾਈਲ ਇੱਕ ਨਾਜ਼ੁਕ ‘ਮੱਕੜੀ ਦਾ ਜਾਲ’ ਹੈ, ਜੇ ਕੋਈ ਅੱਤਵਾਦੀ ਸਮੂਹ ਇਸ ਕਾਰਨ ਲੜਨ, ਅਤੇ ਮਰਨ ਲਈ ਤਿਆਰ ਹੈ, ਤਾਂ ਆਸਾਨੀ ਨਾਲ ਇੱਕ ਪਾਸੇ ਹਟ ਸਕਦਾ ਹੈ। ਇੱਥੇ, ਹਮਾਸ ਨੂੰ ਇਜ਼ਰਾਈਲੀ ਸਮਾਜ ਵਿੱਚ ਭਿਆਨਕ ਵੰਡਾਂ ਦੁਆਰਾ ਸਹਾਇਤਾ ਮਿਲ ਸਕਦੀ ਹੈ ਜੋ ਇੱਕ ਅਤਿ ਸੱਜੇ-ਪੱਖੀ ਸਰਕਾਰ ਦੀ ਚੋਣ ਤੋਂ ਬਾਅਦ ਸਪੱਸ਼ਟ ਹੋ ਗਿਆ ਸੀ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੁਆਰਾ ਵਿਵਾਦਪੂਰਨ ਨਿਆਂਇਕ ਸੁਧਾਰਾਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਦੁਆਰਾ ਵਧਾਇਆ ਗਿਆ ਸੀ।

ਹਮਾਸ ਨੇਤਾਵਾਂ ਦਾ ਮੰਨਣਾ ਹੋ ਸਕਦਾ ਹੈ ਕਿ ਇਹ ਵੰਡ ਇਜ਼ਰਾਈਲ ਦੀ ਸਮੁੱਚੀ ਕਮਜ਼ੋਰੀ ਨੂੰ ਦਰਸਾਉਂਦੀ ਹਨ, ਖਾਸ ਤੌਰ ’ਤੇ ਜਦੋਂ ਉਹ ਇਜ਼ਰਾਈਲੀ ਫੌਜ ਵਿੱਚ ਫੈਲੀਆਂ ਹੋਈਆਂ ਹਨ। ਕੁਝ ਰਿਜ਼ਰਵਵਾਦੀਆਂ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਅਜਿਹੀ ਸਰਕਾਰ ਦੀ ਸੇਵਾ ਨਾ ਕਰਨ ਦਾ ਵਾਅਦਾ ਕੀਤਾ ਸੀ ਜਿਸ ਨੂੰ ਉਹ ਗੈਰ-ਲੋਕਤੰਤਰੀ ਸਮਝਦੇ ਹਨ। ਪਰ ਇਸ ਵਿੱਚ, ਘੱਟੋ-ਘੱਟ ਹੁਣ ਲਈ, ਹਮਲਾ ਉਲਟਾ ਜਾਪਦਾ ਹੈ। ਇਜ਼ਰਾਈਲੀ ਖ਼ੂਨ-ਖ਼ਰਾਬੇ ਦੇ ਸਾਮ੍ਹਣੇ ਇਕੱਠੇ ਹੋਏ ਹਨ – ਜਿਸ ਵਿੱਚ ਏਕਤਾ ਸਰਕਾਰ ਦੀ ਐਮਰਜੈਂਸੀ ਸਿਰਜਣਾ ਵੀ ਸ਼ਾਮਲ ਹੈ ਅਤੇ

ਰਾਖਵੇਂਵਾਦੀ ਤੇਜ਼ੀ ਨਾਲ ਇਕੱਠੇ ਹੋ ਗਏ ਹਨ ਜੋ ਦਹਾਕਿਆਂ ਵਿੱਚ ਇਜ਼ਰਾਈਲ ਦੇ ਸਭ ਤੋਂ ਵੱਡੇ ਫੌਜੀ ਅਪ੍ਰੇਸ਼ਨਾਂ ਵਿੱਚੋਂ ਇੱਕ ਬਣ ਗਿਆ ਹੈ। ਇਹ ਏਕਤਾ ਇਜ਼ਰਾਈਲ ਦੀ ਵਿਸ਼ੇਸ਼ਤਾ ਹੈ, ਜਿੱਥੇ ਬਹੁਤ ਸਾਰੀ ਘਰੇਲੂ ਅਸਹਿਮਤੀ ਦੇ ਬਾਵਜੂਦ ਬਾਹਰੀ ਖ਼ਤਰਿਆਂ ਨੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕੀਤਾ ਹੈ। ਤਾਰਿਕ ਬੈਕੋਨੀ , ਥਿੰਕ ਟੈਂਕ ਅਲ- ਸ਼ਬਾਕਾ : ਫਲਸਤੀਨੀ ਨੀਤੀ ਨੈਟਵਰਕ ਦੇ ਬੋਰਡ ਦੇ ਪ੍ਰਧਾਨ, ਦਲੀਲ ਦਿੰਦੇ ਹਨ ਕਿ ਹਮਾਸ ਦੇ ਹਮਲੇ ਨੇ ਇਜ਼ਰਾਈਲ ਦੇ ਵਿਸ਼ਵਾਸ ਨੂੰ ਬੁਨਿਆਦੀ ਤੌਰ ’ਤੇ ਕਮਜ਼ੋਰ ਕੀਤਾ ਹੈ ਕਿ ਉਹ ਫਲਸਤੀਨੀਆਂ ਦੇ ਵਿਰੁੱਧ ਨਸਲੀ ਵਿਤਕਰੇ ਦਾ ਸ਼ਾਸਨ ਕਾਇਮ ਰੱਖ ਸਕਦਾ ਹੈ। ਹਮਲੇ ਦੋਵੇਂ ਇਸ ਸਕੋਰ ’ਤੇ ਸਫਲ ਹੋਏ ਅਤੇ ਵਿਨਾਸ਼ਕਾਰੀ ਤੌਰ ’ਤੇ ਅਸਫਲ ਰਹੇ ਕਿ ਫਲਸਤੀਨੀਆਂ ਲਈ ਇਸ ਅਹਿਸਾਸ ਦਾ ਕੀ ਅਰਥ ਹੈ। ਇੱਕ ਪਾਸੇ, ਅੱਜ ਕੋਈ ਵੀ ਇਜ਼ਰਾਈਲੀ ਇਹ ਨਹੀਂ ਸੋਚ ਸਕਦਾ ਹੈ ਕਿ ਉਹ ਸਿਰਫ਼ ਫਲਸਤੀਨ ਦੇ ਮੁੱਦੇ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ: ਇਸ ਛੋਟੇ ਜਿਹੇ ਦੇਸ਼ ਵਿੱਚ, ਹਰ ਕਿਸੇ ਦਾ ਕੋਈ ਇੱਕ ਪਰਿਵਾਰਕ ਮੈਂਬਰ ਜਾਂ ਦੋਸਤ ਹੈ ਜੋ ਮਰਿਆ ਹੈ ਜਾਂ ਜ਼ਖਮੀ ਹੈ, ਅਤੇ ਆਉਣ ਵਾਲੀ ਫੌਜੀ ਕਾਰਵਾਈ ਅਤੇ ਰਿਜ਼ਰਵ ਕਾਲ-ਅੱਪ ਇਜ਼ਰਾਈਲੀ ਸਮਾਜ ਦੇ ਵੱਡੇ ਹਿੱਸੇ ਨੂੰ ਸ਼ਾਮਲ ਕਰਦੀ ਹੈ। ਹਮਲੇ ਨੇ ਇਜ਼ਰਾਈਲੀ ਅਜਿੱਤਤਾ ਬਾਰੇ ਕਿਸੇ ਵੀ ਭਰਮ ਨੂੰ ਵੀ ਤੋੜ ਦਿੱਤਾ, ਜਾਨੀ ਨੁਕਸਾਨ ਇਜ਼ਰਾਈਲੀ ਇਤਿਹਾਸ ਵਿੱਚ ਕਿਸੇ ਇੱਕ ਦਿਨ ਦਾ ਸਭ ਤੋਂ ਵੱਡਾ ਜਾਪਦਾ ਹੈ। ਦੂਜੇ ਪਾਸੇ, ਹਮਲਿਆਂ ਦਾ ਪੈਮਾਨਾ ਅਤੇ ਹਿੰਸਾ ਦੀ ਭਿਆਨਕ ਪ੍ਰਕਿਰਤੀ ਜ਼ਿਆਦਾਤਰ ਇਜ਼ਰਾਈਲੀਆਂ ਨੂੰ ਇਸ ਵਿਚਾਰ ਵਿੱਚ ਹੋਰ ਵੀ ਦ੍ਰਿੜ੍ਹਤਾ ਨਾਲ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰੇਗੀ ਕਿ ਫਲਸਤੀਨੀਆਂ ਉੱਪਰ ਸਵੈ-ਸ਼ਾਸਨ ਲਈ ਭਰੋਸਾ ਨਹੀਂ ਕੀਤਾ ਜਾ ਸਕਦਾ। ਦੂਜੀ ਇੰਤਿਫਾਦਾ, ਜਾਂ ਫਲਸਤੀਨੀ ਵਿਦਰੋਹ, ਜੋ ਕਿ 2000 ਤੋਂ 2005 ਤੱਕ ਚੱਲਿਆ, ਨੇ ਬਹੁਤ ਸਾਰੇ ਇਜ਼ਰਾਈਲੀਆਂ ਨੂੰ ਯਕੀਨ ਦਿਵਾਇਆ ਕਿ ਫਲਸਤੀਨੀਆਂ ਨਾਲ ਗੱਲਬਾਤ ਹਿੰਸਾ ਦੁਆਰਾ ਪੂਰੀ ਕੀਤੀ ਜਾਵੇਗੀ, ਹਮਾਸ ਦੇ ਤਾਜ਼ਾ ਹਮਲੇ ਇਸ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਇਸ ਵਿਚਾਰ ਦਾ ਸਮਰਥਨ ਕਰਨਗੇ ਕਿ ਵਧੇਰੇ ਫਲਸਤੀਨੀ ਖ਼ੁਦਮੁਖ਼ਤਿਆਰੀ ਦਾ ਮਤਲਬ ਹੋਰ ਹਿੰਸਾ ਹੈ। ਹਮਾਸ ਨੇ ਫਲਸਤੀਨੀ ਅਥਾਰਟੀ, ਜੋ ਇਜ਼ਰਾਈਲ ਦੇ ਕਬਜ਼ੇ ਵਾਲੇ ਪੱਛਮੀ ਕੰਢੇ ਦੇ ਕੁਝ ਹਿੱਸਿਆਂ ਨੂੰ ਨਿਯੰਤਰਿਤ ਕਰਦੀ ਹੈ, ਦੇ ਨਾਲ ਆਪਣੇ ਮੁਕਾਬਲੇ ਵਿੱਚ ਕੁਝ ਸਫਲਤਾ ਵੀ ਪ੍ਰਾਪਤ ਕੀਤੀ ਹੋ ਸਕਦੀ ਹੈ। ਇਹ ਸੰਘਰਸ਼ ਤਿੱਖਾ ਹੈ, ਜਿਸ ਵਿੱਚ ਦੋਵੇਂ ਧਿਰਾਂ ਆਪੋ-ਆਪਣੇ ਖੇਤਰਾਂ ਵਿੱਚ ਦੂਜੇ ਦੇ ਸਮਰਥਕਾਂ ਨੂੰ ਕੁਚਲ ਰਹੀਆਂ ਹਨ। ਹਾਲਾਂਕਿ, ਪੀ ਏ ਸੰਕਟ ਵਿੱਚ ਹੈ। ਪੀ ਏ ਖੁਦ ਭ੍ਰਿਸ਼ਟ ਹੈ ਅਤੇ

# ਭਾਰਤ ਵੱਲੋਂ ਇਜ਼ਰਾਈਲ-ਫਲਸਤੀਨ ਯੁੱਧ ’ਚ ਵਿਸ਼ਵ ਨੇਤਾ ਬਣਨ ਦੀ ਇੱਛਾ !



ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਛਿੜੀ ਜੰਗ ਤੋਂ ਕੱਟੜ ਹਿੰਦੂ ਅਤੇ ਕੱਟੜ ਮੁਸਲਮਾਨ ਦੋਵੇਂ ਹੀ ਬਹੁਤ ਖੁਸ਼ ਹਨ। ਅਜਿਹੇ ਹਿੰਦੂ ਇਸ ਗੱਲ ਦਾ ਮਜ਼ਾ ਲੈ ਰਹੇ ਹਨ ਕਿ ਮੁਸਲਮਾਨ ਮਾਰੇ ਜਾ ਰਹੇ ਹਨ ਅਤੇ ਮੁਸਲਮਾਨ ਇਸ ਗੱਲ ਦਾ ਮਜ਼ਾ ਲੈ ਰਹੇ ਹਨ ਕਿ ਉਨ੍ਹਾਂ ਦੇ ਲੋਕ ਯਹੂਦੀਆਂ ਨੂੰ ਸਬਕ ਸਿਖਾ ਰਹੇ ਹਨ। ਇਨ੍ਹਾਂ ਦੋਵਾਂ ਭਾਈਚਾਰਿਆਂ ਨੂੰ ਇਸ ਗੱਲ ਦਾ ਬਿਲਕੁਲ ਵੀ ਬੁਰਾ ਨਹੀਂ ਲੱਗਦਾ ਕਿ ਬੇਕਸੂਰ ਲੋਕਾਂ ਦਾ ਕਤਲ ਹੋ ਰਿਹਾ ਹੈ। ਸਮੱਸਿਆ ਇਹ ਹੈ ਕਿ ਜਦੋਂ ਹਮਾਸ ਨੂੰ ਅੱਤਵਾਦੀ ਸੰਗਠਨ ਕਿਹਾ ਜਾਂਦਾ ਹੈ ਤਾਂ ਮੁਸਲਮਾਨ ਗੁੱਸੇ ਹੁੰਦੇ ਹਨ ਅਤੇ ਜਦੋਂ ਇਜ਼ਰਾਈਲ ਨੂੰ ਹਮਲਾਵਰ ਕਿਹਾ ਜਾਂਦਾ ਹੈ ਤਾਂ ਹਿੰਦੂਵਾਦੀ ਗੁੱਸੇ ਹੁੰਦੇ ਹਨ। ਇਹ ਦੋਵੇਂ ਭੁੱਲ ਜਾਂਦੇ ਹਨ ਕਿ ਜੰਗ ਕਿਸੇ ਵੀ ਚੀਜ਼ ਦਾ ਹੱਲ ਨਹੀਂ ਹੈ, ਸਗੋਂ ਇਹ ਸਿਰਫ਼ ਸਮੱਸਿਆਵਾਂ ਪੈਦਾ ਕਰਦੀ ਹੈ ਅਤੇ ਵਧਾਉਂਦੀ ਹੈ। ਕਰੀਬ ਡੇਢ ਸਾਲ ਤੋਂ ਚੱਲੀ ਆ ਰਹੀ ਰੂਸ-ਯੂਕਰੇਨ ਜੰਗ ਦਾ ਅਜੇ ਤੱਕ ਕੋਈ ਨਤੀਜਾ ਨਹੀਂ ਨਿਕਲਿਆ ਅਤੇ ਨਾ ਹੀ ਆਉਣ ਵਾਲੇ ਸਮੇਂ ਵਿੱਚ ਅਜਿਹਾ ਹੁੰਦਾ ਨਜ਼ਰ ਆ ਰਿਹਾ ਹੈ।

ਦੂਜੇ ਪਾਸੇ ਇਸ ਜੰਗ ਨੇ ਹਿੰਦੂਆਂ ਨੂੰ ਮੁਸਲਮਾਨਾਂ ਵਿਰੁੱਧ ਇੱਕ ਹੋਰ ਭੁਲੇਖਾ ਦਿੱਤਾ ਹੈ, ਜਿਸ ਅਨੁਸਾਰ ਜੇਕਰ ਮੁਸਲਮਾਨ ਇਹ ਮੰਨਦੇ ਹਨ ਕਿ ਇਜ਼ਰਾਈਲ ਨੇ ਉਨ੍ਹਾਂ ਦੀ ਜ਼ਮੀਨ ’ਤੇ ਕਬਜ਼ਾ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਇਹ ਵਾਪਸ ਲੈਣੀ ਚਾਹੀਦੀ ਹੈ, ਤਾਂ ਉਹ ਅਯੁੱਧਿਆ, ਕਾਸ਼ੀ ਅਤੇ ਮਥੁਰਾ ਹਿੰਦੂਆਂ ਨੂੰ ਵਾਪਸ ਕਿਉਂ ਨਹੀਂ ਦੇ ਦਿੰਦੇ । ਸਿਆਸੀ ਤੌਰ ’ਤੇ ਅਨਪੜ੍ਹ ਲੋਕਾਂ ਨੂੰ ਇਹ ਗੱਲ ਸਹੀ ਜਾਪਦੀ ਹੈ ਪਰ ਅਸਲ ਵਿੱਚ ਇਜ਼ਰਾਈਲ-ਫਲਸਤੀਨ ਮੁੱਦੇ ਦੀ ਭਾਰਤ ਦੇ ਇਨ੍ਹਾਂ ਧਾਰਮਿਕ ਸਥਾਨਾਂ ਨਾਲ ਤੁਲਨਾ ਕਰਨਾ ਪੂਰੀ ਤਰ੍ਹਾਂ ਗਲਤ ਹੈ। ਕਿਉਂਕਿ ਇਨ੍ਹਾਂ ਨੂੰ ਲੈ ਕੇ ਕੋਈ ਵਿਵਾਦ ਨਹੀਂ ਸੀ, ਉਹ ਪੈਦਾ ਹੋ ਗਏ ਹਨ ਅਤੇ ਦੇਸ਼ ਦੀਆਂ ਅਦਾਲਤਾਂ ਜਲਦੀ ਜਾਂ ਬਾਅਦ ਵਿੱਚ ਇਨ੍ਹਾਂ ਦਾ ਨਿਪਟਾਰਾ ਕਰ ਦੇਣਗੀਆਂ। ਦੂਸਰਾ – ਸਾਰੇ ਮੱਤਭੇਦਾਂ ਦੇ ਬਾਵਜੂਦ ਅਤੇ ਕਦੇ-ਕਦਾਈਂ ਤਣਾਅ ਜਾਂ ਟਕਰਾਅ ਨੂੰ ਛੱਡ ਕੇ, ਸਾਰੇ ਧਰਮਾਂ ਦੇ ਪੈਰੋਕਾਰ ਇਸ ਦੇਸ਼ ਵਿੱਚ ਸ਼ਾਂਤੀ ਅਤੇ ਭਾਈਚਾਰੇ ਨਾਲ ਰਹਿ ਰਹੇ ਹਨ, ਜਦੋਂ ਕਿ ਇਜ਼ਰਾਈਲ ਨੇ ਫਲਸਤੀਨੀ ਆਬਾਦੀ ਨੂੰ ਬਹੁਤ ਛੋਟੇ ਖੇਤਰ ਵਿੱਚ ਰਹਿਣ ਲਈ ਮਜ਼ਬੂਰ ਕੀਤਾ ਹੈ ਅਤੇ ਉਹ ਲਗਾਤਾਰ ਉਸ ’ਤੇ ਹਮਲੇ ਕਰਦਾ ਰਹਿੰਦਾ ਹੈ।

ਇਸ ਜੰਗ ਦੇ ਨਾਲ ਹੀ ਕਾਂਗਰਸ ਦੇ ਖਿਲਾਫ ਵੀ ਪ੍ਰਚਾਰ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ ਹੈ। ਕਾਂਗਰਸ ਨੇ ਪਹਿਲੇ ਹੀ ਦਿਨ ਬੇਕਸੂਰ ਇਜ਼ਰਾਈਲੀ ਨਾਗਰਿਕਾਂ ਦੀ ਹੱਤਿਆ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ, ਉਨ੍ਹਾਂ ਦੀ ਨਿਖੇਧੀ ਕੀਤੀ ਅਤੇ ਜੰਗਬੰਦੀ ਦੀ ਅਪੀਲ ਵੀ ਕੀਤੀ। ਪਰ ਜਿਵੇਂ ਹੀ ਉਸ ਨੇ ਫਲਸਤੀਨ ਦੇ ਹੱਕਾਂ ਦੀ ਗੱਲ ਕੀਤੀ ਤਾਂ ਉਸ ਨੂੰ ਹਮਾਸ ਸਮਰਥਕ ਕਰਾਰ ਦਿੱਤਾ ਗਿਆ ਕਿਉਂਕਿ ਕਾਂਗਰਸ ਨੇ ਹਮਾਸ ਦੀ ਨਿੰਦਾ ਨਹੀਂ ਕੀਤੀ। ਇੱਕ ਝੂਠ ਇਹ ਵੀ ਫੈਲਾਇਆ ਜਾ ਰਿਹਾ ਹੈ ਕਿ ਫਲਸਤੀਨੀ ਨੇਤਾ ਯਾਸਰ ਅਰਾਫਾਤ ਇੱਕ ਅੱਤਵਾਦੀ ਸੀ, ਜਿਸਨੂੰ ਇੰਦਰਾ ਅਤੇ ਰਾਜੀਵ ਗਾਂਧੀ ਨੇ ਆਪਣੇ ਰਹਿਮੋ-ਕਰਮ ’ਤੇ ਬਿਠਾਇਆ ਸੀ। ਇੰਦਰਾ ਗਾਂਧੀ ਨੇ ਸਭ ਤੋਂ ਪਹਿਲਾਂ ਮੁਸਲਿਮ ਤੁਸ਼ਟੀਕਰਨ ਲਈ ਫਲਸਤੀਨ ਨੂੰ ਮਾਨਤਾ ਦਿੱਤੀ ਅਤੇ ਅਰਾਫਾਤ ਨੂੰ ‘ਨਹਿਰੂ ਸ਼ਾਂਤੀ ਪੁਰਸਕਾਰ’ ਦਿੱਤਾ, ਉਨ੍ਹਾਂ ਨੂੰ 1 ਕਰੋੜ ਰੁਪਏ ਅਤੇ ਸੋਨੇ ਦੀ ਢਾਲ ਭੇਟ ਕੀਤੀ ਜਦੋਂ ਕਿ ਰਾਜੀਵ ਗਾਂਧੀ ਨੇ ਉਨ੍ਹਾਂ ਨੂੰ ‘ਇੰਦਰਾ ਗਾਂਧੀ ਅੰਤਰਰਾਸ਼ਟਰੀ ਸ਼ਾਂਤੀ ਪੁਰਸਕਾਰ’ ਦਿੱਤਾ। ਇੰਨਾ ਹੀ ਨਹੀਂ ਰਾਜੀਵ ਨੇ ਉਨ੍ਹਾਂ ਨੂੰ ਦੁਨੀਆਂ ਭਰ ’ਚ ਘੁੰਮਣ ਲਈ ਬੋਇੰਗ ਜਹਾਜ਼ ਵੀ ਗਿਫਟ ਕੀਤਾ ਸੀ। ਅਜਿਹੇ ਬੇਬੁਨਿਆਦ ਬਿਆਨ ਕਿੱਥੇ ਅਤੇ ਕਿਉਂ ਦਿੱਤੇ ਜਾਂਦੇ ਹਨ, ਇਹ ਦੱਸਣ ਦੀ ਲੋੜ ਨਹੀਂ ਹੈ।

ਦੋ ਅਤੇ ਦੋ ਨੂੰ ਪੰਜ ਬਣਾਉਣ ਵਿੱਚ ਮਾਹਿਰ ਭਾਰਤੀ ਜਨਤਾ ਪਾਰਟੀ ਨੂੰ ਦੱਸਣਾ ਚਾਹੀਦਾ ਹੈ ਕਿ ਕੀ ਉਹ 1977 ਵਿੱਚ ਰਾਮਲੀਲਾ ਮੈਦਾਨ ਵਿੱਚ ਅਟਲ ਬਿਹਾਰੀ ਵਾਜਪਾਈ ਨੇ ਫਲਸਤੀਨ ਦੇ ਸਮਰਥਨ ਵਿੱਚ ਕਹੀ ਗੱਲ ਨਾਲ ਸਹਿਮਤ ਹੈ ਜਾਂ ਨਹੀਂ। ਉਸ ਦੀਆਂ ਨਜ਼ਰਾਂ ਵਿੱਚ ਜੇਕਰ ਹਮਾਸ ਅਤੇ ਫਲਸਤੀਨ ਇੱਕੋ ਜਿਹੇ ਹਨ ਤਾਂ ਉਸ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਲਸਤੀਨ ਕਿਉਂ ਗਏ ਅਤੇ ਉਨ੍ਹਾਂ ਨੇ ਉੱਥੋਂ ਦਾ ਸਰਵਉੱਚ ਨਾਗਰਿਕ ਸਨਮਾਨ ਕਿਉਂ ਸਵੀਕਾਰ ਕੀਤਾ, ਯਾਸਰ ਅਰਾਫਾਤ ਦੀ ਕਬਰ ’ਤੇ ਫੁੱਲ ਕਿਉਂ ਚੜ੍ਹਾਏ। ਅਤੇ ਹੁਣ ਵਿਦੇਸ਼ ਮੰਤਰਾਲੇ ਨੂੰ ਇਹ ਕਹਿਣ ਦੀ ਲੋੜ ਕਿਉਂ ਮਹਿਸੂਸ ਹੋਈ ਕਿ ਭਾਰਤ ਨੇ ਹਮੇਸ਼ਾ ਫਲੀਸਤੀਨ ਦੇ ਵੱਖਰੇ ਅਤੇ ਆਜ਼ਾਦ ਰਾਜ ਦਾ ਸਮਰਥਨ ਕੀਤਾ ਹੈ। ਉਨ੍ਹਾਂ ਸ਼ਾਂਤੀਪੂਰਨ ਹੱਲ ਲਈ ਸਿੱਧੀ ਗੱਲਬਾਤ ਦੀ ਵੀ ਵਕਾਲਤ ਕੀਤੀ ਹੈ। ਕੀ ਇਜ਼ਰਾਈਲ ਨਾਲ ਖੜ੍ਹੇ ਹੋਣ ਬਾਰੇ ਟਵੀਟ ਕਰਨ ਤੋਂ ਚਾਰ ਦਿਨ ਬਾਅਦ ਸਰਕਾਰ ਨੂੰ ਇਹ ਅਹਿਸਾਸ ਹੋਇਆ ਕਿ ਉਸ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ?

ਦਿਲਚਸਪ ਗੱਲ ਇਹ ਹੈ ਕਿ ਫਲਸਤੀਨ ਬਾਰੇ ਸਰਕਾਰ ਦੀ ਨੀਤੀ ਬਾਰੇ ਪੁੱਛੇ ਗਏ ਸਵਾਲਾਂ ’ਤੇ ਭਾਜਪਾ ਜਾਂ ਸਰਕਾਰ ਨੂੰ ਜੋ ਸਪੱਸ਼ਟੀਕਰਨ ਦੇਣਾ ਪਿਆ, ਉਹ ਗੋਦੀ ਮੀਡੀਆ ਨੇ ਦਿੱਤਾ ਕਿ ਭਾਰਤ ਇਜ਼ਰਾਈਲ ਅਤੇ ਫਲਸਤੀਨ ਦੇ ਮਾਮਲੇ ’ਚ ਹਮੇਸ਼ਾ ਨਿਰਪੱਖ ਰਿਹਾ ਹੈ ਅਤੇ ਮੋਦੀ ਨੇ ਫਲਸਤੀਨ ਦਾ ਸਮਰਥਨ ਕੀਤਾ ਹੈ। ਪਰ ਫਲਸਤੀਨੀ ਕੱਟੜਪੰਥੀ ਸੰਗਠਨ ਹਮਾਸ ਅਤੇ ਉਸ ਦੇ ਹਮਲੇ ਦਾ ਵਿਰੋਧ ਕੀਤਾ ਹੈ। ਅਜਿਹੇ ਹਮਲਿਆਂ ਵਿਰੁੱਧ ਭਾਰਤ ਦੀ ਜ਼ੀਰੋ ਟੋਲਰੈਂਸ ਦੀ ਨੀਤੀ ਮੋਦੀ ਦੀ ਅਗਵਾਈ ਵਿੱਚ ਉਸੇ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ। ਜੇਕਰ ਸੱਚਮੁੱਚ ਅਜਿਹਾ ਹੋ ਰਿਹਾ ਹੈ ਤਾਂ ਚੰਗੀ ਗੱਲ ਹੈ, ਪਰ ਇਜ਼ਰਾਈਲ-ਫਲਸਤੀਨ ਮੁੱਦੇ ’ਤੇ ਜਦੋਂ ਬਾਕੀ ਸਾਰੇ ਦੇਸ਼ ਪ੍ਰਤੀਕਿਰਿਆ ਦੇਣ ਲਈ ਸਹੀ ਸਮੇਂ ਦੀ ਉਡੀਕ ਕਰ ਰਹੇ ਸਨ, ਤਾਂ ਸਾਡੀ ਸਰਕਾਰ ਕਾਹਲੀ ਵਿੱਚ ਕਿਉਂ ਸੀ ? ਕੀ ਵਿਸ਼ਵ ਨੇਤਾ ਬਣਨ ਦੀ ਲਾਲਸਾ ਇੰਨੀ ਪ੍ਰਬਲ ਸੀ ਕਿ ਅਸੀਂ ਆਪਣੀ ਵਿਦੇਸ਼ ਨੀਤੀ, ਜੋ ਹਰ ਕਸੌਟੀ ’ਤੇ ਪਰਖੀ ਗਈ ਸੀ, ਨੂੰ ਇੱਕ ਪਾਸੇ ਰੱਖ ਦਿੱਤਾ, ਭਾਵੇਂ ਥੋੜ੍ਹੇ ਸਮੇਂ ਲਈ ?

# ਕਿਸੇ ਮਸਲੇ ਦਾ ਹੱਲ ਨਹੀਂ ਹੈ ਜੰਗ



ਗੁਰਚਰਨ ਸਿੰਘ ਨੂਰਪੁਰ
ਜੀਰਾ, ਮੋਬਾ. 9855051099

ਹਮਾਸ ਵੱਲੋਂ ਬੰਦੀ ਬਣਾਏ ਗਏ ਇੱਕ ਸੌ ਦੇ ਕਰੀਬ ਇਜ਼ਰਾਈਲੀਆਂ ਦੇ ਵਾਰਸ ਵੀ ਸੜਕਾਂ 'ਤੇ ਉਤਰ ਕੇ ਆਪਣੀ ਸਰਕਾਰ ਵਿਰੋਧ ਗੁੱਸੇ ਦਾ ਇਜ਼ਹਾਰ ਕਰ ਰਹੇ ਹਨ। ਇਹਨਾਂ ਦੇ ਕਾਫਲੇ ਵੱਡੇ ਹੋ ਰਹੇ ਹਨ। ਨੇਤਨਯਾਹੂ, ਜਿਸ ਲਈ ਇਹ ਜੰਗ ਇੱਕ ਜਸ਼ਨ ਵਾਂਗ ਹੈ, ਦੀ ਹੈਂਕੜਬਾਜੀ ਉਸ ਦੇ ਆਪਣੇ ਦੇਸ਼ ਦੇ ਲੋਕਾਂ ਨੂੰ ਵੀ ਪਸੰਦ ਨਹੀਂ।

ਜੰਗ ਅਮਨ ਦੀ ਗਰੰਟੀ ਨਹੀਂ ਹੁੰਦੀ ਬਲਕਿ ਜੰਗ ਭਵਿੱਖ ਦੀਆਂ ਹੋਰ ਜੰਗਾਂ ਅਤੇ ਪਹਿਲਾਂ ਨਾਲੋਂ ਵੱਡੀਆਂ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ। ਜੰਗ ਦੀ ਸ਼ੁਰੂਆਤ ਬੇਸ਼ੱਕ ਇੱਕ ਧਿਰ ਕਰਦੀ ਹੈ ਪਰ ਇਸ ਨੂੰ ਸਮਾਪਤ ਕਰਨਾ ਉਸ ਦੇ ਹੱਥ ਨਹੀਂ ਰਹਿੰਦਾ। ਬਿਲਕੁਲ ਇੱਥੇ ਵੀ ਅਜਿਹਾ ਹੀ ਹੋ ਰਿਹਾ ਹੈ। ਫਲਸਤੀਨ ਨਾਲ ਹੋਈਆਂ ਕਈ ਜੰਗਾਂ ਵਿੱਚ ਹਰ ਵਾਰ ਇਜ਼ਰਾਈਲ ਆਪਣੀਆਂ ਸੀਮਾਵਾਂ ਅੱਗੇ ਵਧਾਉਂਦਾ ਰਿਹਾ ਹੈ। ਇਸ ਵਾਰ ਵੀ ਇਸੇ ਮਨਸ਼ਾ ਨੂੰ ਲੈ ਕੇ ਜੰਗੀ ਮੁਹਿੰਮਾਂ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਇਜ਼ਰਾਈਲ ਇਸ ਸਮੇਂ ਗਾਜਾ ਪੱਟੀ ਨੂੰ ਦੁਨੀਆਂ ਦੇ ਨਕਸ਼ੇ ਤੋਂ ਖਤਮ ਕਰਨ ਦੇ ਰੌਅ ਵਿੱਚ ਹੈ ਇੱਥੇ ਫਲਸਤੀਨ ਦੇ ਕੋਈ 22 ਲੱਖ ਦੇ ਕਰੀਬ ਲੋਕ ਵਸਦੇ ਹਨ। ਦੂਜੇ ਪਾਸੇ ਇੱਥੇ ਹੀ ਆਪਣੀਆਂ ਗਤੀਵਿਧੀਆਂ ਚਲਾਉਣ ਵਾਲੇ ਸੰਗਠਨ ਹਮਾਮ ਜਿਸ ਨੂੰ ਕਈ ਦੇਸ਼ਾਂ ਦੀ ਹਮਾਇਤ ਹਾਸਲ ਹੈ ਇਜ਼ਰਾਈਲ ਦੇ ਕੁਝ ਇਲਾਕਿਆਂ ਵਿੱਚ ਮਿਜ਼ਾਇਲਾਂ ਦਾਗ ਰਿਹਾ ਹੈ। ਅਮਰੀਕਾ ਸਮੇਤ ਕੁਝ ਪੱਛਮੀ ਦੇਸ਼, ਜੋ ਹਮਾਮ ਨੂੰ ਇੱਕ ਅੱਤਵਾਦੀ ਸੰਗਠਨ ਮੰਨਦੇ ਹਨ, ਦੀ ਹਮਾਇਤ ਭਾਵੇਂ ਇਸ ਸਮੇਂ ਇਜ਼ਰਾਈਲ ਨਾਲ ਹੈ ਪਰ ਜਦੋਂ ਪੂਰੀ ਦੁਨੀਆਂ ਵਿੱਚ ਗਾਜਾ ਦੇ ਲੋਕਾਂ ਤੇ ਇਜ਼ਰਾਈਲ ਵੱਲੋਂ ਕੀਤੀ ਬੰਬਾਰੀ ਨਾਲ ਹੋਈ ਤਬਾਹੀ ਦੀਆਂ ਤਸਵੀਰਾਂ ਵਾਇਰਲ ਹੋਣ ਲੱਗੀਆਂ ਤਾਂ ਅਮਰੀਕਾ ਨੂੰ ਵੀ ਇਹ ਬਿਆਨ ਦੇਣਾ ਪਿਆ ਕਿ ਇਜ਼ਰਾਈਲ ਆਪਣੀਆਂ ਹੱਦਾਂ ਤੋਂ ਅਗਾਂਹ ਜਾ ਰਿਹਾ ਹੈ ਅਤੇ ਇਹ ਚੰਗਾ ਨਹੀਂ ਹੋਵੇਗਾ। ਅਮਰੀਕਾ ਸਮੇਤ ਕੁਝ ਪੱਛਮੀ ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਵਰਗੀਆਂ ਸੰਸਥਾਵਾਂ ਦਾ ਰੋਲ ਇਸ ਜੰਗ ਵਿੱਚ ਬੜਾ ਨਿਰਾਸ਼ਾਜਨਕ ਰਿਹਾ ਹੈ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਇੱਕ ਤਾਕਤਵਰ ਧਿਰ ਵੱਲੋਂ ਦੂਜੀ ਧਿਰ ਦੇ ਹਜ਼ਾਰਾਂ ਲੋਕਾਂ ਨੂੰ ਮਾਰਿਆ ਜਾਂਦਾ ਹੈ ਲੋਕਾਂ ਦਾ ਖਾਣ ਪੀਣ, ਬਿਜਲੀ, ਪਾਣੀ ਬੰਦ ਕਰਕੇ ਜੇਕਰ ਉਹਨਾਂ ਦੇ ਇਲਾਕੇ ਨੂੰ ਇੱਕ ਵੱਡੀ ਜੇਲ੍ਹ ਵਿੱਚ ਤਬਦੀਲ ਕਰਕੇ ਮਰਨ ਲਈ ਛੱਡ ਦਿੱਤਾ ਜਾਂਦਾ ਹੈ ਤਾਂ ਇਸ ਸਮੇਂ ਇਹ ਸੰਸਥਾਵਾਂ ਕੀ ਕਰ ਰਹੀਆਂ ਹਨ?

17 ਅਕਤੂਬਰ ਮੰਗਲਵਾਰ ਨੂੰ ਗਾਜਾ ਦੇ ਇੱਕ ਹਸਪਤਾਲ 'ਤੇ ਬੰਬਾਰੀ ਨਾਲ ਕੋਈ ਪੰਜ ਸੌ ਤੋਂ ਵੱਧ ਲੋਕ ਮਾਰੇ ਗਏ। ਇਸ ਵਿੱਚ ਬਹੁਤ ਸਾਰੇ ਮਾਸੂਮ ਬੱਚੇ ਤੇ ਔਰਤਾਂ ਸਨ, ਜੋ ਜੇਰੇ ਇਲਾਜ ਸਨ। ਬੇਸ਼ੱਕ ਇਸ ਦੀ ਜਿੰਮੇਵਾਰੀ ਤੋਂ ਇਜ਼ਰਾਇਲ ਭੱਜ ਰਿਹਾ ਹੈ ਉਸ ਨੇ ਕਿਹਾ ਹੈ ਕਿ ਇਹ ਹਮਾਸ ਨੇ ਬੰਬਾਰੀ ਕੀਤੀ ਹੈ ਪਰ ਜਿਸ ਤਰਾਂ ਪਿਛਲੇ ਦਿਨਾਂ ਤੋਂ ਇਜ਼ਰਾਈਲ ਦੇ ਵੱਖ ਵੱਖ ਆਗੂ ਇਹ ਬਿਆਨ ਬਾਜੀ ਕਰਦੇ ਰਹੇ ਹਨ ਕਿ 'ਗਾਜਾ ਦੇ ਸਾਰੇ ਲੋਕ ਕਸੂਰਵਾਰ ਹਨ, ਸਾਡੀਆਂ ਸੀਮਾਵਾਂ ਸੀਮਤ ਨਹੀਂ ਹਨ, ਗਾਜਾ ਵਿੱਚ ਕੋਈ ਵੀ ਨਿਰਦੋਸ਼ ਨਹੀਂ, ਗਾਜਾ ਦੇ ਹਸਪਤਾਲਾਂ ਨੂੰ ਬੰਬਾਂ ਨਾਲ ਉਡਾ ਦਿੱਤਾ ਜਾਣਾ ਚਾਹੀਦਾ ਹੈ।' ਹੁਣ ਤੱਕ ਕੋਈ 45 ਦੇ ਕਰੀਬ ਸਕੂਲਾਂ ਨੂੰ ਇਜ਼ਰਾਈਲ ਦੀ ਫੌਜ ਨੇ ਨੇਸਤੋਨਾਬੂਦ ਕਰ ਦਿੱਤਾ ਹੈ। ਇਹ ਸਭ ਤਰ੍ਹਾਂ ਦੀ ਬਿਆਨਬਾਜ਼ੀ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਬੇਦੋਸੇ ਲੋਕਾਂ ਦਾ ਕਤਲੇਆਮ ਇੱਕ ਖਾਸ ਨੀਤੀ ਨੂੰ ਅੱਗੇ ਵਧਾਉਣ ਲਈ ਕੀਤਾ ਜਾ ਰਿਹਾ ਹੈ। ਇੱਕ ਰਾਸ਼ਟਰ ਦਾ ਦੂਜੇ ਰਾਸ਼ਟਰ ਤੇ ਕੀਤਾ ਗਿਆ ਇਹ ਇੱਕ ਬੇਹੱਦ ਸ਼ਰਮਨਾਕ ਕਾਰਾ ਹੈ। ਇਜ਼ਰਾਈਲ ਵੱਲੋਂ ਗਾਜਾ ਪੱਟੀ ਦੇ ਲੋਕਾਂ ਤੇ ਕੀਤੀ ਜਾ ਰਹੀ ਬੰਬਾਰੀ ਨਾਲ ਘਰ ਤਬਾਹ ਹੋ ਰਹੇ ਹਨ। ਬੱਚੇ ਬੁੱਢੇ ਬੇਹਾਲ ਹਨ, ਹਜ਼ਾਰਾਂ ਲੋਕਾਂ ਨੇ ਆਪਣੇ ਲਾਡਲਿਆਂ ਨੂੰ ਗਵਾ ਲਿਆ ਹੈ, ਜੰਗ ਵਿੱਚ ਫੱਟੜ ਹੋਏ ਹਜ਼ਾਰਾਂ ਲੋਕ ਇਲਾਜ ਲਈ ਤਰਾਹ ਤਰਾਹ ਕਰ ਰਹੇ ਹਨ। ਭੁੱਖੇ ਭਾਣੇ ਬੰਬਾਂ ਦੀ ਸ਼ੂਕ ਵਿੱਚ ਜਾਨ ਬਚਾਉਂਦੇ ਲੋਕ ਮਾਰੇ ਮਾਰੇ ਫਿਰ ਰਹੇ ਹਨ। ਕੁਝ ਸੱਤਾ ਦੇ ਨਸ਼ੇ ਕੁਝ ਮਜ਼ਹਬ ਦੀ ਰੰਗਤ ਨੇ ਰੰਗੀਂ ਵਸਦੇ ਲੋਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਹੈ। ਇਸ ਜੰਗ ਵਿੱਚ ਕਿਸੇ ਨੇ ਆਪਣੇ ਹਥਿਆਰਾਂ ਦੀਆਂ ਖੇਪਾਂ ਵੇਚਣੀਆਂ ਹਨ ਅਤੇ ਕਿਸੇ ਨੇ ਆਪਣੇ ਇਲਾਕਿਆਂ ਨੂੰ ਵਿਸ਼ਾਲ ਰੂਪ ਦੇਣਾ ਹੈ। ਇਸ ਲਈ ਖੂਨ ਦੀ ਹੋਲੀ ਅਜੇ ਹੋਰ ਖੇਡੀ ਜਾਵੇਗੀ। ਜੰਗ ਵਿੱਚ ਹੁਣ ਤੱਕ 700 ਦੇ ਕਰੀਬ ਬੱਚੇ ਮਰ ਗਏ ਹਨ ਇਹਨਾਂ ਮਾਸੂਮਾਂ ਦਾ ਇਸ ਦੁਨੀਆਂ ਵਿੱਚ ਰੱਤੀ ਭਰ ਵੀ ਕਸੂਰ ਨਹੀਂ ਸੀ ਇਹਨਾਂ ਮਾਸੂਮ ਬੱਚਿਆਂ ਦੀ ਆਤਮਾਵਾਂ ਪੁੱਛਦੀਆਂ ਹੋਣਗੀਆਂ ਕਿ ਆਪਣੇ ਆਪ ਨੂੰ ਆਧੁਨਿਕ ਅਖਵਾਉਣ ਵਾਲਿਓ ਕਿੰਨੀ ਜ਼ਾਲਿਮ ਹੈ ਤੁਹਾਡੀ ਇਹ ਦੁਨੀਆਂ? ਟਾਈਆਂ ਕੋਟ ਪਹਿਨਣ ਵਾਲੇ ਸੱਤਾਧਾਰੀਓ, ਬੰਬਾਂ, ਬੰਦੂਕਾਂ ਤੇ ਮਿਜ਼ਾਇਲਾਂ ਦੇ ਤਾਜਰੋ, ਅੰਦਰੋਂ ਬੜੀ ਘਣਾਉਣੀ, ਡਿਰਾਉਣੀ ਤੇ ਖ਼ੌਫਨਾਕ ਹੈ ਤੁਹਾਡੀ ਇਹ ਦੁਨੀਆ। ਕਿਸੇ ਵੀ ਦੇਸ਼ ਦੇ ਅਮਨ ਪਸੰਦ ਲੋਕਾਂ ਨੂੰ ਇਹ ਕਦਾਚਿੱਤ ਮਨਜ਼ੂਰ ਨਹੀਂ ਕਿ ਬੇਦੋਸ਼ ਲੋਕਾਂ ਦਾ ਖੂਨ, ਧਰਮ ਜਾਤ ਜਾਂ ਦੇਸ਼ ਦੇ ਨਾਮ ਤੇ ਵਹਾਇਆ ਜਾਵੇ। ਚੰਗੇਜ਼ ਖਾਨਾਂ, ਤੈਮੂਰਾਂ, ਮੁਸੋਲਿਨੀਆਂ ਤੇ ਹਿਟਲਰਾਂ ਨੂੰ ਇਤਿਹਾਸ ਨੇ ਕਦੇ ਮਾਫ਼ ਨਹੀਂ ਕੀਤਾ। ਦੁਨੀਆਂ ਨੂੰ ਚਲਾਉਣ ਵਾਲੀਆਂ ਤਾਕਤਾਂ ਅਤੇ ਜੰਗ ਵਿੱਚ ਜੇਤੂ ਨਿਸ਼ਾਨ ਬਣਾਉਣ ਵਾਲੇ ਸੱਤਾਧਾਰੀਆਂ ਵੱਲੋਂ ਜ਼ਾਲਿਮ ਲੋਕਾਂ ਦੀ ਲਿਸਟ ਨੂੰ ਹੋਰ ਲੰਬਾ ਨਹੀਂ ਕੀਤਾ ਜਾਣਾ ਚਾਹੀਦਾ। ਜਿੰਨੀ ਵੀ ਜਲਦੀ ਹੋ ਸਕੇ ਜੰਗਬੰਦੀ ਹੀ ਨਹੀਂ ਹੋਣੀ ਚਾਹੀਦੀ, ਬਲਕਿ ਲੋਕਾਂ ਦੇ ਜਾਨ ਮਾਲ ਦੀ ਰਾਖੀ ਲਈ ਸਰਗਰਮੀਆਂ ਵੀ ਸ਼ੁਰੂ ਹੋਣੀਆਂ ਚਾਹੀਦੀਆਂ ਹਨ।



# ਕਾਂਗਰਸ ਵੱਲੋਂ ਕਾਂਸ਼ੀ ਰਾਮ ਦੀ ਸਿਆਸੀ ਵਿਰਾਸਤ ਜ਼ਰੀਏ ਦਲਿਤ ਰਾਜਨੀਤੀ ਦਾ ਦਿਲਚਸਪ ਵਰਤਾਰਾ

ਅਭੈ ਕੁਮਾਰ ਦੂਬੇ

ਕਾਂਗਰਸ ਪਾਰਟੀ ਅੱਜ-ਕੱਲ੍ਹ ਹੈਰਾਨ ਕਰਨ ਵਾਲੇ ਕੰਮ ਕਰ ਰਹੀ ਹੈ, ਜਿਵੇਂ ਉਸ ਨੇ 60 ਤੇ 70 ਦੇ ਦਹਾਕੇ 'ਚ ਲੋਹੀਆ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਵਰਤਿਆ ਗਿਆ ਨਾਅਰਾ 'ਜਿਸ ਦੀ ਜਿੰਨੀ ਗਿਣਤੀ ਭਾਰੀ, ਉਸ ਦੀ ਓਨੀ ਹਿੱਸੇਦਾਰੀ' ਨੂੰ ਪੂਰੀ ਤਰ੍ਹਾਂ ਨਾਲ ਅਪਣਾ ਲਿਆ ਹੈ। ਇੱਕ ਤਰ੍ਹਾਂ ਨਾਲ ਇਹ ਨਾਅਰਾ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਪਾਰਟੀ ਦੀ ਅਧਿਕਾਰਤ ਵਿਚਾਰਧਾਰਾ ਅਤੇ ਰਣਨੀਤੀ ਦੀ ਪਛਾਣ ਬਣ ਗਿਆ ਹੈ। ਦੂਜਾ, ਕਾਂਗਰਸ ਨੇ ਕਾਂਸ਼ੀ ਰਾਮ ਦੀ ਤਸਵੀਰ ਲਗਾ ਕੇ ਉਨ੍ਹਾਂ ਦੀ ਸਿਆਸੀ ਵਿਰਾਸਤ ਨੂੰ ਅਪਣਾਉਣ ਦੀ ਯੋਜਨਾਬੱਧ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੈ। ਅਸੀਂ ਜਾਣਦੇ ਹਾਂ ਕਿ ਕਾਂਸ਼ੀ ਰਾਮ ਦੇ ਕਾਂਗਰਸ ਬਾਰੇ ਕੀ ਵਿਚਾਰ ਸਨ। ਉਹ ਚਾਹੁੰਦੇ ਸਨ ਕਿ ਕਾਂਗਰਸ ਕਿਸੇ ਨਾ ਕਿਸੇ ਤਰ੍ਹਾਂ ਕਮਜ਼ੋਰ ਹੁੰਦੀ ਚਲੀ ਜਾਵੇ ਅਤੇ ਅਖ਼ੀਰ ਖ਼ਤਮ ਹੋ ਜਾਵੇ। ਇੰਜ ਲਗਦਾ ਹੈ ਕਿ ਪੱਛੜੀਆਂ ਜਾਤੀਆਂ ਦੀ ਗੋਲਬੰਦੀ ਦੇ ਦਾਇਰੇ 'ਚ ਇੱਕ ਪ੍ਰਮੁੱਖ ਖਿਡਾਰੀ ਵਜੋਂ ਕਾਂਗਰਸ ਦੇ ਉਤਰਨ ਦੇ ਪਿੱਛੇ ਇਰਾਦਾ ਇਹ ਹੈ ਕਿ ਅਤਿ ਪੱਛੜੀਆਂ ਜਾਤੀਆਂ ਨੂੰ ਪੂਰੀ ਤਰ੍ਹਾਂ ਨਾਲ ਭਾਜਪਾ ਦੇ ਪਾਲੇ 'ਚ ਜਾਣ ਤੋਂ ਰੋਕਿਆ ਜਾਵੇ। ਦੂਜੇ ਪਾਸੇ ਸੰਭਾਵਿਤ ਤੌਰ 'ਤੇ ਕਾਂਗਰਸ ਨੂੰ ਇਹ ਵੀ ਲੱਗ ਰਿਹਾ ਹੈ ਕਿ ਮਾਇਆਵਤੀ ਦੇ ਗ਼ੈਰ-ਸਰਗਰਮ ਹੋਣ ਨਾਲ ਬਹੁਜਨ ਸਮਾਜ ਪਾਰਟੀ ਦਾ ਦਲਿਤ ਜਨਆਧਾਰ ਪਾਲਾ ਬਦਲਣ ਵੱਲ ਵਧ ਰਿਹਾ ਹੈ। ਇਸ ਤੋਂ ਪਹਿਲਾਂ ਕਿ ਭਾਜਪਾ ਉਸ ਨੂੰ ਆਪਣੇ ਪੱਖ 'ਚ ਕਰ ਲਵੇ, ਕਾਂਗਰਸ ਚਾਹੁੰਦੀ ਹੈ ਕਿ ਉਸ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਜਾਵੇ। ਆਖ਼ਰ ਇੱਕ ਲੰਬੇ ਸਮੇਂ ਤੱਕ ਇਹ ਦਲਿਤ ਵੋਟਰ ਕਾਂਗਰਸ ਨੂੰ ਹੀ ਵੋਟਾਂ ਪਾ ਕੇ ਜਿਤਾਉਂਦੇ ਰਹੇ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਅੰਬੇਡਕਰ ਅਤੇ ਫਿਰ ਕਾਂਸ਼ੀ ਰਾਮ ਵੱਲੋਂ ਚਲਾਇਆ ਗਿਆ ਦਲਿਤ ਰਾਜਨੀਤਕ ਪ੍ਰਾਜੈਕਟ ਜੇਕਰ ਬਿਖਰਿਆ ਨਹੀਂ ਤਾਂ ਵੰਡਿਆ ਜ਼ਰੂਰ ਗਿਆ ਹੈ। ਇਸ ਤ੍ਰਾਸਦੀ ਨੂੰ ਕਿਵੇਂ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ ਕਿ ਜੋ ਦਲਿਤ ਸ਼ਬਦ 70 ਦੇ ਦਹਾਕੇ ਤੋਂ ਹੀ ਹੌਲੀ-ਹੌਲੀ ਅਣਗਿਣਤ ਛੋਟੀਆਂ-ਵੱਡੀਆਂ ਬਿਰਾਦਰੀਆਂ 'ਚ ਵੰਡੀਆਂ ਅਨੁਸੂਚਿਤ ਜਾਤੀਆਂ ਦੀ ਰਾਜਨੀਤਕ ਹੋਂਦ ਦੀ ਪ੍ਰਤੀਨਿਧਤਾ ਦਾ ਧੁਰਾ ਬਣਦਾ ਆ ਰਿਹਾ ਸੀ, ਉਸ ਸ਼ਬਦ ਦੀ ਇਕ ਸ਼੍ਰੇਣੀ ਵਾਂਗ ਵਰਤੋਂ ਕਰਨ 'ਤੇ ਹੁਣ ਇਨ੍ਹਾਂ ਜਾਤੀਆਂ ਦੀ ਰਾਜਨੀਤਕ ਏਕਤਾ ਦਾ ਪਤਾ ਨਹੀਂ ਲੱਗਦਾ। ਚੋਣਾਂ 'ਚ ਦਲਿਤ ਵੋਟਾਂ ਦੀ ਖਿੱਚੋਤਾਣ ਮਚ ਜਾਂਦੀ ਹੈ। ਉੱਤਰ ਪ੍ਰਦੇਸ਼ 'ਚ ਭਾਜਪਾ ਦੀ ਰਣਨੀਤੀ ਦਾ ਇਕ ਪ੍ਰਮੁੱਖ ਪਹਿਲੂ ਗ਼ੈਰ-ਜਾਟਵ ਦਲਿਤ ਵੋਟਾਂ ਨੂੰ ਆਪਣੇ ਵੱਲ ਖਿੱਚਣਾ ਹੈ। ਉਸ ਨੂੰ ਭਰੋਸਾ ਹੈ ਕਿ ਉਹ ਇਵੇਂ ਕਰ ਸਕੇਗੀ। ਇਸ ਤਰ੍ਹਾਂ ਸਮਾਜਵਾਦੀ ਪਾਰਟੀ ਨੂੰ ਵੀ ਵਿਚ-ਵਿਚ ਲੱਗਦਾ ਰਹਿੰਦਾ ਹੈ ਕਿ ਅਵਧ ਅਤੇ ਪੂਰਬੀ ਉੱਤਰ ਪ੍ਰਦੇਸ਼ 'ਚ ਜਾਟਵਾਂ ਤੋਂ ਬਾਅਦ ਗਿਣਤੀ ਪੱਖੋਂ ਸਭ ਤੋਂ ਮਜ਼ਬੂਤ ਪਾਸੀ ਜਾਤੀ ਦੀਆਂ ਵੋਟਾਂ ਇਸ ਵਾਰ ਉਸ ਨੂੰ ਮਿਲ ਸਕਦੀਆਂ ਹਨ। ਦਲਿਤ ਏਕਤਾ ਦੀ ਵੰਡ ਇਸ ਕਦਰ ਵਧ ਚੁੱਕੀ ਹੈ ਕਿ ਹੁਣ ਕੋਈ ਰਸਮੀ ਤੌਰ 'ਤੇ ਵੀ ਨਹੀਂ ਪੁੱਛਦਾ ਕਿ ਬਹੁਜਨ ਸਮਾਜ ਪਾਰਟੀ ਨੂੰ ਜਾਟਵ ਵੋਟਾਂ ਤੋਂ ਇਲਾਵਾ ਕਿਹੜੀ ਦਲਿਤ ਬਿਰਾਦਰੀ ਦੀ ਵੋਟ ਮਿਲਣ ਵਾਲੀ ਹੈ। ਇਹ ਇੱਕ ਰਾਜਨੀਤਕ ਸਮਝ ਬਣ ਚੁੱਕੀ ਹੈ ਕਿ ਮਾਇਆਵਤੀ ਹੁਣ ਅਸਲ ਅਰਥਾਂ 'ਚ 'ਦਲਿਤ ਨੇਤਾ' ਨਾ ਰਹਿ ਕੇ ਮਹਿਜ਼ ਜਾਟਵ ਨੇਤਾ ਬਣ ਕੇ ਰਹਿ ਗਈ ਹੈ। ਉਨ੍ਹਾਂ ਦੀ ਮੁਸ਼ਕਿਲ ਹੋਰ ਵੀ ਵਧਣ ਵਾਲੀ ਹੈ, ਕਿਉਂਕਿ ਪੱਛਮੀ ਉੱਤਰ ਪ੍ਰਦੇਸ਼ ਦੇ ਕੁਝ ਇਲਾਕਿਆਂ 'ਚ ਜਾਟਵਾਂ 'ਤੇ ਉਨ੍ਹਾਂ ਦੇ ਦਬਦਬੇ ਨੂੰ 'ਦ ਗ੍ਰੇਟ ਚਮਾਰ' ਦਾ ਨਾਅਰਾ ਲਗਾਉਣ ਵਾਲੇ ਭੀਮ ਆਰਮੀ ਦੇ ਚੰਦਰ ਸ਼ੇਖਰ ਰਾਵਣ ਤੋਂ ਚੁਣੌਤੀ ਮਿਲ ਰਹੀ ਹੈ। ਦਲਿਤ ਰਾਜਨੀਤਕ ਏਕਤਾ ਦੀ ਵਰਤੋਂ ਦੀ ਸ਼ੁਰੂਆਤ ਪੰਜਾਬ 'ਚ ਹੋਈ ਸੀ। ਕਾਂਸ਼ੀ ਰਾਮ ਦੇ ਆਪਣੇ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ ਤਾਂ ਉਹ ਪੰਜਾਬ ਦੇ ਹੀ ਰਾਮਦਾਸੀਆ ਭਾਈਚਾਰੇ ਨਾਲ ਸੰਬੰਧਿਤ ਸਨ। ਅੱਤਵਾਦ ਦੇ ਜ਼ਮਾਨੇ 'ਚ ਬਹੁਜਨ ਸਮਾਜ ਪਾਰਟੀ ਜਿਸ ਬਹਾਦਰੀ ਅਤੇ ਕੁਰਬਾਨੀ ਨਾਲ ਪੰਜਾਬ 'ਚ ਚੋਣਾਂ ਲੜੀ, ਉਹ ਆਪਣੇ ਆਪ 'ਚ ਇੱਕ ਮਿਸਾਲ ਹੈ। ਪਰ ਜਲਦੀ ਹੀ ਕਾਂਸ਼ੀ ਰਾਮ ਨੂੰ ਲੱਗਣ ਲੱਗਾ ਕਿ ਦੇਸ਼ ਵਿੱਚ ਸਭ ਤੋਂ ਵੱਡੀ ਦਲਿਤ ਬਿਰਾਦਰੀ ਦੇ ਬਾਵਜੂਦ ਪੰਜਾਬ 'ਚ ਉਸ ਨੂੰ ਹੋਰ ਕਮਜ਼ੋਰ ਜਾਤੀਆਂ ਦਾ ਸਹਿਯੋਗ ਮਿਲਣ ਦੇ ਹਾਲਾਤ ਨਹੀਂ ਹਨ। ਦੂਜਾ, ਪੰਜਾਬ ਦੇ ਦਲਿਤਾਂ ਵਿੱਚ ਅੰਬੇਡਕਰਵਾਦ ਦਾ ਪ੍ਰਭਾਵ ਉਮੀਦ ਨਾਲੋਂ ਘੱਟ ਸੀ। ਡੇਰਿਆਂ ਦੇ ਪ੍ਰਭਾਵ ਕਾਰਨ ਵੀ ਉਨ੍ਹਾਂ ਦੀ ਰਾਜਨੀਤਕ ਗੋਲਬੰਦੀ ਸੌਖੀ ਨਹੀਂ ਸੀ। ਇਸ ਲਈ ਉਹ ਇਸ ਫ਼ੈਸਲੇ 'ਤੇ ਪਹੁੰਚੇ ਕਿ ਪੰਜਾਬ 'ਚ ਬਹੁਜਨ ਥੀਸਿਸ ਪ੍ਰਵਾਨ ਨਹੀਂ ਚੜ੍ਹ ਸਕਦਾ। ਇਸ ਲਈ ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਿੱਚ ਅਜ਼ਮਾਇਸ਼ ਸ਼ੁਰੂ ਕੀਤੀ। ਉਨ੍ਹਾਂ ਨੂੰ ਇੱਕ ਜਾਟਵ ਨੇਤਾ ਦੀ ਭਾਲ ਸੀ (ਉੱਤਰ ਪ੍ਰਦੇਸ਼ ਦੀ ਅਨੁਸੂਚਿਤ ਜਾਤੀਆਂ 'ਚ 70 ਫ਼ੀਸਦੀ ਜਾਟਵ ਹੀ ਹਨ), ਜੋ ਉਨ੍ਹਾਂ ਦੇ ਬਾਮਸੇਫ਼ ਅਤੇ ਡੀ.ਐਸ.-ਫ਼ੋਰ ਦੇ ਸਹਿਯੋਗੀਆਂ ਵਿੱਚ ਨਹੀਂ ਸਨ। ਇਸ ਭਾਲ ਵਿਚ ਉਨ੍ਹਾਂ ਦੇ ਹੱਥ ਮਾਇਆਵਤੀ ਲੱਗੀ, ਜੋ ਅੱਜ 'ਭੈਣਜੀ' ਦੇ ਰੂਪ ਵਿੱਚ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਹੈ।

ਪਰ ਕੀ ਬਹੁਜਨ ਥੀਸਿਸ ਦੇ ਸ਼ੀਸ਼ੇ ਵਿਚੋਂ ਦੇਖਣ 'ਤੇ ਉਨ੍ਹਾਂ ਨੂੰ ਕਾਂਸ਼ੀ ਰਾਮ ਦਾ ਉੱਤਰਾਧਿਕਾਰੀ ਮੰਨਿਆ ਜਾ ਸਕਦਾ ਹੈ? ਕਾਂਸ਼ੀ ਰਾਮ ਨੇ ਜਾਟਵਾਂ ਦੀ ਅਗਵਾਈ 'ਚ ਹੋਰ ਦਲਿਤ ਜਾਤੀਆਂ, ਅਤਿ ਪੱਛੜੀਆਂ ਅਤੇ ਗ਼ਰੀਬ ਮੁਸਲਮਾਨਾਂ ਨੂੰ ਜੋੜ ਕੇ ਇੱਕ ਬਹੁਜਨ ਗੁਲਦਸਤਾ ਬਣਾਇਆ ਸੀ। ਮਾਇਆਵਤੀ ਵੱਲੋਂ ਪਿਛਲੇ ਸਾਲ 'ਚ ਜਿਸ ਸ਼ੈਲੀ ਦੀ ਰਾਜਨੀਤੀ ਕੀਤੀ ਗਈ, ਉਸ ਦੇ ਸਮੁੱਚੇ ਨਤੀਜਿਆਂ ਕਾਰਨ ਅੱਜ ਉਨ੍ਹਾਂ ਦੇ ਨਾਲ ਨਾ ਤਾਂ ਅਤਿ ਪੱਛੜੇ ਹਨ ਨਾ ਹੀ ਮੁਸਲਮਾਨ। ਇਹ ਵੋਟਾਂ ਉਨ੍ਹਾਂ ਨੂੰ ਉਦੋਂ ਮਿਲਦੀਆਂ ਹਨ, ਜਦੋਂ ਉਹ ਇਨ੍ਹਾਂ 'ਚੋਂ ਕਿਸੇ ਨੂੰ ਟਿਕਟ ਦਿੰਦੀ ਹੈ। ਜਾਟਵ ਵੋਟਰ ਅੱਜ ਵੀ ਹਾਥੀ 'ਤੇ ਬਟਨ ਦਬਾਉਂਦੇ ਹਨ, ਪਰ ਜੇਕਰ ਮਾਇਆਵਤੀ ਇਸੇ ਤਰ੍ਹਾਂ ਚੋਣਾਂ ਦੀ ਹੋੜ ਵਿੱਚ ਮੁੱਖ ਖਿਡਾਰੀ ਬਣਨ ਤੋਂ ਖੁੰਝਦੀ ਰਹੀ ਤਾਂ ਅਗਲੀਆਂ ਚੋਣਾਂ 'ਚ ਉਹ ਆਪਣੀ ਵੋਟ ਬਰਬਾਦ ਕਰਨ ਤੋਂ ਬਚਣ ਬਾਰੇ ਸੋਚਣ ਲੱਗਣਗੇ। ਜਾਟਵ ਵੋਟਰਾਂ 'ਚ ਇਹ ਰੁਝਾਨ ਪੈਦਾ ਹੁੰਦਿਆਂ ਹੀ ਮਾਇਆਵਤੀ ਦਾ ਰਾਜਨੀਤਕ ਸਫ਼ਰ ਪਤਨ ਵੱਲ ਵਧਣਾ ਸ਼ੁਰੂ ਹੋ ਜਾਵੇਗਾ। 2007 'ਚ ਇਕੱਲਿਆਂ ਆਪਣੇ ਦਮ 'ਤੇ ਸਰਕਾਰ ਬਣਾਉਣ ਤੋਂ ਬਾਅਦ ਉਨ੍ਹਾਂ ਦਾ ਗ੍ਰਾਫ਼ ਲਗਾਤਾਰ ਨਿਵਾਣ ਵੱਲ ਗਿਆ ਹੈ ਅਤੇ ਹੁਣ ਉਨ੍ਹਾਂ ਦੇ ਬੋਝੇ ਵਿਚ ਪੰਦਰਾਂ ਤੋਂ ਵੀਹ ਫ਼ੀਸਦੀ ਵੋਟਾਂ ਹੀ ਬਾਕੀ ਬਚਦੀਆਂ ਹਨ। ਅਸੀਂ ਜਾਣਦੇ ਹਾਂ ਕਿ ਸਨਮਾਨਜਨਕ ਸੰਖਿਆ 'ਚ ਸੀਟਾਂ ਮਿਲਣਾ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਕਿਸੇ ਦੀਆਂ ਵੋਟਾਂ ਵੀਹ ਫ਼ੀਸਦੀ ਤੋਂ ਉੱਪਰ ਹੋ ਜਾਂਦੀਆਂ ਹਨ। ਬਸਪਾ ਨੇ ਸ਼ੁਰੂ ਤੋਂ ਹੀ ਅੰਦੋਲਨ ਦੀ ਰਾਜਨੀਤੀ 'ਚ ਵਿਸ਼ਵਾਸ ਨਹੀਂ ਕੀਤਾ। ਉਹ ਇਕ 'ਸੇਫੋਕ੍ਰੇਟਿਕ' ਭਾਵ ਸ਼ੁੱਧ ਰੂਪ ਨਾਲ ਚੋਣ ਸਰਗਰਮੀ 'ਤੇ ਨਿਰਭਰ ਰਹਿਣ ਵਾਲੀ ਪਾਰਟੀ ਰਹੀ ਹੈ। ਜੇਕਰ ਅਜਿਹੀ ਪਾਰਟੀ ਦੀ ਨੇਤਾ ਚੋਣਾਂ ਦੌਰਾਨ ਵੀ ਢਿੱਲੇਪਣ ਦੀ ਸਥਿਤੀ ਵਿਚ ਰਹੇਗੀ ਜਾਂ ਗ਼ੈਰ-ਸਰਗਰਮ ਰਹੇਗੀ ਤਾਂ ਉਸ ਦੇ ਇਰਾਦਿਆਂ 'ਤੇ ਵੀ ਸ਼ੱਕ ਹੋਵੇਗਾ ਅਤੇ ਉਸ ਦੇ ਸੰਭਾਵਿਤ ਹਸ਼ਰ 'ਤੇ ਅਫ਼ਸੋਸ ਵੀ। ਬੀ.ਬੀ.ਸੀ. ਦਾ ਉਹ ਵੀਡੀਓ ਕਲਿੱਪ ਜਿਸ ਕਿਸੇ ਨੇ ਦੇਖਿਆ ਹੈ (ਇਸ 'ਚ ਮਾਇਆਵਤੀ ਕਹਿ ਰਹੀ ਹੈ ਕਿ ਉਨ੍ਹਾਂ ਦੇ ਲੋਕ ਸਮਾਜਵਾਦੀ ਪਾਰਟੀ ਨੂੰ ਹਰਾਉਣ ਲਈ ਭਾਜਪਾ ਨੂੰ ਵੀ ਵੋਟਾਂ ਦੇ ਸਕਦੇ ਹਨ), ਉਹ ਚੱਕਰ 'ਚ ਪੈ ਜਾਂਦਾ ਹੈ ਕਿ ਆਖ਼ਰਕਾਰ ਭੈਣਜੀ ਚਾਹੁੰਦੀ ਕੀ ਹੈ? ਮਾਇਆਵਤੀ ਦੀਆਂ ਇਨ੍ਹਾਂ ਅਨਿਸਚਿਤਤਾਵਾਂ ਦੀ ਝਲਕ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੀ ਚੋਣ ਰਣਨੀਤੀ 'ਚ ਵੀ ਦੇਖੀ ਜਾ ਸਕਦੀ ਹੈ। ਮੀਡੀਆ ਮੰਚਾਂ 'ਤੇ ਸਰਗਰਮ ਭਾਜਪਾ ਰੁਝਾਨ ਵਾਲੇ ਟਿੱਪਣੀਕਾਰਾਂ ਅਤੇ ਭਾਜਪਾ ਆਗੂਆਂ ਦੇ ਬਿਆਨਾਂ ਤੋਂ ਪਹਿਲਾਂ ਤਾਂ ਇਹ ਦਿਖਾਉਣ ਦੀ ਕੋਸ਼ਿਸ਼ ਹੋਈ ਕਿ ਲੜਾਈ ਸਿੱਧੀ ਸਮਾਜਵਾਦੀ ਪਾਰਟੀ ਅਤੇ ਭਾਜਪਾ ਵਿੱਚ ਹੈ। ਟੀਚਾ ਇਹ ਸੀ ਕਿ ਗ਼ੈਰ-ਜਾਟਵ ਵੋਟਾਂ ਨੂੰ ਆਪਣੇ ਵੱਲ ਖਿੱਚਣ ਦੀ ਸੁਵਿਧਾ ਮਿਲੇ। ਪਰ ਜਦੋਂ ਭਾਜਪਾ ਨੇ ਦੇਖਿਆ ਕਿ ਗ਼ੈਰ-ਜਾਟਵ ਵੋਟਾਂ ਸਿਰਫ਼ ਉਸ ਨੂੰ ਨਹੀਂ ਸਮਾਜਵਾਦੀ ਪਾਰਟੀ ਨੂੰ ਵੀ ਮਿਲਣ ਵਾਲੀਆਂ ਹਨ ਅਤੇ ਉਸ ਨੂੰ ਇਹ ਵੀ ਲੱਗਾ ਕਿ ਮਾਇਆਵਤੀ ਦੇ ਦੌੜ 'ਚ ਰਹਿਣ ਕਾਰਨ ਕੁਝ ਭਾਜਪਾ-ਵਿਰੋਧੀ ਜਾਟਵ ਵੋਟਾਂ ਵੀ ਸਮਾਜਵਾਦੀ ਪਾਰਟੀ ਵੱਲ ਜਾ ਸਕਦੀਆਂ ਹਨ ਤਾਂ ਮੀਡੀਆ ਮੰਚਾਂ 'ਤੇ ਬਸਪਾ ਦੀ 'ਤਾਕਤ' ਨੂੰ ਘੱਟ ਨਾ ਸਮਝਣ ਦੀਆਂ ਚਿਤਾਵਨੀਆਂ ਦਰਜ ਕਰਵਾਈਆਂ ਜਾਣ ਲੱਗੀਆਂ। ਇਹ ਸੰਖੇਪ ਵਿਸ਼ਲੇਸ਼ਣ ਦੱਸਦਾ ਹੈ ਕਿ ਦਲਿਤ ਰਾਜਨੀਤੀ ਦੀ ਹੋਂਦ ਬਰਕਰਾਰ ਰਹਿਣ ਦੇ ਬਾਵਜੂਦ ਅੱਜ ਉਸ ਤਰ੍ਹਾਂ ਦੀ ਨਹੀਂ ਰਹਿ ਗਈ ਹੈ, ਜਿਸ ਤਰ੍ਹਾਂ ਦੀ ਉਹ ਸ਼ੁਰੂਆਤ ਵਿਚ ਸੀ ਜਾਂ ਜਿਵੇਂ ਉਸ ਦੀ ਵਿਚਾਰਕ ਰੂਪ ਨਾਲ ਕਲਪਨਾ ਕੀਤੀ ਗਈ ਸੀ। ਅੱਜ ਦੀ ਤਰੀਕ 'ਚ ਦਲਿਤ ਨਾਂਅ ਦੀ ਛਤਰੀ ਹੇਠਾਂ ਖੜ੍ਹੀਆਂ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਦੀਆਂ ਪਹਿਲਕਦਮੀਆਂ ਬਾਰੇ ਕੁਝ ਵੀ ਯਕੀਨੀ ਨਹੀਂ ਰਹਿ ਗਿਆ ਹੈ। ਅੰਬੇਡਕਰਵਾਦੀਆਂ ਬਹੁਜਨਵਾਦੀਆਂ ਦਾ ਪ੍ਰਾਜੈਕਟ ਦਿਨ ਢਲਣ ਵਾਂਗ ਦਿਖਾਈ ਦੇ ਰਿਹਾ ਹੈ। ਅਜਿਹੇ 'ਚ ਕਾਂਗਰਸ ਵੱਲੋਂ ਕਾਂਸ਼ੀ ਰਾਮ ਦੀ ਸਿਆਸੀ ਵਿਰਾਸਤ ਜ਼ਰੀਏ ਦਲਿਤ ਵੋਟਾਂ ਦੀ ਗੋਲਬੰਦੀ ਦੀ ਕੋਸ਼ਿਸ਼ ਕਰਨਾ ਇਕ ਦਿਲਚਸਪ ਰਣਨੀਤੀ ਹੈ। ਇਹ ਕਿੰਨੀ ਸਫਲ ਹੋਵੇਗੀ, ਕਿੰਨੀ ਅਸਫਲ ਇਹ ਇਸ ਗੱਲ 'ਤੇ ਨਿਰਭਰ ਹੈ ਕਿ ਮਾਇਆਵਤੀ ਅਤੇ ਬਸਪਾ ਵਲੋਂ ਇਸ ਦੀ ਪ੍ਰਤੀਕਿਰਿਆ ਵਿੱਚ ਕੀ ਕਦਮ ਚੁੱਕੇ ਜਾਂਦੇ ਹਨ। ਫ਼ਿਲਹਾਲ ਮਾਇਆਵਤੀ ਦੀ ਰਾਜਨੀਤਕ ਗ਼ੈਰ-ਸਰਗਰਮੀ ਅਤੇ ਰਣਨੀਤਕ ਰੂਪ ਨਾਲ ਭਾਜਪਾ ਸਮਰਥਕ ਰੁਝਾਨ ਉਨ੍ਹਾਂ ਦੇ ਭਵਿੱਖ ਨੂੰ ਕਮਜ਼ੋਰ ਕਰ ਰਹੇ ਹਨ।

***ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫੈਸਰ ਅਤੇ ਭਾਰਤੀ**



# ਸ਼੍ਰੋਮਣੀ ਕਮੇਟੀ ਚੋਣਾਂ ਦੇ ਵੋਟ ਫਾਰਮ ਵਿੱਚ ਤਰੁੱਟੀਆਂ

## ਸਿੱਖਾਂ ਦੀ ਪਾਟੋਧਾੜ ਤੇ ਅਕਾਲ ਤਖ਼ਤ ਦੇ ਜਥੇਦਾਰ ਦੀ ਚੁੱਪੀ



ਬਘੇਲ ਸਿੰਘ ਧਾਲੀਵਾਲ
99142-58142

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਕਾਫ਼ੀ ਚਰਚਾਵਾਂ ਚੱਲ ਰਹੀਆਂ ਹਨ, 2011 ਤੋਂ ਬਾਅਦ ਸ਼੍ਰੋਮਣੀ ਕਮੇਟੀ ਚੋਣਾਂ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਸਿੱਖਾਂ ਵਿੱਚ ਕਾਫ਼ੀ ਰੋਸ ਵੀ ਪਾਇਆ ਜਾ ਰਿਹਾ ਹੈ। ਚੋਣਾਂ ਨਾ ਕਰਵਾਉਣ ਪਿੱਛੇ ਸਿੱਧੇ ਤੌਰ ਉੱਪਰ ਉਹ ਧਿਰਾਂ ਹੀ ਕੰਮ ਕਰ ਰਹੀਆਂ ਹਨ, ਜਿਹੜੀਆਂ ਪਿਛਲੇ ਲੰਮੇ ਸਮੇਂ ਤੋਂ ਕੇਂਦਰ ਦੀ ਮਿਹਰਬਾਨੀ ਸਦਕਾ ਗੁਰਦੁਆਰਾ ਪ੍ਰਬੰਧ 'ਤੇ ਕਾਬਜ਼ ਹਨ। ਪੰਥਕ ਧਿਰਾਂ ਭਾਵੇਂ ਕੇਂਦਰ ਤੋਂ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦੀ ਮੰਗ ਕਰਦੀਆਂ ਆ ਰਹੀਆਂ ਹਨ,ਪਰ ਉਹਨਾਂ ਦੀ ਆਪਸੀ ਪਾਟੋਧਾੜ, ਹਉਮੈਂ, ਹੰਕਾਰ ਅਤੇ ਈਰਖਾ ਨੇ ਉਹਨਾਂ ਦੀ ਤਾਕਤ ਨੂੰ ਬੇਹੱਦ ਕਮਜ਼ੋਰ ਕਰ ਦਿੱਤਾ ਹੈ, ਜਿਸ ਕਰਕੇ ਕੇਂਦਰ ਉਹਨਾਂ ਦੀ ਕਿਸੇ ਵੀ ਗੱਲ ਨੂੰ ਅਹਿਮੀਅਤ ਨਹੀਂ ਦਿੰਦਾ। ਜੇਕਰ ਪਿੱਛੇ ਵੱਲ ਝਾਤ ਮਾਰੀਏ, ਸਿੱਖ ਆਪਣੀ ਪਾਟੋ ਧਾੜ ਦੇ ਕਾਰਨ ਮੁੱਢੋਂ ਹੀ ਕੌਮੀ ਨੁਕਸਾਨ ਝੱਲਦੇ ਆ ਰਹੇ ਹਨ। ਇਹ ਅਲਾਮਤ ਸਿੱਖਾਂ ਦੇ ਪਿੱਛੇ ਗੁਰੂ ਕਾਲ ਤੋਂ ਹੀ ਪਈ ਹੋਈ ਹੈ। ਉਹ ਤਾਕਤਾਂ ਜਿਹੜੀਆਂ ਮੁੱਢ ਤੋਂ ਹੀ ਸਿੱਖੀ ਨੂੰ ਵੱਧਦਾ ਫੁੱਲਦਾ ਦੇਖ ਕੇ ਨਹੀਂ ਸਨ ਸੁਖਾਉਂਦੀਆਂ, ਉਨ੍ਹਾਂ ਨੇ ਸਿੱਖਾਂ ਨੂੰ ਗੁਰੂ ਤੋਂ ਬੇਮੁਖ ਕਰਨ ਦੇ ਕੋਝੇ ਯਤਨ ਅਤੇ ਹਕੂਮਤਾਂ ਨਾਲ ਮਿਲ ਕੇ ਸਿੱਖੀ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ, ਫਲਸਰੂਪ ਗੁਰੂ ਨਾਨਕ ਸਾਹਿਬ ਨੂੰ ਕੁਰਾਹੀਆ ਕਹਿ ਕੇ ਭੰਡਿਆ, ਉਹਨਾਂ ਨੂੰ ਸੱਚ ਬੋਲਣ ਦੀ ਸਜ਼ਾ ਦੇ ਰੂਪ ਵਿੱਚ ਜੇਲ੍ਹ ਦੀਆਂ ਚੱਕੀਆਂ ਪੀਹਣੀਆਂ ਪਈਆਂ, ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਤੱਤੀ ਤਵੀ ਉਪਰ ਬੈਠ ਕੇ ਸ਼ਹਾਦਤ ਦੇਣੀ ਪਈ, ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਉਪਰੋਕਤ ਸਾਜ਼ਿਸ਼ਾਂ ਅਤੇ ਹਕੂਮਤਾਂ ਦੇ ਜਬਰ ਨੂੰ ਚੈਲੰਜ ਦੇ ਰੂਪ ਵਿੱਚ ਸਵੀਕਾਰਿਆ ਅਤੇ ਸਿੱਖਾਂ ਦੀ ਅਜ਼ਾਦ ਪ੍ਰਭੂ ਸੱਤਾ ਦਾ ਐਲਾਨ ਕਰ ਦਿੱਤਾ। ਨੌਂਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣੇ ਤਿੰਨ ਸਾਥੀਆਂ ਸਮੇਤ ਦਿੱਲੀ ਵਿੱਚ ਸ਼ਹਾਦਤ ਦੇਣੀ ਪਈ,ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਮੌਕੇ ਦੇ ਸਿੱਖਾਂ ਦੀ ਹਾਲਤ ਨੂੰ ਦੇਖਦਿਆਂ, ਖਾਲਸਾ ਸਾਜਣਾ ਦਾ ਨਵਾਂ ਸੰਕਲਪ ਲੈ ਕੇ ਆਂਦਾ। ਲਤਾੜੇ ਨਪੀੜੇ ਲੋਕਾਂ ਨੂੰ ਸਿੰਘ ਸਜਾਕੇ ਸਿਰਦਾਰੀਆਂ ਦੀ ਬਖਸ਼ਿਸ਼ ਕੀਤੀ। ਜਬਰ ਜ਼ੁਲਮ ਨਾਲ ਟੱਕਰ ਲੈਣ ਲਈ ਨਿੱਗਰ ਸਿਧਾਂਤ ਦਿੱਤੇ। ਇੱਕ ਦਿਨ ਅਜਿਹਾ ਵੀ ਆਇਆ ਜਦੋਂ ਦੁਨੀਆਂ ਦੀ ਵੱਡੀ ਸਲਤਨਤ ਦਾ ਬਾਦਸ਼ਾਹ ਬਹਾਦਰ ਸ਼ਾਹ ਗੁਰੂ ਸਾਹਿਬ ਨਾਲ ਮੁਲਾਕਾਤ ਲਈ ਸਮਾਂ ਮੰਗਣ ਲਈ ਮਜਬੂਰ ਹੋ ਗਿਆ। ਇਸ ਦੇ ਬਾਵਜੂਦ ਵੀ ਉਹ ਤਾਕਤਾਂ ਜਿਹੜੀਆਂ ਸਿੱਖੀ ਤੋਂ ਖਾਰ ਖਾਂਦੀਆਂ ਸਨ, ਸਾਜ਼ਿਸ਼ਾਂ ਰਚਣ ਵਿੱਚ ਮਸਰੂਫ਼ ਰਹੀਆਂ, ਫਲਸਰੂਪ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਉੱਪਰ ਵੀ ਜਾਨਲੇਵਾ ਹਮਲਾ ਹੋ ਗਿਆ। ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦਾ ਕਾਰਨ ਉਹ ਹਮਲਾ ਹੀ ਸੀ। ਇਸ ਤੋਂ ਪਹਿਲਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਬਾਬਾ ਬੰਦਾ ਸਿੰਘ ਬਹਾਦਰ ਬਣਾਇਆ ਅਤੇ ਸਰਹਿੰਦ 'ਤੇ ਹਮਲਾ ਕਰਨ ਲਈ ਥਾਪੜਾ ਦੇ ਕੇ ਭੇਜਿਆ। ਬਾਬਾ ਜੀ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਬਦਲਾ ਹੀ ਨਹੀਂ ਲਿਆ, ਬਲਕਿ ਪਹਿਲਾ ਖਾਲਸਾ ਰਾਜ ਸਥਾਪਤ ਕਰਕੇ ਗੁਰੂ ਸਾਹਿਬ ਦੇ ਨਾਮ ਦਾ ਸਿੱਕਾ ਚਲਾ ਦਿੱਤਾ। ਪਰੰਤੂ ਉਹਨਾਂ ਨੂੰ ਵੀ ਉਪਰੋਕਤ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ, ਫਲਸਰੂਪ ਸਿੱਖਾਂ ਦਾ ਪਹਿਲਾ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ, ਜਿਹੜਾ ਹਮੇਸ਼ਾ ਆਪਣੇ ਗੁਰੂ ਨੂੰ ਸਮਰਪਿਤ ਰਿਹਾ,ਗੁਰੂ ਦੀ ਚੜ੍ਹਦੀ ਕਲਾ ਦਾ ਸੈਦਾਈ ਬਣ ਕੇ ਜੀਵਿਆ,ਉਹਨੂੰ ਵੀ ਅੰਦਰੂਨੀ ਤੇ ਬਾਹਰੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਕਾਇਮ ਕੀਤਾ ਖਾਲਸਾ ਰਾਜ ਗੁਆ ਕੇ ਆਪਣੇ ਚਾਰ ਸਾਲ ਦੇ ਪੁੱਤਰ ਸਮੇਤ ਸੱਤ ਸੌ ਚਾਲੀ ਸਿੱਖ ਸਾਥੀਆਂ ਦੇ ਨਾਲ ਸ਼ਹਾਦਤ ਦੇਣੀ ਪਈ। 9 ਜੂਨ 1716 ਈਸਵੀ ਵਿੱਚ ਉਸ ਮੌਕੇ ਦੇ ਦਿੱਲੀ ਦੇ ਬਾਦਸ਼ਾਹ ਫਰਖ਼ਸ਼ੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰ ਦਿੱਤਾ। ਉਹਨਾਂ ਤੋਂ ਬਾਅਦ ਭਾਵੇਂ ਸਿੱਖ ਆਪਣੇ ਗੁਰੂ ਸਾਹਿਬਾਨ ਦੀ ਕਿਰਪਾ ਦ੍ਰਿਸ਼ਟੀ ਸਦਕਾ ਜੰਗਲਾਂ ਬੇਲਿਆਂ ਵਿੱਚ ਰਹਿਣ ਦੇ ਬਾਵਜੂਦ ਵੀ ਵੱਡੀਆਂ ਤਾਕਤਾਂ ਦੇ ਨੱਕ ਵਿੱਚ ਦਮ ਕਰਨ ਦਾ ਹੌਸਲਾ ਰੱਖਦੇ ਸਨ। ਲਿਹਾਜ਼ਾ ਸਿੱਖਾਂ ਨੇ ਇੱਕ ਨਹੀਂ ਅਨੇਕਾਂ ਵਾਰੀ ਖਤਮ ਹੋਣ ਦੀ ਕਾਗਾਰ ਤੋਂ ਮੁੜ ਕੇ ਵੱਡੇ ਕੀਰਤੀਮਾਨ ਸਥਾਪਤ ਕੀਤੇ, ਪ੍ਰੰਤੂ ਸਿੱਖ ਵਿਰੋਧੀ ਤਾਕਤਾਂ ਨੇ ਖਹਿੜਾ ਨਹੀਂ ਛੱਡਿਆ। ਸਮੇਂ ਦੇ ਨਾਲ ਨਾਲ ਇਹ ਤਾਕਤਾਂ ਹੋਰ ਚਲਾਕ ਅਤੇ ਮਕਾਰ ਹੁੰਦੀਆਂ ਗਈਆਂ, ਜਿਸ ਕਰਕੇ ਸਿੱਖਾਂ ਅੰਦਰ ਸੰਨ ਲਾਉਣ ਵਿੱਚ ਕਾਮਯਾਬ ਹੋ ਗਈਆਂ। 1849 ਵਿੱਚ ਸਿੱਖਾਂ ਦੇ ਆਪਣਾ ਰਾਜ ਭਾਗ ਖੁੱਸ ਜਾਣ ਤੋਂ ਬਾਅਦ ਤਾਂ ਸਿੱਖਾਂ ਨੂੰ ਕਦੇ ਆਪਣੇ ਰਾਜ ਭਾਗ ਬਾਰੇ ਸੋਚਣ ਹੀ ਨਹੀਂ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਨੇ ਸਿੱਖਾਂ ਤੋਂ ਗੁਰਦੁਆਰਾ ਪ੍ਰਬੰਧ ਖੋਹ ਕੇ ਮਹੰਤ ਕਾਬਜ਼ ਕਰਵਾ ਦਿੱਤੇ, ਜਿੰਨਾਂ ਤੋਂ ਖਹਿੜਾ ਛੁਡਵਾਉਣ ਲਈ ਸਿੱਖਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ। ਬਿਨਾਂ ਸ਼ੱਕ ਸਿੱਖਾਂ ਨੇ ਆਪਣੇ ਗੁਰੂ ਦੀ ਕਿਰਪਾ ਸਦਕਾ ਅਡੋਲ ਸ਼ਹਾਦਤਾਂ ਦੇ ਕੇ ਗੁਰਦੁਆਰਾ ਪ੍ਰਬੰਧ ਲੈਣ ਵਿੱਚ ਕਾਮਯਾਬੀ ਹਾਸਲ ਕਰ ਲਈ। ਉਸ ਤੋਂ ਬਾਅਦ ਵੀ ਸਿੱਖ ਲਗਾਤਾਰ ਮੱਕਾਰੀ ਸਾਜ਼ਿਸ਼ਾਂ ਦਾ ਸ਼ਿਕਾਰ ਹੁੰਦੇ ਰਹੇ। ਸਿੱਖ ਆਗੂਆਂ ਨੇ ਗੁਰਦੁਆਰਾ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਲਿਆਂਦੀ,ਪ੍ਰੰਤੂ ਏਥੇ ਉਹ ਫਿਰ ਇੱਕ ਵਾਰ ਜਿੱਤ ਕੇ ਬਾਜੀ ਹਾਰ ਗਏ, ਜਿਸ ਦਾ ਖਮਿਆਜ਼ਾ ਸਿੱਖ ਪਤਾ ਨਹੀਂ ਕਦੋਂ ਤੱਕ ਭੁਗਤਦੇ ਰਹਿਣਗੇ। ਉਹਨਾਂ ਨੇ ਕਿਸੇ ਮਕਾਰ ਗੈਰ ਸਿੱਖ ਲੀਡਰ ਦੀਆਂ ਗੱਲਾਂ ਵਿੱਚ ਆ ਕੇ ਸ਼੍ਰੋਮਣੀ ਕਮੇਟੀ ਨੂੰ ਸੰਵਿਧਾਨ ਦੇ ਦਾਇਰੇ ਵਿੱਚ ਲੈ ਕੇ ਆਉਣਾ ਸਵੀਕਾਰ ਕਰ ਲਿਆ। ਏਥੇ ਆ ਕੇ ਫਿਰ ਸਿੱਖ ਪਾਟੋਧਾੜ ਦਾ ਸ਼ਿਕਾਰ ਹੋ ਗਏ, ਕੁੱਝ ਇਸ ਕਾਨੂੰਨ ਨਾਲ ਸਹਿਮਤ ਹੋ ਕੇ ਜੇਲ੍ਹ ਤੋਂ ਰਿਹਾਅ ਹੋ ਗਏ ਅਤੇ ਕੁੱਝ ਅਸਹਿਮਤ ਹੋ ਕੇ ਜੇਲ੍ਹ ਅੰਦਰ ਹੀ ਬੈਠੇ ਰਹੇ। ਭਾਵੇਂ ਜੇਲ੍ਹ ਅੰਦਰ ਬੈਠੇ ਸਿੱਖ ਆਗੂਆਂ ਦੀ ਭਾਵਨਾ ਪਾਕ ਪਵਿੱਤਰ ਸੀ, ਪਰ ਦੂਰਦ੍ਰਿਸ਼ਟੀ ਦੀ ਘਾਟ ਕਾਰਨ ਉਹ ਕੁੱਝ ਵੀ ਹਾਸਲ ਨਾ ਕਰ ਸਕੇ, ਲਿਹਾਜ਼ਾ ਹਮੇਸ਼ਾ ਲਈ ਸਮੁੱਚਾ ਗੁਰਦੁਆਰਾ ਪ੍ਰਬੰਧ ਕੇਂਦਰ ਦੇ ਅਧੀਨ ਚਲਾ ਗਿਆ। 1947 ਵਿੱਚ ਭਾਰਤ ਦੇਸ਼ ਤਾਂ ਆਜ਼ਾਦ ਹੋ ਗਿਆ, ਪਰ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਸ਼ਹਾਦਤਾਂ ਦੇਣ ਅਤੇ ਸਜ਼ਾਵਾਂ ਕੱਟਣ ਵਾਲੇ ਹਮੇਸ਼ਾ ਲਈ ਆਪਣੇ ਗੁਰੂ ਘਰ ਵੀ ਗੁਲਾਮ ਕਰਵਾ ਕੇ ਬੈਠ ਗਏ। ਅੱਜ ਜੋ ਸ਼੍ਰੋਮਣੀ ਕਮੇਟੀ ਦੇ ਮਾੜੇ ਪ੍ਰਬੰਧ ਨੂੰ ਲੈ ਕੇ ਜਾਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਚਰਚਾ ਹੋ ਰਹੀ ਹੈ, ਉਸ ਦਾ ਕਾਰਨ ਇਹ ਹੀ ਹੈ ਕਿ ਸਿੱਖਾਂ ਵਿੱਚ ਏਕਾ ਨਾਮ ਦੀ ਕੋਈ ਗੱਲ ਹੀ ਨਹੀਂ ਰਹੀ, ਚੌਧਰ ਦੀ ਭੁੱਖ ਸਿੱਖ ਆਗੂਆਂ ਦੇ ਸਿਰ ਚੜ੍ਹ ਕੇ ਬੋਲਦੀ ਹੈ, ਜਿਸ ਲਈ ਉਹ ਆਪਣੀ ਕੌਮ ਨਾਲ ਵੱਡੇ ਤੋਂ ਵੱਡਾ ਧਰੋਹ ਕਮਾਉਣ ਵਿੱਚ ਰੱਤੀ ਮਾਤਰ ਵੀ ਹਿਚਕਚਾਹਟ ਮਹਿਸੂਸ ਨਹੀਂ ਕਰਦੇ, ਜਿਸ ਦੇ ਫਲਸਰੂਪ ਗੁਰਦੁਆਰਾ ਪ੍ਰਬੰਧ ਹਮੇਸ਼ਾ ਉਹਨਾਂ ਧਿਰਾਂ ਦੇ ਕੋਲ ਰਹਿੰਦਾ ਹੈ, ਜਿਹੜੀਆਂ ਕੇਂਦਰ ਨਾਲ ਵਫ਼ਾਦਾਰੀ ਪਾਲਦੀਆਂ ਹਨ। ਪਿਛਲੇ ਦਿਨਾਂ ਵਿੱਚ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟ ਬਨਾਉਣ ਲਈ ਜਾਰੀ ਕੀਤੇ ਸ਼੍ਰੋਮਣੀ ਕਮੇਟੀ ਦੇ ਫਾਰਮ ਵਿੱਚ ਊਣਤਾਈਆਂ ਸਾਹਮਣੇ ਆਈਆਂ ਹਨ। ਉਪਰੋਕਤ ਫਾਰਮ ਵਿੱਚ ਕੇਸਧਾਰੀ ਸਿੱਖ ਦੀ ਗੱਲ ਕੀਤੀ ਗਈ ਹੈ,ਪਰ ਉਪਰੋਕਤ ਫਾਰਮ ਵਿੱਚ ਇਹ ਕਿਧਰੇ ਵੀ ਸਿੱਖ ਧਰਮ ਨੂੰ ਮੰਨਣ, ਸ੍ਰੀ ਗੁਰੂ ਗਰੰਥ ਸਾਹਿਬ ਅਤੇ ਗੁਰੂ ਸਾਹਿਬਾਨਾਂ ਨੂੰ ਮੰਨਣ ਜਾਂ ਸਤਿਕਾਰ ਕਰਨ ਦੇ ਸਬੰਧ ਵਿੱਚ ਕੁੱਝ ਵੀ ਨਹੀਂ ਸੀ ਲਿਖਿਆ ਗਿਆ,ਪਰ ਕਿੰਨੀ ਹੈਰਾਨੀ

(ਬਾਕੀ ਸਫ਼ਾ 30 'ਤੇ)

# ਪੰਜਾਬ ਦੇ ਦਰਿਆਈ ਪਾਣੀ ਦਾ ਸੰਕਟ ਅਤੇ ਸਿਧਾਂਤ ਤੋਂ ਭਟਕੀ ਸਿਆਸਤ



ਡਾ. ਅਮਨਪ੍ਰੀਤ ਸਿੰਘ ਬਰਾੜ

ਜਦੋਂ ਵੀ ਪੰਜਾਬ ਦੇ ਗੁਆਂਢੀ ਸੂਬਿਆਂ 'ਚ ਚੋਣਾਂ ਹੁੰਦੀਆਂ ਹਨ ਜਾਂ ਲੋਕ ਸਭਾ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਐਸ.ਵਾਈ.ਐਲ. ਦਾ ਮੁੱਦਾ ਭਖਣ ਲੱਗ ਪੈਂਦਾ ਹੈ। ਪਹਿਲਾਂ ਤਾਂ ਸਿਰਫ਼ ਹਰਿਆਣੇ ਦੀਆਂ ਚੋਣਾਂ ਨਾਲ ਹੀ ਇਸ ਦਾ ਸੰਬੰਧ ਸੀ ਪਰ ਹੁਣ ਰਾਜਸਥਾਨ ਅਤੇ ਹਿਮਾਚਲ ਦੀਆਂ ਸਿਆਸੀ ਪਾਰਟੀਆਂ ਵੀ ਪੰਜਾਬ ਦੇ ਪਾਣੀਆਂ 'ਤੇ ਆਪਣਾ ਹੱਕ ਜਮਾਈ ਬੈਠੀਆਂ ਹਨ। ਸਭ ਤੋਂ ਵੱਡੀ ਹਾਸੋਹੀਣੀ ਗੱਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਕਰ ਰਹੀਆਂ ਹਨ, ਸੱਤਾਧਾਰੀ ਵੀ ਅਤੇ ਵਿਰੋਧੀ ਵੀ। ਕਿਉਂਕਿ ਮੁੱਦਾ ਤਕਰੀਬਨ 50 ਸਾਲ ਤੋਂ ਵੱਧ ਪੁਰਾਣਾ ਹੈ, ਇਸ ਲਈ ਸਾਰੀਆਂ ਪਾਰਟੀਆਂ ਸੱਤਾ ਵਿੱਚ ਵੀ ਰਹੀਆਂ ਅਤੇ ਵਿਰੋਧ ਵਿੱਚ ਵੀ। ਹਰ ਪਾਰਟੀ ਦਾ ਇਕੋ ਰਾਗ ਹੀ ਹੁੰਦਾ ਹੈ ਅਸੀਂ ਪਾਣੀ ਦੀ ਬੂੰਦ ਨਹੀਂ ਦੇਣੀ, ਫ਼ਰਕ ਏਨਾ ਹੈ ਕਿ ਸਰਕਾਰ ਵਾਲੀ ਪਾਰਟੀ ਦੱਬੀ ਜ਼ਬਾਨ 'ਚ ਬੋਲਦੀ ਹੈ ਅਤੇ ਵਿਰੋਧੀ ਧਿਰ ਰੈਲੀ ਕੱਢ ਕੇ ਜਾਂ ਮੁਜ਼ਾਹਰੇ ਕਰਕੇ ਅਤੇ ਪਾਣੀ ਦੀਆਂ ਬੁਛਾੜਾਂ ਵੀ ਝੱਲਦੇ ਹਨ। ਪਰ ਸਵਾਲ ਇੱਥੇ ਇਹ ਹੈ ਕਿ ਪੰਜਾਬ ਦਾ 70 ਪ੍ਰਤੀਸ਼ਤ ਪਾਣੀ ਪਹਿਲਾਂ ਹੀ ਸੂਬੇ ਤੋਂ ਬਾਹਰ ਜਾ ਰਿਹਾ ਹੈ। ਫਿਰ ਬੂੰਦ ਦਾ ਸਵਾਲ ਕਿੱਥੇ ਰਹਿ ਗਿਆ ? ਬਾਵਜੂਦ ਇਸ ਦੇ ਕਿ ਰਿਪੇਰੀਅਨ ਸਟੇਟ ਦੇ ਸਿਧਾਂਤ ਦੇ ਅਧਾਰ 'ਤੇ ਮਾਲਕੀ ਸਿਰਫ਼ ਪੰਜਾਬ ਦੀ ਹੈ। ਇਸ ਵੇਲੇ ਪੰਜਾਬ ਦੇ ਕੋਲ ਜੋ 30 ਪ੍ਰਤੀਸ਼ਤ ਪਾਣੀ ਬਚਿਆ ਹੈ ਉਹ ਸਿਰਫ਼ 27 ਪ੍ਰਤੀਸ਼ਤ ਰਕਬੇ ਵਿੱਚ ਹੀ ਸਿੰਚਾਈ ਕਰਦਾ ਹੈ ਬਾਕੀ 73 ਪ੍ਰਤੀਸ਼ਤ ਰਕਬਾ ਟਿਊਬਵੈੱਲਾਂ ਦੇ ਪਾਣੀ ਨਾਲ ਪਲਦਾ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਉੱਪਰਲਾ ਪੱਤਣ ਸੁੱਕ ਚੁੱਕਾ ਹੈ ਅਤੇ ਹੇਠਲੇ ਪੱਤਣ 'ਚ ਪਾਣੀ ਸਿਰਫ਼ ਪੰਜ-ਸੱਤ ਸਾਲ ਦਾ ਹੀ ਰਹਿ ਗਿਆ ਹੈ।

ਇਨਸਾਫ਼ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਪੀਣ ਵਾਲਾ ਪਾਣੀ ਹਰ ਇੱਕ ਨੂੰ ਮਿਲਣਾ ਚਾਹੀਦਾ ਹੈ ਪਰ ਖੇਤੀ ਜਾਂ ਸਨਅਤ ਲਈ ਪਾਣੀ ਨੂੰ ਪਹਿਲ ਉੱਥੇ ਦੇਣੀ ਚਾਹੀਦੀ ਹੈ, ਜਿੱਥੇ ਇਹ ਦਰਿਆ ਵਗਦੇ ਹਨ ਅਤੇ ਇਸ ਤੋਂ ਵੀ ਅੱਗੇ ਪ੍ਰਤੀ ਯੂਨਿਟ ਪਾਣੀ ਪੈਦਾਵਾਰ ਕਿੱਥੇ ਵੱਧ ਹੁੰਦੀ ਹੈ ? ਜਿਹੜਾ ਪਾਣੀ ਰਾਜਸਥਾਨ ਨਹਿਰ ਰਾਹੀਂ ਰਾਜਸਥਾਨ ਜਾ ਰਿਹਾ ਹੈ, ਉਸ ਦਾ ਬਹੁਤਾ ਹਿੱਸਾ ਫਾਇਦੇ ਦੀ ਜਗ ੍ਹਾ ਨੁਕਸਾਨ ਕਰ ਰਿਹਾ ਹੈ ? ਜਿਹੜਾ ਪਾਣੀ ਨਹਿਰ ਦੇ ਪਹਿਲੇ ਪੜਾਅ ਨੂੰ ਦਿੱਤਾ ਗਿਆ, ਉਸ ਨੇ ਪਹਿਲਾਂ ਸੇਮ ਲਿਆਂਦੀ ਫਿਰ ਸੇਮ ਨੂੰ ਠੀਕ ਕਰਨ ਲਈ ਨਹਿਰ ਦੇ ਨਾਲ ਦਰੱਖਤ ਲਾ ਕੇ ਜੰਗਲ ਖੜ੍ਹੇ ਕੀਤੇ ਗਏ। ਹੁਣ ਸੀਪੇਜ ਰੋਕਣ ਲਈ ਨਹਿਰ 'ਚ ਪਲਾਸਟਿਕ ਅਤੇ ਕੰਕਰੀਟ ਵਿਛਾਉਣ ਲਈ ਅਰਬਾਂ ਰੁਪਏ ਖਰਚੇ ਗਏ। ਪਾਣੀ ਦਾ ਜੀਰਨਾ (ਸੀਪੇਜ) ਤਾਂ ਰੋਕ ਲਵੋਗੇ ਪਰ 45 ਤੋਂ 50 ਡਿਗਰੀ ਸੈਲਸੀਅਸ 'ਤੇ ਪਾਣੀ ਦੇ ਭਾਫ਼ ਬਣ ਕੇ ਉੱਡਣ ਤੋਂ ਕਿਵੇਂ ਰੋਕੋਗੇ ? ਕੀ ਇਹ ਪਾਣੀ ਬੰਦ ਪਾਈਪਾਂ ਰਾਹੀਂ ਨਹੀਂ ਸੀ ਲਿਜਾਇਆ ਜਾ ਸਕਦਾ, ਤਾਂ ਕਿ ਵਰਤੋਂ ਯੋਗ ਪਾਣੀ ਵਧੇ ਅਤੇ ਬਚਿਆ ਪਾਣੀ ਜਿਹੜੇ ਸੂਬੇ 'ਚੋਂ ਪਾਣੀ ਲੈ ਕੇ ਜਾ ਰਹੇ ਹੋ ਉੱਥੇ ਹੀ ਵਰਤਿਆ ਜਾਵੇ। ਇਸ ਤਰ ੍ਹਾਂ ਰਾਜਸਥਾਨ ਦੇ ਦੂਜੇ ਪੜਾਅ ਵਿਚ ਮੋਟਰਾਂ ਲਾ ਕੇ ਪਾਣੀ 30-30 ਫੁੱਟ ਉੱਚਾ ਚੁੱਕ ਕੇ ਟਿੱਬਿਆਂ 'ਤੇ ਛੱਡਿਆ ਜਾ ਰਿਹਾ ਹੈ। ਰੇਤੇ ਦੇ ਟਿੱਬੇ ਉੱਤੇ 45 ਤੋਂ 48 ਡਿਗਰੀ ਸੈਲਸੀਅਸ 'ਤੇ ਕਿਹੜੀ ਤਕਨੀਕ ਨਾਲ ਪੈਦਾਵਾਰ ਹੋ ਸਕਦੀ ਹੈ ?

ਸਭ ਤੋਂ ਵੱਡੀ ਗੱਲ ਹਰਿਆਣਾ ਸਭ ਤੋਂ ਜ਼ਿਆਦਾ ਰੌਲਾ ਪਾਉਂਦਾ ਹੈ ਪਰ ਉਸ ਦਾ ਨਹਿਰਾਂ ਨਾਲ ਸਿੰਚਾਈ ਹੇਠ ਰਕਬਾ 45 ਪ੍ਰਤੀਸ਼ਤ ਹੈ, ਜਦ ਕਿ ਪੰਜਾਬ 'ਚ ਸਿਰਫ਼ 27 ਪ੍ਰਤੀਸ਼ਤ ਰਕਬੇ ਵਿਚ ਹੀ ਨਹਿਰਾਂ ਨਾਲ ਸਿੰਜਾਈ ਹੋ ਰਹੀ ਹੈ। ਇਸੇ ਤਰ ੍ਹਾਂ ਰਾਜਸਥਾਨ ਜੋ ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਲਈ ਬੈਠਾ ਹੈ, ਉੱਥੇ ਵੀ 25.08 ਫ਼ੀਸਦੀ ਰਕਬਾ ਨਹਿਰਾਂ ਨਾਲ ਸਿੰਜਿਆ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਰਾਜਸਥਾਨ ਨੂੰ ਦਿੱਤੇ ਹਿੱਸੇ ਦਾ ਜ਼ਿਕਰ ਨਹੀਂ ਕਰਦੀਆਂ ਭਾਵੇਂ ਕਿ ਉਹ ਕਾਨੂੰਨੀ ਤੌਰ 'ਤੇ ਬੂੰਦ ਵੀ ਪਾਣੀ ਨਹੀਂ ਲੈ ਸਕਦਾ, ਉਹ ਪਾਣੀ ਭਾਈਬੰਦੀ ਨਾਲ ਇੱਕ ਦੇਸ਼ ਦੇ ਨਾਗਰਿਕ ਹੋਣ ਕਰਕੇ ਦਿੱਤਾ ਗਿਆ ਹੈ ਪਰ ਪੰਜਾਬ ਦੀ ਵਾਰੀ ਇਹ ਭਾਈਬੰਦੀ ਪਤਾ ਨਹੀਂ ਕਿੱਥੇ ਚਲੀ ਜਾਂਦੀ ਹੈ ਨਾ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰਾਂ ਇਸ ਗੱਲ 'ਤੇ ਆਉਂਦੀਆਂ ਹਨ ਕਿ ਬਾਰਿਸ਼ ਘਟ ਗਈ ਹੈ, ਇਸ ਕਰਕੇ ਦਰਿਆਈ ਪਾਣੀ ਘਟ ਗਿਆ ਹੈ ਅਤੇ ਪਾਣੀ ਦੀ ਲੋੜ ਵਧ ਗਈ ਹੈ। ਇਸ ਕਰਕੇ ਦਰਿਆਈ ਪਾਣੀ ਦਾ ਮੁੱਲਾਂਕਣ ਦੁਬਾਰਾ ਕਰਕੇ ਕਾਨੂੰਨ ਅਨੁਸਾਰ, ਸੂਬੇ ਦੀ ਲੋੜ ਅਨੁਸਾਰ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਦੇ ਹਿਸਾਬ ਨਾਲ ਪਾਣੀ ਦੀ ਦੁਬਾਰਾ ਵੰਡ ਕੀਤੀ ਜਾਵੇ। ਸਾਰੇ 1955 ਅਤੇ 1981 ਵਾਲੇ ਫ਼ੈਸਲਿਆਂ ਅਨੁਸਾਰ ਹੀ ਪੰਜਾਬ ਦਾ ਗਲਾ ਘੁੱਟਣਾ ਚਾਹੁੰਦੇ ਹਨ, ਕਿਉਂਕਿ ਵੋਟ ਰਾਜਨੀਤੀ ਇਹੋ ਹੀ ਸਿਖਾਉਂਦੀ ਹੈ ਕਿ ਕਿਸੇ ਵੀ ਝਗੜੇ ਦਾ ਨਿਬੇੜਾ ਨਾ ਕਰੋ, ਉਸ ਨੂੰ ਲਟਕਾਈ ਰੱਖੋ ਤਾਂ ਕਿ ਸਾਰੀਆਂ ਧਿਰਾਂ ਹੀ ਮਗਰ ਲੱਗੀਆਂ ਰਹਿਣ। ਰਾਜਨੀਤੀ ਵਾਲੇ ਤਾਂ ਛੱਡੋ ਸੰਵਿਧਾਨ ਦੇ ਰਾਖੇ ਵੀ ਕਾਨੂੰਨ ਤੋਂ ਹਟ ਕੇ ਦਬਕੇ ਮਾਰਦੇ ਹਨ।

ਹੜ ੍ਹਾਂ ਦੀ ਮਾਰ : ਪਾਣੀ ਹਰ ਸੂਬੇ ਨੂੰ ਚਾਹੀਦਾ ਹੈ ਪਰ ਜਦੋਂ ਬਾਰਿਸ਼ ਇਕਦਮ ਲੋੜ ਤੋਂ ਜ਼ਿਆਦਾ ਹੋ ਜਾਂਦੀ ਹੈ ਤਾਂ ਇਹ ਲੋਕ ਦਰਿਆਵਾਂ ਵਰਗੀਆਂ ਨਹਿਰਾਂ ਨੂੰ ਬੰਦ ਕਰਵਾ ਦਿੰਦੇ ਹਨ। ਤਰਕ ਇਹ ਦਿੱਤਾ ਜਾਂਦਾ ਹੈ ਕਿ ਨਹਿਰਾਂ 'ਚ ਭਲ ਪੈਣ ਨਾਲ ਨਹਿਰਾਂ ਦਾ ਨੁਕਸਾਨ ਹੁੰਦਾ ਹੈ। ਜੇ ਪਾਣੀ ਨਹਿਰਾਂ ਵਿੱਚ ਛੱਡ ਕੇ ਵੰਡਿਆ ਜਾਵੇ ਤਾਂ ਲੋਕਾਂ ਦਾ ਨੁਕਸਾਨ ਘੱਟ ਹੋਵੇਗਾ। ਲੋਕਾਂ ਦੇ ਘਰ ਢਹਿ ਜਾਣ, ਫ਼ਸਲਾਂ ਤਬਾਹ ਹੋ ਜਾਣ ਇਹ ਨੁਕਸਾਨ ਨਹੀਂ ਗਿਣਿਆ ਜਾਂਦਾ, ਕਿਉਂਕਿ ਇਹ ਪੰਜਾਬ ਦਾ ਹੈ। ਕੀ ਕੇਂਦਰ ਸਰਕਾਰ ਦਾ ਇਹ ਫਰਜ਼ ਨਹੀਂ ਬਣਦਾ ਕਿ ਜਿੰਨੇ ਵੀ ਸੂਬੇ ਪਾਣੀ ਦਾ ਲਾਭ ਲੈਂਦੇ ਹਨ, ਉਹ ਸਾਰੇ ਰਲ ਕੇ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ ?

ਮੈਂ ਛੋਟੇ-ਮੋਟੇ ਹੜ ੍ਹਾਂ ਦੀ ਮਾਰ ਦੀ ਗੱਲ ਨਹੀਂ ਕਰਦਾ, ਮੈਂ ਉਨ ੍ਹਾਂ ਹੜ ੍ਹਾਂ ਦੀ ਮਾਰ ਦੀ ਗੱਲ ਕਰਦਾ ਹਾਂ, ਜੋ ਭਾਖੜਾ ਡੈਮ 'ਚੋਂ ਪਾਣੀ ਛੱਡਣ ਨਾਲ ਆਏ ਹਨ। 1988 ਦੇ ਭਿਆਨਕ ਹੜ੍ਹ ਦਾ ਕਾਰਨ ਸੀ ਡੈਮ ਵਿਚ ਪਾਣੀ ਭਰਨ ਦਾ ਸਮਾਂ 30 ਸਤੰਬਰ ਤੱਕ ਦਾ ਹੈ ਪਰ ਡੈਮ ਨੂੰ ਸਿਰੇ ਤੱਕ ਉਸ ਤੋਂ ਪਹਿਲਾਂ ਹੀ ਭਰ ਲਿਆ ਗਿਆ ਪਰ ਜਦੋਂ 23-26 ਸਤੰਬਰ ਨੂੰ ਕੈਚਮੈਂਟ ਏਰੀਏ ਵਿੱਚ ਭਾਰੀ ਬਾਰਿਸ਼ (634 ਐਮ.ਐਮ.) ਆਈ ਤਾਂ ਡੈਮ ਦੇ ਫਲੱਡ ਗੇਟ ਖੋਲ ਦਿੱਤੇ ਗਏ, ਜਿਸ ਕਾਰਨ ਭਾਰੀ ਮਾਤਰਾ 'ਚ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਪੰਜਾਬ ਦੇ 12989 ਪਿੰਡਾਂ ਵਿਚੋਂ 9000 ਪਿੰਡਾਂ 'ਚ ਪਾਣੀ ਭਰਿਆ, ਜਿਨ ੍ਹਾਂ 'ਚੋਂ 2500 ਪਿੰਡ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਏ। 34 ਲੱਖ ਲੋਕ ਪ੍ਰਭਾਵਿਤ ਹੋਏ। ਏਨਾ ਹੀ ਨਹੀਂ ਜ਼ਖ਼ਮਾਂ 'ਤੇ ਲੂਣ ਛਿੜਕਣ ਲਈ ਉਸ ਵੇਲੇ ਦੇ ਭਾਰਤ ਦੇ ਖੇਤੀ ਮੰਤਰੀ ਨੇ ਬਿਆਨ ਦਿੱਤਾ ਕਿ ਇਹ ਚੰਗਾ ਹੋਇਆ ਪੰਜਾਬ ਦੀ ਧਰਤੀ ਹੇਠਲਾ ਪਾਣੀ ਰੀਚਾਰਜ ਹੋ ਜਾਵੇਗਾ।

ਸਾਲ 1993 'ਚ 25 ਲੱਖ ਲੋਕ 44 ਸ਼ਹਿਰਾਂ/ਕਸਬਿਆਂ ਅਤੇ 4741 ਪਿੰਡਾਂ 'ਚ ਪ੍ਰਭਾਵਿਤ ਹੋਏ। 15 ਲੱਖ ਏਕੜ ਰਕਬੇ 'ਚ ਫ਼ਸਲ ਦਾ ਨੁਕਸਾਨ ਹੋਇਆ। ਸਾਲ 2023 'ਚ ਕੀ ਵਾਪਰਿਆ, ਕਿੰਨਾ ਨੁਕਸਾਨ ਕਿਵੇਂ ਹੋਇਆ ਇਹ ਸਾਰੇ ਪਾਠਕਾਂ ਨੇ ਪੜ੍ਹਿਆ, ਸੁਣਿਆ ਅਤੇ ਵੇਖਿਆ ਹੈ, ਮੈਂ ਇਸ ਦਾ ਜ਼ਿਕਰ ਇੱਥੇ ਨਹੀਂ ਕਰਾਂਗਾ।

ਪੰਜਾਬ ਮਾਰੂਥਲ ਬਣਨ ਦੀ ਕਾਗਾਰ 'ਤੇ : ਇਸ ਵਕਤ ਪੰਜਾਬ ਦੇ 73 ਪ੍ਰਤੀਸ਼ਤ ਰਕਬੇ 'ਚ ਟਿਊਬਵੈੱਲਾਂ ਨਾਲ ਸਿੰਜਾਈ ਕੀਤੀ ਜਾਂਦੀ ਹੈ, ਜਿਸ ਕਾਰਨ ਪੰਜਾਬ ਦੇ 76 ਪ੍ਰਤੀਸ਼ਤ ਬਲਾਕਾਂ ਵਿਚੋਂ ਪਾਣੀ ਜ਼ਿਆਦਾ ਕੱਢਿਆ ਜਾਂਦਾ ਹੈ, ਜਿਸ ਕਾਰਨ ਪਾਣੀ ਹਰ ਸਾਲ ਇਕ ਮੀਟਰ ਤੱਕ ਹੇਠਾਂ ਜਾ ਰਿਹਾ ਹੈ, ਨੈਸ਼ਨਲ ਗਰੀਨ ਟ੍ਰਿਬਿਊਨਲ ਦੀ 2022 ਦੀ ਰਿਪੋਰਟ ਮੁਤਾਬਿਕ ਜੇ ਇਸੇ ਤਰ ੍ਹਾਂ ਚਲਦਾ ਰਿਹਾ ਤਾਂ 2039 ਤੱਕ ਪਾਣੀ 300 ਮੀਟਰ (984 ਫੁੱਟ) ਤੋਂ ਹੇਠਾਂ ਚਲਾ ਜਾਵੇਗਾ। ਇਸ ਵੇਲੇ ਭਾਵੇਂ ਕਿ ਪਾਣੀ ਦਾ ਪੱਧਰ 30-50 ਮੀਟਰ ਹੈ ਪਰ ਚੰਗਾ ਪਾਣੀ ਲੈਣ ਲਈ ਕਿਸਾਨਾਂ ਨੇ ਬੋਰ 200 ਮੀਟਰ ਦੀ ਡੂੰਘਾਈ ਤੱਕ ਕੀਤੇ ਹੋਏ ਹਨ। ਪਰ ਜੇ ਪਾਣੀ ਦੀ ਸਤਹ ਹੀ 300 ਮੀਟਰ ਤੋਂ ਹੇਠਾਂ ਜਾਂਦੀ ਹੈ ਤਾਂ ਉੱਥੇ ਬੋਰ ਕਰਕੇ ਪਾਣੀ ਕੱਢਣਾ ਕਿਸਾਨ ਦੇ ਵੱਸ ਦੀ ਗੱਲ ਨਹੀਂ ਰਹੇਗੀ। ਜੇ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ ਤਾਂ ਸਰਕਾਰਾਂ ਦੇ ਵੀ ਨਹੀਂ ਰਹਿਣੀ, ਕਿਉਂਕਿ ਜੇ ਮਾਲੀਆ ਹੀ ਨਾ ਆਇਆ ਤਾਂ

(ਬਾਕੀ ਸਫ਼ਾ 29 'ਤੇ)









# ਰੁੱਤ ਸਾਗ ਤੇ ਮੱਕੀ ਦੀ ਰੋਟੀ ਖਾਣ ਦੀ ਆਈ... ਵਿਦੇਸ਼ਾਂ 'ਚ ਵੀ ਪੰਜਾਬੀ ਸਾਗ ਦੀ ਹੋਈ ਬੱਲੇ ਬੱਲੇ



ਪੰਜਾਬ 'ਚ ਅੱਜ ਕੱਲ੍ਹ ਗੁਲਾਬੀ ਠੰਡ ਪੈਣੀ ਸ਼ੁਰੂ ਹੋਣ ਦੇ ਨਾਲ ਹੀ ਵੱਡੀ ਗਿਣਤੀ ਪੰਜਾਬੀਆਂ ਦੇ ਘਰਾਂ ਵਿਚੋਂ ਸਰ੍ਹੋਂ ਦੇ ਸਾਗ ਦੀ ਖੁਸ਼ਬੂ ਅਤੇ ਮੱਕੀ ਦੀ ਰੋਟੀ ਦੀ ਮਹਿਕ ਆਉਣੀ ਆਰੰਭ ਹੋ ਗਈ ਹੈ। ਸਿਆਲ ਰੁੱਤ ਦਾ ਮੇਵਾ ਮੰਨੇ ਜਾਂਦੇ ਸਾਗ ਅਤੇ ਮੱਕੀ ਦੀ ਰੋਟੀ ਦੇ ਸ਼ੌਕੀਨ ਪੰਜਾਬੀ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਚਲੇ ਜਾਣ ਪਰ ਉਹ ਸਾਗ ਅਤੇ ਮੱਕੀ ਦੀ ਰੋਟੀ ਨੂੰ ਨਹੀਂ ਭੁੱਲਦੇ। ਇਸ ਦੇ ਨਾਲ ਹੀ ਚਾਟੀ ਦੀ ਲੱਸੀ ਨੂੰ ਵੀ ਉਹ ਚੇਤੇ ਕਰਦੇ ਹਨ। ਇਹ ਹੀ ਕਾਰਨ ਹੈ ਕਿ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵੀ ਪੰਜਾਬ ਦੇ ਸਾਗ, ਮੱਕੀ ਦੀ ਰੋਟੀ ਅਤੇ ਚਾਟੀ ਦੀ ਲੱਸੀ ਦੀ ਕਾਫ਼ੀ ਮੰਗ ਹੈ।

ਅੱਜ ਜਿਥੇ ਵੱਡੀ ਗਿਣਤੀ ਪੰਜਾਬੀ ਪੀਜੇ, ਬਰਗਰਾਂ ਉੱਪਰ ਡੁੱਲ ਗਏ ਹਨ ਪਰ ਫਿਰ ਵੀ ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਅਜੇ ਵੀ ਪੰਜਾਬੀਆਂ ਦੇ ਘਰਾਂ ਅਤੇ ਦਿਲਾਂ ਵਿੱਚ ਆਪਣੀ ਵੱਖਰੀ ਹੀ ਥਾਂ ਬਣਾਈ ਬੈਠੇ ਹਨ। ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਨੂੰ ਕੁਦਰਤ ਵਲੋਂ ਬਖਸ਼ਿਆ ਤੋਹਫ਼ਾ ਵੀ ਕਿਹਾ ਜਾਂਦਾ ਹੈ ਇਹਨਾਂ ਨੂੰ ਕੁਦਰਤ ਦੀ ਇਕ ਨਿਆਮਤ ਵੀ ਸਮਝਿਆ ਜਾਂਦਾ ਹੈ। ਚੌਂਕੇ ਵਿੱਚ ਬਲਦੇ ਚੁੱਲ੍ਹੇ ਕੋਲ ਬੈਠ ਕੇ ਜਿਸ ਨੇ ਵੀ ਗਰਮ ਗਰਮ ਸਰ੍ਹੋਂ ਦਾ ਸਾਗ , ਵਿੱਚ ਤਾਜ਼ੇ ਮੱਖਣ ਦਾ ਪੇੜਾ ਪਾ ਕੇ ਮੱਕੀ ਦੀਆਂ ਗਰਮ ਗਰਮ ਰੋਟੀਆਂ ਨਾਲ ਖਾਧਾ ਹੋਵੇ, ਉਹ ਇਸ ਸੁਆਦ ਨੂੰ ਕਦੇ ਵੀ ਨਹੀਂ ਭੁੱਲ ਸਕਦਾ।




ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਬਣ੍ਹਾਉਣ ਵਿਚ ਬਹੁਤ ਮਿਹਨਤ ਕਰਨੀ ਪੈਂਦੀ ਹੈ। ਸਰ੍ਹੋਂ ਦਾ ਸਾਗ ਬਣਾਉਣ ਲਈ ਸਰ੍ਹੋਂ ਦਾ ਸਾਗ ਇੱਕ ਕਿਲੋ ਜਾਂ ਦੋ ਵੱਡੀਆਂ ਗੁੱਛੀਆਂ, ਪਾਲਕ ਅੱਧਾ ਕਿਲੋ ਜਾਂ ਇਕ ਗੁੱਛੀ, ਬਾਥੂ ਇੱਕ ਛੋਟੀ ਗੁੱਛੀ , ਹਰੀਆਂ ਮਿਰਚਾਂ ਸਵਾਦ ਅਨੁਸਾਰ, ਆਲਣ ਜਾਂ ਮੱਕੀ ਦਾ ਆਟਾ ਤਿੰਨ ਮੁੱਠੀਆਂ ਜਾਂ ਪਾਈਆ, ਅਦਰਕ ਦੋ ਟੁਕੜੇ, ਲਸਣ ਲੋੜ ਅਨੁਸਾਰ ਬਾਰੀਕ ਕੱਟਿਆ ਹੋਇਆ, ਹਿੰਗ ਦੋ ਚੁਟਕੀ, ਪਿਆਜ ਦੋ ਪੀਸ (ਪੀਸਿਆ ਹੋਇਆ), ਧਨੀਆ ਥੋੜਾ ਜਿਹਾ ਕੱਟਿਆ ਹੋਇਆ, ਨਮਕ ਲੋੜ ਅਨੁਸਾਰ ਚਾਹੀਦੇ ਹਨ।



ਸਾਗ ਬਣਾਉਣ ਲਈ ਸਭ ਤੋਂ ਪਹਿਲਾਂ ਸਾਗ, ਪਾਲਕ ਅਤੇ ਬਾਥੂ ਦੇ ਪੱਤਿਆਂ ਨੂੰ ਚੰਗੀ ਤਰਾਂ ਧੋ ਲਵੋ। ਫਿਰ ਇਹਨਾਂ ਪਤਿਆਂ ਨੂੰ ਚੰਗੀ ਤਰਾਂ ਕੱਟ ਲਵੋ। ਜੇ ਸਾਗ ਨਾਲ ਗੰਦਲਾਂ ਵੀ ਹੋਣ ਤਾਂ ਉਹਨਾਂ ਨੂੰ ਚੰਗੀ ਤਰਾਂ ਛਿਲਕੇ ਬਾਰੀਕ ਕੱਟ ਲਵੋ। ਮਿੱਟੀ ਦੀ ਤੌੜੀ ਜਾਂ ਪਿੱਤਲ ਦੀ ਪਤੀਲੀ ਜਾਂ ਪਤੀਲੇ ਜਾਂ ਕੂਕਰ ਵਿਚ ਪਾਣੀ ਪਾ ਕੇ ਸਾਗ, ਪਾਲਕ ਅਤੇ ਬਾਥੂ ਪਾ ਕੇ ਉਬਾਲੋ। ਇਸ ਦੇ ਨਾਲ ਹੀ ਨਮਕ , ਹਰੀਆਂ ਮਿਰਚਾਂ, ਅਦਰਕ, ਪਿਆਜ ਆਦਿ ਵੀ ਪਾ ਦਿਓ । ਕੂਕਰ ਵਿਚ ਇਸ ਨੂੰ ਸੱਤ- ਅੱਠ ਸੀਟੀਆਂ ਵੱਜਣ ਤੱਕ ਉਬਾਲੋ। ਜੇ ਸਾਗ ਮਿੱਟੀ ਦੇ ਭਾਂਡੇ ਜਾਂ ਪਿੱਤਲ ਦੇ ਭਾਂਡੇ ਵਿਚ ਬਣਾਇਆ ਜਾ ਰਿਹਾ ਹੈ ਤਾਂ 2 ਘੰਟੇ ਤੱਕ ਉਬਾਲੋ। ਇਸ ਤੋਂ ਬਾਅਦ ਇਸ ਨੂੰ ਅੱਗ ਤੋਂ ਉਤਾਰ ਲਓ ਅਤੇ ਘੋਟ ਲਓ। ਇਸ ਵਿਚ ਲੋੜ ਅਨੁਸਾਰ ਮੱਕੀ ਦਾ ਆਟਾ,ਜਿਸ ਨੂੰ ਆਲਣ ਵੀ ਕਹਿੰਦੇ ਹਨ , ਪਾਓ। ਫਿਰ ਇਸ ਨੂੰ ਦੇਸੀ ਘਿਓ ਵਿੱਚ ਪਿਆਜ, ਹੀਂਗ, ਅਦਰਕ, ਆਦਿ ਨਾਲ ਤੜਕਾ ਲਾਓ। ਤੜਕਾ ਲਾਉਣ ਤੋਂ ਬਾਅਦ ਇਸ ਉਪਰ ਕੱਟ ਕੇ ਧਨੀਆ ਪਾਓ। ਫੇਰ ਸਾਗ ਵਿੱਚ ਮੱਖਣ ਪਾ ਕੇ ਗਰਮਾ ਗਰਮ ਪਰੋਸੋ। ਕੁਝ ਲੋਕ ਸਾਗ ਨੂੰ ਵੱਖਰੀ ਤਰਾਂ ਦਾ ਸੁਆਦ ਦੇਣ ਲਈ ਸਾਗ ਨੂੰ ਤੜਕਾ ਲਗਾਉਣ ਵੇਲੇ ਟਮਾਟਰ ਅਤੇ ਹਲਦੀ ਵੀ ਪਾ ਲੈਂਦੇ ਹਨ। ਸਰ੍ਹੋਂ ਦੇ ਗਰਮ ਗਰਮ ਸਾਗ ਨਾਲ ਮੱਕੀ ਦੀ ਰੋਟੀ ਖਾਣ ਦਾ ਆਪਣਾ ਵੱਖਰਾ ਹੀ ਸੁਆਦ ਹੁੰਦਾ ਹੈ। ਮੱਕੀ ਦੀ ਰੋਟੀ ਬਣਾਉਣ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਹੈ। ਮੱਕੀ ਦੀ ਰੋਟੀ ਬਣਾਉਣ ਲਈ ਮੱਕੀ ਦਾ ਆਟਾ ਗਰਮ ਪਾਣੀ ਵਿੱਚ ਗੁੰਨ੍ਹਣਾ ਪੈਂਦਾ ਹੈ, ਫਿਰ ਬੜੇ ਧਿਆਨ ਨਾਲ ਇਸ ਨੂੰ ਚਕਲੇ ਉਪਰ ਬੇਲਣੇ ਨਾਲ ਵੇਲ ਕੇ ਤਵੇ ਉਪਰ ਪਾਇਆ ਜਾਂਦਾ ਹੈ ਅਤੇ ਮੱਕੀ ਦੀ ਰੋਟੀ ਤਿਆਰ ਕੀਤੀ ਜਾਂਦੀ ਹੈ। ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਨਾਲ ਲੱਸੀ ਪੀਣੀ ਬਹੁਤ ਹੀ ਸੁਆਦ ਲੱਗਦੀ ਹੈ।



ਪਹਿਲਾਂ ਸਾਗ ਨੂੰ ਦਾਤੀ ਨਾਲ ਕੱਟਿਆ ਜਾਂਦਾ ਸੀ ਅਤੇ ਸਾਗ ਨੂੰ ਦਾਤੀ ਨਾਲ ਕੱਟਣ ਵੇਲੇ ਕਾਫ਼ੀ ਧਿਆਨ ਵੀ ਰਖਣਾ ਪੈਂਦਾ ਸੀ। ਨਿੱਕੀ ਜਿਹੀ ਅਣਗਹਿਲੀ ਨਾਲ ਹੀ ਉਂਗਲਾਂ ਦੇ ਪੋਟੇ ਕੱਟੇ ਜਾਣ ਦਾ ਖਤਰਾ ਪੈਦਾ ਹੋ ਜਾਂਦਾ ਸੀ ਪਰ ਹੁਣ ਤਾਂ ਸਾਗ ਕੱਟਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ ਜੋ ਕਿ ਟੋਕਾ ਕਰਨ ਵਾਲੀਆਂ ਮਸ਼ੀਨਾਂ ਵਰਗੀਆਂ ਹੁੰਦੀਆਂ ਹਨ।

ਪਿੰਡਾਂ ਵਿੱਚ ਸਾਗ ਸਬੰਧੀ ਧਾਰਨਾ ਪ੍ਰਚਲਿਤ ਹੈ ਕਿ ਤਾਜ਼ਾ ਸਾਗ ਓਨਾ ਸੁਆਦ ਨਹੀਂ ਹੁੰਦਾ, ਜਿੰਨਾ ਸੁਆਦ ਬੇਹਾ ਸਾਗ ਤੜਕਾ ਲਗਾ ਕੇ ਬਣ ਜਾਂਦਾ ਹੈ।

ਸਾਗ ਖਾਣਾ ਸਿਹਤ ਲਈ ਬਹੁਤ ਲਾਭਦਾਇਕ ਮੰਨਿਆ ਜਾਂਦਾ ਹੈ। ਸਰ੍ਹੋਂ ਦੀਆਂ ਗੰਦਲਾਂ ਪੇਟ ਦੀਆਂ ਅੰਤੜੀਆਂ ਦੀ ਸਫਾਈ ਕਰਦੀਆਂ ਹਨ। ਸਾਗ ਵਿੱਚ ਪਾਏ ਜਾਣ ਵਾਲੇ ਪਾਲਕ ਵਿਚ ਵਿਟਾਮਿਨ ਏ ਬੀ ਸੀ , ਆਇਰਨ ਅਤੇ ਕੈਲਸ਼ੀਅਮ ਹੁੰਦੇ ਹਨ। ਸਾਗ ਅੱਖਾਂ ਦੀ ਰੌਸ਼ਨੀ ਲਈ ਵੀ ਲਾਭਦਾਇਕ ਹੈ, ਇਸ ਨਾਲ ਨਜ਼ਰ ਠੀਕ ਰਹਿੰਦੀ ਹੈ। ਸਾਗ ਕੈਲੋਸਟ੍ਰੋਲ ਦੀ ਮਾਤਰਾ ਨੂੰ ਵੀ ਠੀਕ ਕਰਦਾ ਹੈ। ਸਾਗ ਵਿਚ ਜੋ ਬਾਥੂ ਪਾਇਆ ਜਾਂਦਾ ਹੈ ਉਸ ਬਾਥੂ ਵਿੱਚ ਲੋਹਾ ਜਾਂ ਆਇਰਨ ਬਹੁਤ ਹੁੰਦਾ ਹੈ , ਇਹ ਆਇਰਨ ਗੁਰਦੇ ਦੇ ਰੋਗ ਨੂੰ ਦੂਰ ਕਰਨ ਵਿੱਚ ਸਹਾਈ ਹੁੰਦਾ ਹੈ। ਬਾਥੂ ਪੇਟ ਗੈਸ ਦੀ ਤਕਲੀਫ਼ ਨੂੰ ਵੀ ਦੂਰ ਕਰਦਾ ਹੈ। ਸਾਗ ਨੂੰ ਅਦਰਕ ਦਾ ਤੜਕਾ ਲਾਇਆ ਜਾਂਦਾ ਹੈ। ਅਦਰਕ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਖਣਿਜ, ਕੈਲਸ਼ੀਅਮ, ਫਾਸਫੋਰਸ, ਆਇਰਨ, ਵਿਟਾਮਿਨ ਏ, ਬੀ , ਸੀ ਵੀ ਹੁੰਦੇ ਹਨ। ਇਸ ਸਭ ਕੁਝ ਪਾਚਣ ਸ਼ਕਤੀ ਨੂੰ ਠੀਕ ਰੱਖਦੇ ਹਨ।

ਦੂਜੇ ਪਾਸੇ ਕੁਝ ਸਿਹਤ ਮਾਹਿਰ ਅਜਿਹੇ ਵੀ ਹਨ ਜੋ ਕਿ ਸਾਗ ਅਤੇ ਮੱਕੀ ਦੀ ਰੋਟੀ ਜਿਆਦਾ ਖਾਣ ਦੇ ਕਈ ਨੁਕਸਾਨ ਵੀ ਦੱਸਦੇ ਹਨ। ਇਹਨਾਂ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਸਾਗ ਵਿੱਚ ਪਾਏ ਜਾਣ ਵਾਲੇ ਲਸਣ, ਅਦਰਕ, ਮੇਥੇ ਦੀ ਤਾਸੀਰ ਗਰਮ ਹੁੰਦੀ ਹੈ, ਇਸ ਦੇ ਨਾਲ ਹੀ ਦੇਸੀ ਘਿਓ ਵੀ ਗਰਮ ਤਾਸੀਰ ਵਾਲਾ ਮੰਨਿਆਂ ਜਾਂਦਾ ਹੈ, ਇਸ ਤਰਾਂ ਦੇ ਖਾਣੇ ਨਾਲ ਮਿਹਦੇ ਵਿੱਚ ਜਲਨ ਹੋ ਸਕਦੀ ਹੈ। ਸਿਹਤ ਮਾਹਿਰ ਕਹਿੰਦੇ ਹਨ ਕਿ ਜਿਆਦਾ ਮਾਤਰਾ ਵਿਚ ਖਾਧਾ ਸਾਗ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ ਸਾਗ ਨੂੰ ਨਿਸ਼ਚਿਤ ਮਾਤਰਾ ਵਿਚ ਹੀ ਖਾਧਾ ਜਾਵੇ।

ਸਿਆਲਾਂ ਦੇ ਦਿਨਾਂ ਵਿੱਚ ਸਾਗ ਦੀ ਖ਼ੁਸ਼ਬੂ ਵੱਡੀ ਗਿਣਤੀ ਪੰਜਾਬੀਆਂ ਦੇ ਘਰਾਂ ਵਿਚੋਂ ਉੱਠਦੀ ਰਹਿੰਦੀ ਹੈ। ਪਿੰਡਾਂ ਵਿੱਚ ਤਾਂ ਹਾਰਿਆਂ ਵਿੱਚ ਮਿੱਟੀ ਦੀ ਤੌੜੀ ਵਿਚ ਹਰ ਦਿਨ ਵਾਂਗ ਹੀ ਸਾਗ ਰਿੱਝਦਾ ਰਹਿੰਦਾ ਹੈ। ਭਾਵੇਂ ਕਿ ਅੱਜ ਵੱਡੀ ਗਿਣਤੀ ਪੰਜਾਬੀ ਪੀਜੇ ਬਰਗਰਾਂ ਤੇ ਹੋਰ ਫਾਸਟ ਫੂਡ ਉੱਪਰ ਡੁੱਲ ਡੁੱਲ ਪੈਂਦੇ ਹਨ, ਪਰ ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਨੇ ਉਹਨਾਂ ਦੇ ਘਰਾਂ ਅਤੇ ਦਿਲਾਂ ਵਿੱਚ ਜੋ ਪੱਕੀ ਥਾਂ ਬਣਾਈ ਹੋਈ ਹੈ, ਉਹ ਹੋਰ ਕੋਈ ਨਹੀਂ ਲੈ ਸਕਦਾ।













# ਜਲਵਾਯੂ ਤਬਦੀਲੀ

# ਸਕੂਲ ਛੱਡਣ ਲਈ ਮਜਬੂਰ ਬੱਚੇ

## ਗਲੋਬਲ ਵਾਰਮਿੰਗ ਦਾ ਬੱਚਿਆਂ ’ਤੇ ਪੈਂਦੇ ਬਹੁਤ ਜ਼ਿਆਦਾ ਪ੍ਰਭਾਵ

### ਜਲਵਾਯੂ ਪਰਿਵਰਤਨ ਕਾਰਨ ਆਏ ਹੜ੍ਹਾਂ, ਤੂਫ਼ਾਨਾਂ, ਸੋਕੇ ਅਤੇ ਜੰਗਲਾਂ ਦੀ ਅੱਗ ਕਾਰਨ ਹਰ ਰੋਜ਼ 20 ਹਜ਼ਾਰ ਬੱਚੇ ਸਕੂਲ ਛੱਡਣ ਲਈ ਮਜਬੂਰ





ਲਗਭਗ ਤਿੰਨ ਦਹਾਕਿਆਂ ਤੋਂ ਅੰਤਰਰਾਸ਼ਟਰੀ ਮੰਚਾਂ ਤੋਂ ਇਸ ਗੱਲ ’ਤੇ ਡੂੰਘੀ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਜਲਵਾਯੂ ਤਬਦੀਲੀ ਦਾ ਕਈ ਦੇਸ਼ਾਂ ਦੇ ਲੋਕਾਂ ’ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਸ਼ਾਇਦ ਹੀ ਕੋਈ ਵਰਗ ਅਜਿਹਾ ਹੋਵੇ ਜੋ ਇਸ ਤੋਂ ਪ੍ਰਭਾਵਿਤ ਨਾ ਹੋ ਰਿਹਾ ਹੋਵੇ। ਇਹ ਲੋਕਾਂ ਲਈ ਸਪੱਸ਼ਟ ਹੈ ਕਿ ਵਿਸ਼ਵ ਦੇ ਜਲਵਾਯੂ ਵਿੱਚ ਤੇਜ਼ੀ ਨਾਲ ਤਬਦੀਲੀ ਕਾਰਨ, ਕੁਝ ਸਮੇਂ ਬਾਅਦ ਬਹੁਤ ਸਾਰੇ ਸ਼ਹਿਰਾਂ ਅਤੇ ਖੇਤਰਾਂ ਨੂੰ ਆਪਣੀ ਹੋਂਦ ਦੇ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਲੋਕਾਂ ਦੇ ਪਰਵਾਸ, ਉਜਾੜੇ ਅਤੇ ਮੁੜ ਵਸੇਬੇ ਦਾ ਮੁੱਦਾ ਵੱਡਾ ਹੋਵੇਗਾ।

ਪਹਾੜੀ ਖੇਤਰ ਹੋਵੇ ਜਾਂ ਮੈਦਾਨੀ ਖੇਤਰ, ਤੱਟਵਰਤੀ ਖੇਤਰ ਜਾਂ ਰੇਗਿਸਤਾਨ, ਸ਼ਾਇਦ ਹੀ ਕੋਈ ਵੀ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਤੋਂ ਅਛੂਤਾ ਰਹੇਗਾ। ਇਹ ਸੁਭਾਵਕ ਹੈ ਕਿ ਅਜਿਹੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਕੋਲ ਪ੍ਰਭਾਵਿਤ ਖੇਤਰਾਂ ਨੂੰ ਛੱਡ ਕੇ ਹੋਰ ਕਿਤੇ ਸ਼ਰਨ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੋਵੇਗਾ। ਆਪਣੇ ਜੱਦੀ ਸਥਾਨਾਂ ਨੂੰ ਛੱਡਣਾ ਮਨੁੱਖੀ ਜੀਵਨ ਲਈ ਹੋਰ ਖ਼ਤਰੇ ਕਿਵੇਂ ਲਿਆਉਂਦਾ ਹੈ, ਇਹ ਹੁਣ ਦੁਨੀਆ ਭਰ ਵਿੱਚ ਦੇਖਿਆ ਜਾ ਰਿਹਾ ਹੈ। ਤਬਾਹ ਹੋਏ ਜੰਗਲਾਂ ਜਾਂ ਡੁੱਬ ਰਹੇ ਤੱਟਵਰਤੀ ਖੇਤਰਾਂ ਨੂੰ ਛੱਡਣ ਵਾਲੇ ਲੋਕਾਂ ਨੂੰ ਰੋਜ਼ੀ-ਰੋਟੀ ਦੇ ਸੰਕਟ ਤੋਂ ਲੈ ਕੇ ਆਪਣੇ ਜੀਵਨ ਨੂੰ ਪੁਨਰਗਠਿਤ ਕਰਨ ਤੱਕ ਦੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਕੋਈ ਜਾਣਦਾ ਹੈ ਕਿ ਨਵੀਂ ਜਗ੍ਹਾ ਨੂੰ ਅਨੁਕੂਲ ਬਣਾਉਣਾ ਮੁਸ਼ਕਿਲ ਹੈ।

ਦੁਨੀਆਂ ਭਰ ਦੇ ਵਿਗਿਆਨੀ, ਸਮਾਜ ਸ਼ਾਸਤਰੀ ਅਤੇ ਹੋਰ ਵਿਸ਼ਿਆਂ ਦੇ ਲੋਕ ਜਲਵਾਯੂ ਤਬਦੀਲੀ ਦੇ ਮਨੁੱਖੀ ਜੀਵਨ ’ਤੇ ਪੈਣ ਵਾਲੇ ਪ੍ਰਭਾਵਾਂ ਦੇ ਵੱਖ-ਵੱਖ ਪਹਿਲੂਆਂ ਦਾ ਡੂੰਘਾਈ ਨਾਲ ਅਧਿਐਨ ਕਰ ਰਹੇ ਹਨ। ਵੱਖ-ਵੱਖ ਖੋਜਾਂ ਅਤੇ ਯੂਨੀਵਰਸਿਟੀ ਅਧਿਐਨਾਂ ਤੋਂ ਵੱਖ-ਵੱਖ ਸਿੱਟੇ ਨਿਕਲੇ ਹਨ। ਅਜਿਹੀਆਂ ਸਾਰੀਆਂ ਖੋਜਾਂ ਮਨੁੱਖਜਾਤੀ ਦੇ ਭਵਿੱਖ ਬਾਰੇ ਇੱਕ ਡਰਾਉਣੀ ਤਸਵੀਰ ਪੇਂਟ ਕਰਦੀਆਂ ਹਨ। ਪ੍ਰਭਾਵਿਤ ਲੋਕਾਂ ਨੂੰ ਰੋਜ਼ੀ-ਰੋਟੀ ਤੋਂ ਲੈ ਕੇ ਸੱਭਿਆਚਾਰਕ ਨੁਕਸਾਨ ਤੱਕ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲਗਭਗ ਹਰ ਸਾਲ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ’ਤੇ ਕੰਮ ਕਰ ਰਹੀਆਂ ਬਹੁਤ ਸਾਰੀਆਂ ਸੰਸਥਾਵਾਂ ਅਤੇ ਸੰਸਥਾਵਾਂ ਇਸ ਵਿਸ਼ੇ ’ਤੇ ਮੀਟਿੰਗਾਂ ਅਤੇ ਕਾਨਫਰੰਸਾਂ ਦਾ ਆਯੋਜਨ ਕਰਦੀਆਂ ਹਨ ਅਤੇ ਇਸ ਦਿਸ਼ਾ ਵਿੱਚ ਕਈ ਉਪਾਅ ਸੁਝਾਉਂਦੀਆਂ ਹਨ। ਇਹ ਮੁੱਦਾ ਲੀਗ ਆਫ਼ ਨੇਸ਼ਨਜ਼ ਦੀਆਂ ਚਿੰਤਾਵਾਂ ਵਿੱਚੋਂ ਇੱਕ ਹੈ। ਫਿਰ ਵੀ ਇਸ ਵਿੱਚ ਕੋਈ ਬਹੁਤੀ ਸਫ਼ਲਤਾ ਮਿਲਦੀ ਨਜ਼ਰ ਨਹੀਂ ਆ ਰਹੀ। ਵੱਖ-ਵੱਖ ਕਾਰਨਾਂ ਕਰਕੇ ਹੋਣ ਵਾਲੇ ਕਾਰਬਨ ਦੇ ਨਿਕਾਸ ਨੂੰ ਘਟਾਉਣਾ ਜਲਵਾਯੂ ਪਰਿਵਰਤਨ ਨੂੰ ਰੋਕਣ ਵਿੱਚ ਬਹੁਤ ਮਦਦਗਾਰ ਹੋ ਸਕਦਾ ਹੈ, ਪਰ ਜ਼ਿਆਦਾਤਰ ਦੇਸ਼ ਇਸ ਟੀਚੇ ਨੂੰ ਹਾਸਲ ਕਰਨ ਵਿੱਚ ਅਸਫਲ ਰਹੇ ਹਨ।

ਇਸ ਲੜੀ ਵਿਚ, ਇਕ ਨਵੀਂ ਰਿਪੋਰਟ ਦਰਸਾਉਂਦੀ ਹੈ ਕਿ ਗਲੋਬਲ ਵਾਰਮਿੰਗ ਦਾ ਦੁਨੀਆਂ ਭਰ ਦੇ ਬੱਚਿਆਂ ’ਤੇ ਬਹੁਤ ਜ਼ਿਆਦਾ ਪ੍ਰਭਾਵ ਪੈ ਰਿਹਾ ਹੈ। ਯੂਨੀਸੇਫ ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਆਏ ਹੜ੍ਹਾਂ, ਤੂਫਾਨਾਂ, ਸੋਕੇ ਅਤੇ ਜੰਗਲਾਂ ਦੀ ਅੱਗ ਕਾਰਨ ਹਰ ਰੋਜ਼ 20 ਹਜ਼ਾਰ ਬੱਚੇ ਸਕੂਲ ਛੱਡਣ ਲਈ ਮਜਬੂਰ ਹੋ ਰਹੇ ਹਨ। 44 ਦੇਸ਼ਾਂ ’ਚ ਕੀਤੇ ਗਏ ਇਸ ਅਧਿਐਨ ਦੇ ਆਧਾਰ ’ਤੇ ਤਿਆਰ ਕੀਤੀ ਗਈ ਰਿਪੋਰਟ ਮੁਤਾਬਕ 2016 ਤੋਂ 2021 ਦਰਮਿਆਨ 4.31 ਕਰੋੜ ਬੱਚਿਆਂ ਨੂੰ ਸਕੂਲ ਛੱਡਣਾ ਪਿਆ। ਇਕੱਲੇ ਜਾਂ ਪਰਿਵਾਰ ਸਮੇਤ, 2.23 ਕਰੋੜ ਵਿਦਿਆਰਥੀਆਂ ਨੇ ਵਿਸਥਾਪਨ ਕਾਰਨ ਇਕੱਲੇ ਭਾਰਤ, ਚੀਨ ਅਤੇ ਫਿਲੀਪੀਨਜ਼ ਵਿੱਚ ਪੜ੍ਹਾਈ ਛੱਡ ਦਿੱਤੀ। ਹੜ੍ਹ ਅਤੇ ਤੂਫਾਨ ਮੁੱਖ ਕਾਰਨ ਰਹੇ ਹਨ।

ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਜਿਵੇਂ-ਜਿਵੇਂ ਜਲਵਾਯੂ ਤਬਦੀਲੀ ਜਾਰੀ ਹੈ, 30 ਸਾਲਾਂ ਵਿੱਚ 10 ਕਰੋੜ ਤੋਂ ਵੱਧ ਬੱਚੇ ਇਨ੍ਹਾਂ ਕਾਰਨਾਂ ਕਰਕੇ ਸਕੂਲ ਛੱਡ ਦੇਣਗੇ। ਡੋਮਿਨਿਕਾ ਅਤੇ ਵੈਨੂਆਟੂ ਵਰਗੇ ਛੋਟੇ ਟਾਪੂ ਦੇਸ਼ਾਂ ’ਚ ਰਹਿਣ ਵਾਲੇ ਬੱਚੇ ਤੂਫਾਨ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਦੂਜੇ ਪਾਸੇ ਜਿੱਥੇ ਹੜ੍ਹ ਨੇ ਬੱਚਿਆਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਇਨ੍ਹਾਂ ਵਿੱਚ ਸੋਮਾਲੀਆ ਅਤੇ ਸੂਡਾਨ ਸਭ ਤੋਂ ਉੱਪਰ ਹਨ। 13 ਲੱਖ ਬੱਚੇ ਸੋਕੇ ਕਾਰਨ ਬੇਘਰ ਹੋਏ ਸਨ ਅਤੇ 8 ਲੱਖ ਤੋਂ ਵੱਧ ਬੱਚੇ ਜੰਗਲਾਂ ਦੀ ਅੱਗ ਕਾਰਨ ਬੇਘਰ ਹੋ ਗਏ ਸਨ, ਜਿਸ ਕਾਰਨ ਉਹ ਸਕੂਲ ਜਾਣ ਤੋਂ ਖੁੰਝ ਗਏ ਸਨ। ਅਜਿਹੀ ਅੱਗਜ਼ਨੀ ਦੀਆਂ ਸਭ ਤੋਂ ਵੱਧ ਘਟਨਾਵਾਂ ਕੈਨੇਡਾ, ਇਜ਼ਰਾਈਲ ਅਤੇ ਅਮਰੀਕਾ ਵਿੱਚ ਹੋਈਆਂ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੁਨੀਆ ਭਰ ਵਿੱਚ ਬੱਚਿਆਂ ਨੂੰ ਸਹੀ ਢੰਗ ਨਾਲ ਸਿੱਖਿਆ ਦੇਣ ਲਈ 45 ਮਿਲੀਅਨ ਹੋਰ ਅਧਿਆਪਕਾਂ ਦੀ ਲੋੜ ਹੈ।

ਬੱਚਿਆਂ ਬਾਰੇ ਪ੍ਰਕਾਸ਼ਿਤ ਇਹ ਰਿਪੋਰਟ ਸਿਰਫ਼ ਜਲਵਾਯੂ ਤਬਦੀਲੀ ਦੇ ਸੰਦਰਭ ਵਿੱਚ ਹੈ। ਗਰੀਬੀ, ਬੇਰੁਜ਼ਗਾਰੀ, ਅਕਾਲ, ਭੂਚਾਲ, ਜੰਗ, ਦੰਗੇ, ਸਰਕਾਰੀ ਜ਼ੁਲਮ, ਪਰਵਾਸ, ਵੱਖਵਾਦੀ ਜਾਂ ਅੱਤਵਾਦੀ ਸੰਗਠਨਾਂ ਵੱਲੋਂ ਕੀਤੀਆਂ ਕਾਰਵਾਈਆਂ ਵਰਗੇ ਹੋਰ ਵੀ ਕਈ ਕਾਰਨ ਹਨ ਜਿਨ੍ਹਾਂ ਕਾਰਨ ਬੱਚੇ ਪੜ੍ਹਾਈ ਤੋਂ ਖੁੰਝ ਜਾਂਦੇ ਹਨ। ਜੇਕਰ ਅਸੀਂ ਇਜ਼ਰਾਈਲ-ਫਲਸਤੀਨ ਯੁੱਧ ਨੂੰ ਲੈ ਲਈਏ ਜਾਂ ਭਾਰਤ ਦੇ ਮਨੀਪੁਰ ਨੂੰ ਦੇਖੀਏ ਤਾਂ ਇਸ ਦਾ ਅਸਰ ਬੱਚਿਆਂ ਦੀ ਪੜ੍ਹਾਈ ’ਤੇ ਪੈ ਰਿਹਾ ਹੈ। ਕੁਝ ਰਾਜਾਂ ਵਿੱਚ ਮਾਓਵਾਦੀਆਂ ਨੇ ਜਾਂ ਤਾਂ ਸਕੂਲ ਤਬਾਹ ਕਰ ਦਿੱਤੇ ਹਨ ਜਾਂ ਲੋਕ ਡਰ ਕਾਰਨ ਆਪਣੇ ਬੱਚਿਆਂ ਨੂੰ ਸਕੂਲ ਭੇਜਣਾ ਬੰਦ ਕਰ ਦਿੰਦੇ ਹਨ।

ਅਜਿਹੀਆਂ ਥਾਵਾਂ ਤੋਂ ਪਰਵਾਸ ਕਾਰਨ ਬੱਚਿਆਂ ਦੇ ਸਕੂਲ ਪਿੱਛੇ ਰਹਿ ਜਾਂਦੇ ਹਨ। ਜਦੋਂ ਪੇਂਡੂ ਖੇਤਰਾਂ ਵਿੱਚ ਅਕਾਲ ਪੈਂਦਾ ਹੈ, ਤਾਂ ਪਰਿਵਾਰਾਂ ਨੂੰ ਰੋਜ਼ੀ-ਰੋਟੀ ਦੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਨਤੀਜੇ ਵਜੋਂ ਉਹ ਪਰਵਾਸ ਕਰਦੇ ਹਨ। ਸ਼ਹਿਰੀ ਖੇਤਰਾਂ ਵਿੱਚ ਉਨ੍ਹਾਂ ਨੂੰ ਰੁਜ਼ਗਾਰ ਤਾਂ ਮਿਲ ਜਾਂਦਾ ਹੈ ਪਰ ਉਹ ਨਾ ਤਾਂ ਆਪਣੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖ ਪਾਉਂਦੇ ਹਨ ਅਤੇ ਨਾ ਹੀ ਆਪਣੀ ਖੁੰਝੀ ਪੜ੍ਹਾਈ ਮੁੜ ਸ਼ੁਰੂ ਕਰ ਸਕਦੇ ਹਨ। ਉਹ ਕੰਮ ਲਈ ਥਾਂ-ਥਾਂ ਘੁੰਮਦੇ ਰਹਿੰਦੇ ਹਨ। ਇਸ ਕਾਰਨ ਉਨ੍ਹਾਂ ਲਈ ਆਪਣੇ ਬੱਚਿਆਂ ਨੂੰ ਪੱਕਾ ਸਕੂਲ ਮੁਹੱਈਆ ਕਰਵਾਉਣਾ ਸੰਭਵ ਨਹੀਂ ਹੈ। ਕਈ ਕਾਰਨ ਹਨ ਜਿਨ੍ਹਾਂ ਕਾਰਨ ਬੱਚਿਆਂ ਨੂੰ ਆਪਣਾ ਸਕੂਲ ਅਤੇ ਪੜ੍ਹਾਈ ਛੱਡਣੀ ਪੈਂਦੀ ਹੈ। ਕਾਰਨ ਭਾਵੇਂ ਕੋਈ ਵੀ ਹੋਵੇ, ਭਾਵੇਂ ਇਹ ਬੱਚਿਆਂ ਦੀ ਸਿੱਖਿਆ ’ਤੇ ਮੌਸਮੀ ਤਬਦੀਲੀ ਦਾ ਪ੍ਰਭਾਵ ਕਿਉਂ ਨਾ ਹੋਵੇ, ਇਹ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਲਈ ਬੱਚਿਆਂ ਦੀ ਸਿੱਖਿਆ ’ਚ ਰੁਕਾਵਟਾਂ ਨੂੰ ਦੂਰ ਕਰਨ ਦੇ ਆਪਣੇ ਇਰਾਦੇ ਨੂੰ ਦੁਹਰਾਉਣ ਦਾ ਮੌਕਾ ਹੈ। ਆਧੁਨਿਕ ਅਤੇ ਸੱਭਿਅਕ ਸਮਾਜ ਦੇ ਨਿਰਮਾਣ ਵਿੱਚ ਸਿੱਖਿਆ ਦੀ ਭੂਮਿਕਾ ਅਤੇ ਯੋਗਦਾਨ ਨੂੰ ਬਿਆਨ ਕਰਨ ਦੀ ਲੋੜ ਨਹੀਂ ਹੈ। ਇਸ ਲਈ ਸਾਰੀਆਂ ਸਰਕਾਰਾਂ ਅਤੇ ਵਿਸ਼ਵ ਮੰਚਾਂ ਨੂੰ ਇਸ ਮੁੱਦੇ ’ਤੇ ਗੰਭੀਰਤਾ ਨਾਲ ਵਿਚਾਰ ਕਰਕੇ ਕੋਈ ਹੱਲ ਕੱਢਣਾ ਚਾਹੀਦਾ ਹੈ ਤਾਂ ਜੋ ਕਿਸੇ ਬੱਚੇ ਨੂੰ ਸਕੂਲ ਨਾ ਛੱਡਣਾ ਪਵੇ।

# ਗੰਭੀਰ ਸਮੱਸਿਆ ਬਣਿਆ ਹਵਾ ਪ੍ਰਦੂਸ਼ਣ

## ਹਵਾ ਪ੍ਰਦੂਸ਼ਣ ਦੇ ਖ਼ਤਰਿਆਂ ਤੋਂ ਚਿੰਤਤ ਨਹੀਂ ਹਨ ਅਮੀਰ ਦੇਸ਼

## ਹਰ ਸਾਲ ਹਵਾ ਪ੍ਰਦੂਸ਼ਣ ਕਾਰਨ 65 ਲੱਖ ਲੋਕਾਂ ਦੀ ਹੁੰਦੀ ਹੈ ਮੌਤ





ਇੱਕ ਨਵੀਂ ਰਿਪੋਰਟ ਵਿੱਚ, ਨਾਈਜੀਰੀਆ, ਆਈਵਰੀ ਕੋਸਟ, ਮਾਲੀ, ਟੋਗੋ ਅਤੇ ਘਾਨਾ ਨੂੰ ਉਨ੍ਹਾਂ ਪ੍ਰਮੁੱਖ ਦੇਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਨੂੰ ਸੌਂਪੀ ਗਈ ਜਲਵਾਯੂ ਕਾਰਜ ਯੋਜਨਾ ਵਿੱਚ ਹਵਾ ਦੀ ਗੁਣਵੱਤਾ ਬਾਰੇ ਚਿੰਤਾ ਪ੍ਰਗਟ ਕੀਤੀ ਹੈ।

ਐਸ ਕਲਾਈਮੇਟ ਐਕਸ਼ਨ ਪਲਾਨ ਨੂੰ ਰਾਸ਼ਟਰੀ ਨਿਰਧਾਰਿਤ ਯੋਗਦਾਨ (ਐਨਡੀਸੀ) ਕਿਹਾ ਜਾਂਦਾ ਹੈ। ਜਦੋਂ ਗਲੋਬਲ ਕਲਾਈਮੇਟ ਹੈਲਥ ਅਲਾਇੰਸ, ਜੀਸੀਐਚਏ ਨੇ ਸਕੋਰਕਾਰਡ ਜਾਰੀ ਕੀਤਾ, ਤਾਂ ਇਹ ਸਾਹਮਣੇ ਆਇਆ ਕਿ ਚੋਟੀ ਦੇ 15 ਦੇਸ਼ਾਂ ਵਿੱਚੋਂ, 14 ਘੱਟ ਜਾਂ ਮੱਧ ਆਮਦਨ ਵਾਲੇ ਦੇਸ਼ ਹਨ।

ਇਨ੍ਹਾਂ ਵਿੱਚ ਕੋਲੰਬੀਆ ਅਤੇ ਮਾਲੀ ਸਭ ਤੋਂ ਉੱਪਰ ਹਨ। ਉੱਚ ਆਮਦਨੀ ਵਾਲੇ ਦੇਸ਼ਾਂ ਵਿੱਚ ਚਿਲੀ ਇਕੱਲਾ ਹੈ। ਕੁੱਲ ਮਿਲਾ ਕੇ, ਵਿਸ਼ਲੇਸ਼ਣ ਕੀਤੇ ਗਏ 170 ਐੱਨਡੀਸੀਜ਼ ਵਿੱਚੋਂ ਸਿਰਫ਼ 51 ਨੇ ਸਿਹਤ ’ਤੇ ਹਵਾ ਪ੍ਰਦੂਸ਼ਣ ਦੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ।

ਇਸ ਦਾ ਮਤਲਬ ਹੈ ਕਿ ਲਗਭਗ 6 ਬਿਲੀਅਨ ਲੋਕ ਉਨ੍ਹਾਂ ਦੇਸ਼ਾਂ ਵਿੱਚ ਰਹਿ ਰਹੇ ਹਨ ਜਿੱਥੇ ਸਿਹਤਮੰਦ ਹਵਾ ਅਤੇ ਜਲਵਾਯੂ ਵਿਚਕਾਰ ਸੰਬੰਧਾਂ ਨੂੰ ਐਨ.ਡੀ.ਸੀ. ਵਿੱਚ ਪਛਾਣ ਨਹੀਂ ਕੀਤੀ ਗਈ ਹੈ। ਸਕੋਰਕਾਰਡ ’ਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਕਈ ਦੇਸ਼ਾਂ ਵਿਚ ਵੀ ਹਵਾ ਪ੍ਰਦੂਸ਼ਣ ਕਾਰਨ ਮੌਤ ਦਰ ਬਹੁਤ ਜ਼ਿਆਦਾ ਹੈ।

ਹਵਾ ਪ੍ਰਦੂਸ਼ਣ ਮੁੱਖ ਤੌਰ ’ਤੇ ਜੈਵਿਕ ਈਂਧਨ ਨੂੰ ਸਾੜਨ ਨਾਲ ਹੁੰਦਾ ਹੈ। ਇਸ ਕਾਰਨ ਦੁਨੀਆ ਭਰ ਵਿੱਚ ਹਰ ਸਾਲ 65 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਪਿਛਲੇ ਸਾਲ ਲੈਂਸੇਟ ਪਲੈਨੇਟਰੀ ਹੈਲਥ ਜਰਨਲ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ, ਇਹ ਗਿਣਤੀ ਲਗਾਤਾਰ ਵੱਧ ਰਹੀ ਹੈ।

ਸੰਯੁਕਤ ਰਾਸ਼ਟਰ ਜਲਵਾਯੂ ਸੰਮੇਲਨ ’ਸੀ.ਓ.ਪੀ. 28’, ਜੋ ਦਸੰਬਰ ਦੇ ਸ਼ੁਰੂ ਵਿੱਚ ਦੁਬਈ ਵਿੱਚ ਹੋਣ ਜਾ ਰਿਹਾ ਹੈ, ਵਿੱਚ ਪਹਿਲੀ ਵਾਰ ਇੱਕ ਦਿਨ ਸਿਹਤ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਦੇ ਪਿੱਛੇ ਉਦੇਸ਼ ਇਹ ਹੈ ਕਿ ਵੱਧ ਤੋਂ ਵੱਧ ਦੇਸ਼ ਜਲਵਾਯੂ ਪਰਿਵਰਤਨ ਨਾਲ ਜੁੜੇ ਸਿਹਤ ਖ਼ਤਰਿਆਂ ਦੀ ਪਛਾਣ ਕਰਨ ਅਤੇ ਇਸ ਨਾਲ ਨਜਿੱਠਣ ਲਈ ਕਦਮ ਚੁੱਕਣ। ਸਾਲਾਨਾ ਕਾਨਫਰੰਸ ਵਿੱਚ ਮੰਤਰੀ ਪੱਧਰ ਦੀ ਚਰਚਾ ਵੀ ਹੋਵੇਗੀ ਜਿੱਥੇ ਅੰਤਰ ਸੰਬੰਧੀ ਸਮੱਸਿਆਵਾਂ ਦੇ ਹੱਲ ਬਾਰੇ ਚਰਚਾ ਕੀਤੀ ਜਾਵੇਗੀ।

ਹਾਲਾਂ ਕਿ, ਸਿਵਲ ਸੁਸਾਇਟੀ ਅਤੇ ਸਮਾਜਿਕ ਕਾਰਕੁਨ ਚਿੰਤਤ ਹਨ ਕਿ ਸੀ.ਓ.ਪੀ. 28 ਦੇ ਪਹਿਲੇ ਮੈਨੀਫੈਸਟੋ ਦੇ ਖਰੜੇ ਵਿੱਚ ਹਵਾ ਪ੍ਰਦੂਸ਼ਣ ਦਾ ਜ਼ਿਕਰ ਨਹੀਂ ਹੈ। ਸਾਰੇ ਦੇਸ਼ਾਂ ਦੀਆਂ ਸਰਕਾਰਾਂ ਇਸ ਮੈਨੀਫੈਸਟੋ ਦੇ ਅੰਤਿਮ ਖਰੜੇ ’ਤੇ ਦਸਤਖ਼ਤ ਕਰਨਗੀਆਂ।

ਜੀ.ਸੀ.ਐਚ.ਏ. ਦੀ ਪਾਲਿਸੀ ਲੀਡ ਜੈਸਿਕਾ ਬੇਗਲੇ ਕਹਿੰਦੀ ਹੈ ਕਿ ਐਨ.ਡੀ.ਸੀ. ਤੋਂ ਹਵਾ ਪ੍ਰਦੂਸ਼ਣ ਦੇ ਵਿਚਾਰਾਂ ਦੀ ਅਣਹੋਂਦ ਦਾ ਅਰਥ ਹੈ ਗ੍ਰਹਿ, ਲੋਕਾਂ ਅਤੇ ਅਰਥਚਾਰਿਆਂ ਲਈ ਇੱਕ ਖੁੰਝਿਆ ਮੌਕਾ।

ਜੀ.ਸੀ.ਐਚ.ਏ. ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵਿਆਉਣਯੋਗ ਊਰਜਾ ਦੀ ਵਰਤੋਂ ਅਤੇ ਘਰੇਲੂ ਰਸੋਈ ਵਿੱਚ ਸਾਫ਼ ਊਰਜਾ ਦੀ ਵਰਤੋਂ ਵਰਗੀਆਂ ਨੀਤੀਆਂ ਵਿੱਚ ਸਿਹਤ ਦੇ ਖ਼ਤਰਿਆਂ ਨੂੰ ਹੱਲ ਕਰਨ ਦੀ ਸਮਰੱਥਾ ਹੈ। ਇਸ ਦੇ ਨਾਲ ਹੀ ਦਮੇ ਅਤੇ ਦਿਲ ਦੇ ਰੋਗਾਂ ’ਤੇ ਹੋਣ ਵਾਲੇ ਖਰਚ ਦੀ ਸਮੱਸਿਆ ਤੋਂ ਵੀ ਨਿਪਟਿਆ ਜਾ ਸਕਦਾ ਹੈ।

ਬੇਗਲੇ ਇਹ ਵੀ ਕਹਿੰਦੀ ਹੈ, ‘ਇੱਕ ਵਾਰ ਜਦੋਂ ਤੁਸੀਂ ਸਿਹਤ ਅਤੇ ਡਾਲਰ ਦੇ ਸੰਦਰਭ ਵਿੱਚ ਜਲਵਾਯੂ ਕਾਰਵਾਈ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹੋ, ਤਾਂ ਇਹ ਸਪੱਸ਼ਟ ਤੌਰ ’ਤੇ ਵਧੇਰੇ ਸਮਰਥਨ ਪ੍ਰਾਪਤ ਕਰੇਗਾ।’

ਬੇਗਲੇ ਨੇ ਕਿਹਾ ਕਿ ਐਨ.ਡੀ.ਸੀ. ਰਾਸ਼ਟਰੀ ਜਲਵਾਯੂ ਤਰਜੀਹਾਂ ਨੂੰ ਦਰਸਾਉਂਦੀ ਹੈ ਅਤੇ ਸਕੋਰਕਾਰਡ ਹਵਾ ਪ੍ਰਦੂਸ਼ਣ ਦੇ ਸਿਹਤ ਜੋਖਮਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਹੱਲ ਕਰਨ ਦੇ ਲਾਭਾਂ ਅਤੇ ਜੋਖਮਾਂ ਦੇ ਅਧਾਰ ’ਤੇ ਅੰਕ ਦਿੰਦਾ ਹੈ।

ਉਦਾਹਰਨ ਲਈ, ਨਾਈਜੀਰੀਆ ਦਾ ਨਵੀਨਤਮ ਏ.ਡੀ.ਸੀ. ਲੱਕੜਾਂ ਦੀ ਬਜਾਏ ਸਾਫ਼ ਬਾਲਣ ਨਾਲ ਖਾਣਾ ਪਕਾਉਣ ਨੂੰ ਉਤਸ਼ਾਹਿਤ

(ਬਾਕੀ ਸਫ਼ਾ 31 ’ਤੇ)



# ਮਨੁੱਖ ਦੀ ਜ਼ਿੰਦਗੀ ਹਨ ਨਦੀਆਂ ਤੇ ਦਰਿਆ

## ਦਰਿਆਵਾਂ ਨੇ ਮਨੁੱਖੀ ਸੱਭਿਅਤਾਵਾਂ ਨੂੰ ਜੀਵਨ ਦਿੱਤਾ ਪਰ ਅਸੀਂ ਦਰਿਆਵਾਂ ਨੂੰ ਕੀ ਦਿੱਤਾ?



ਨਦੀਆਂ ਅਤੇ ਦਰਿਆਵਾਂ ਨੂੰ ਮਨੁੱਖ ਦੀ ਜਿੰਦਗੀ ਕਿਹਾ ਜਾਂਦਾ ਹੈ। ਇਸੇ ਕਾਰਨ ਪੁਰਾਤਨ ਸਭਿਅਤਾਵਾਂ ਦਾ ਵਿਕਾਸ ਦਰਿਆਵਾਂ ਕਿਨਾਰੇ ਹੋਇਆ ਮੰਨਿਆ ਜਾਂਦਾ ਹੈ। ਨਦੀਆਂ ਅਤੇ ਦਰਿਆ ਵੱਖ- ਵੱਖ ਸੱਭਿਆਚਾਰਾਂ, ਸੰਸਕ੍ਰਿਤੀਆਂ ਨੂੰ ਜੋੜਨ ਦਾ ਕੰਮ ਵੀ ਕਰਦੇ ਹਨ। ਇਸ ਤੋਂ ਇਲਾਵਾ ਇਹਨਾਂ ਦਰਿਆਵਾਂ ਨਾਲ ਲੱਖਾਂ ਲੋਕਾਂ ਨੂੰ ਪੀਣ ਲਈ ਪਾਣੀ ਅਤੇ ਰੁਜ਼ਗਾਰ ਵੀ ਮਿਲਦਾ ਹੈ ਪਰ ਕਦੇ ਸੋਚਿਆ ਹੈ ਕਿ ਜਿਹੜੇ ਦਰਿਆਵਾਂ ਨੇ ਮਨੁੱਖੀ ਸੱਭਿਅਤਾਵਾਂ ਨੂੰ ਜੀਵਨ ਦਿੱਤਾ ਉਹਨਾਂ ਦਰਿਆਵਾਂ ਨੂੰ ਬਦਲੇ ਵਿੱਚ ਅਸੀਂ ਕੀ ਦਿੱਤਾ ਹੈ ?

ਅੱਜ ਸਿਰਫ਼ ਮਨੁੱਖ ਦੀਆਂ ਗਲਤੀਆਂ ਕਾਰਨ ਨਦੀਆਂ ਅਤੇ ਦਰਿਆਵਾਂ ਦਾ ਪਵਿੱਤਰ ਪਾਣੀ ਪਲੀਤ ਹੋ ਰਿਹਾ ਹੈ। ਭਾਵੇਂ ਕਿ ਭਾਰਤ ਵਿੱਚ ਪਵਿੱਤਰ ਮੰਨੀਆਂ ਜਾਂਦੀਆਂ ਨਦੀਆਂ ਨੂੰ ਸਾਫ਼ ਕਰਨ ਦਾ ਕੰਮ ਵੀ ਚੱਲ ਰਿਹਾ ਹੈ ਪਰ ਵਧਦੀ ਆਬਾਦੀ ਅਤੇ ਵਧਦੇ ਸ਼ਹਿਰੀਕਰਨ ਕਾਰਨ ਇਹਨਾਂ ਨਦੀਆਂ ਨੂੰ ਸਾਫ਼-ਸੁਥਰਾ ਰੱਖਣਾ ਇੱਕ ਚੁਣੌਤੀ ਹੈ। ਗੱਲ ਸ਼ੁਰੂ ਕਰਦੇ ਹਾਂ ਗੰਗਾ ਨਦੀ ਦੀ, ਤਾਂ ਗੰਗਾ ਨਦੀ ਦੁਨੀਆਂ ਦੀ ਸਭ ਤੋਂ ਵੱਡੀਆਂ ਨਦੀਆਂ ਵਿਚੋਂ ਇੱਕ ਮੰਨੀ ਜਾਂਦੀ ਹੈ। ਇਸ ਸਮੇਂ ਇਸ ਨਦੀ ਦੀ ਜੋ ਹਾਲਤ ਹੈ, ਉਹ ਸਭ ਨੂੰ ਪਤਾ ਹੀ ਹੈ।

ਗੰਗਾ ਨੂੰ ਸਾਫ਼ ਕਰਨ ਦੀ ਮੁਹਿੰਮ ਭਾਰਤ ਸਰਕਾਰ ਨੇ 1979 ਵਿੱਚ ਸ਼ੁਰੂ ਕੀਤੀ ਸੀ। ਉਸ ਤੋਂ ਬਾਅਦ 1985 ਵਿੱਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੁਆਰਾ ਗੰਗਾ ਐਕਸ਼ਨ ਪਲਾਨ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਗੰਗਾ ਦੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਸੀ। ਕੇਂਦਰ ਦੀਆਂ ਵੱਖ-ਵੱਖ ਸਰਕਾਰਾਂ ਨੇ ਵੀ ਗੰਗਾ ਨੂੰ ਪ੍ਰਦੂਸ਼ਣ ਮੁਕਤ ਅਤੇ ਸਾਫ਼-ਸੁਥਰਾ ਬਣਾਉਣ ਲਈ ਪਹਿਲਕਦਮੀ ਕੀਤੀ, ਪਰ ਸਿਆਸਤ ਜਾਂ ਲਾਲ ਫੀਤਾਸ਼ਾਹੀ ਕਾਰਨ ਉਨ੍ਹਾਂ ਦੀ ਮੁਹਿੰਮ ਬਹੁਤੀ ਕਾਰਗਰ ਨਹੀਂ ਹੋ ਸਕੀ। ਇਹ ਉਦੋਂ ਹੀ ਸੀ ਜਦੋਂ ਮੋਦੀ ਸਰਕਾਰ ਨੇ 'ਨਮਾਮੀ ਗੰਗੇ' ਨਾਂ ਦਾ ਪ੍ਰੋਜੈਕਟ ਬਣਾਇਆ ਸੀ, ਜਿਸ ਨੂੰ ਗੰਭੀਰਤਾ ਨਾਲ ਲਿਆ ਗਿਆ ਸੀ। ਪ੍ਰੋਜੈਕਟ ਦੀ ਕਾਰਜਕਾਰੀ ਕਮੇਟੀ ਨੇ ਗੰਗਾ ਬੇਸਿਨ ਵਿੱਚ ਘਾਟਾਂ ਦੀ ਸਫਾਈ ਅਤੇ ਵਿਕਾਸ ਲਈ 9 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ, ਜਿਸ ਵਿੱਚ ਸੱਤ ਗੰਗਾ ਬੇਸਿਨ ਅਤੇ ਦੋ ਘਾਟਾਂ ਦੇ ਵਿਕਾਸ ਦਾ ਟੀਚਾ ਰੱਖਿਆ ਗਿਆ ਹੈ। ਰਾਸ਼ਟਰੀ ਸਵੱਛ ਗੰਗਾ ਮਿਸ਼ਨ ਦੀ 47ਵੀਂ ਬੈਠਕ 'ਚ ਜਲ ਸ਼ਕਤੀ ਮੰਤਰਾਲੇ ਨੇ ਇਨ੍ਹਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ 1278 ਕਰੋੜ ਰੁਪਏ ਮਨਜ਼ੂਰ ਕੀਤੇ। ਸਾਰੇ ਪ੍ਰੋਜੈਕਟਾਂ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। 'ਨਮਾਮੀ ਗੰਗੇ' ਪ੍ਰੋਗਰਾਮ ਇੱਕ ਏਕੀਕ੍ਰਿਤ ਸੰਭਾਲ ਮਿਸ਼ਨ ਹੈ। ਇਸ ਨੂੰ ਜੂਨ 2014 ਵਿੱਚ 20 ਹਜ਼ਾਰ ਕਰੋੜ ਰੁਪਏ ਦੇ ਬਜਟ ਨਾਲ ਸ਼ੁਰੂ ਕੀਤਾ ਗਿਆ ਸੀ ਤਾਂ ਜੋ ਰਾਸ਼ਟਰੀ ਗੰਗਾ ਨਦੀ ਦੇ ਪ੍ਰਦੂਸ਼ਣ ਨੂੰ ਪ੍ਰਭਾਵੀ ਘਟਾਉਣ, ਸੰਭਾਲ ਅਤੇ ਪੁਨਰਜੀਵਨ ਦੇ ਉਦੇਸ਼ਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਮਿਸ਼ਨ ਤਹਿਤ ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਦਿੱਲੀ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਰਾਜਾਂ ਵਿੱਚ 48 ਸੀਵਰੇਜ ਪ੍ਰਬੰਧਨ ਪ੍ਰੋਜੈਕਟ ਲਾਗੂ ਕੀਤੇ ਜਾ ਰਹੇ ਹਨ ਅਤੇ 98 ਸੀਵਰੇਜ ਪ੍ਰੋਜੈਕਟ ਪੂਰੇ ਕੀਤੇ ਜਾ ਚੁੱਕੇ ਹਨ। ਇਸ ਸਭ ਦਾ ਉਦੇਸ਼ ਗੰਗਾ ਨਦੀ ਦੀ ਸੰਭਾਲ ਅਤੇ ਪੁਨਰ ਸੁਰਜੀਤ ਕਰਨਾ ਹੈ। ਹੁਣ ਸਥਿਤੀ ਇਹ ਹੈ ਕਿ ਗੰਗਾ ਦੀ ਮੁੱਖ ਧਾਰਾ ਨੂੰ ਕਈ ਤਰ੍ਹਾਂ ਦੇ ਯਤਨਾਂ ਸਦਕਾ ਕਾਫ਼ੀ ਹੱਦ ਤੱਕ ਸਾਫ਼ ਕੀਤਾ ਜਾ ਚੁੱਕਾ ਹੈ। ਪਰ ਦਰਿਆ ਵਿੱਚ ਗੰਦੇ ਪਾਣੀ ਦੇ ਵਹਾਅ ਨੂੰ ਰੋਕਣਾ ਬਹੁਤ ਜ਼ਰੂਰੀ ਹੈ। ਹਾਲਾਂ ਕਿ, ਸਰਕਾਰ ਨੇ ਫੈਕਟਰੀਆਂ ਵਿੱਚੋਂ ਰਸਾਇਣਾਂ ਜਾਂ ਨਾਲੀਆਂ ਦੇ ਵਹਾਅ ਨੂੰ ਲੈ ਕੇ ਵੀ ਸਾਵਧਾਨੀ ਦਿਖਾਈ ਹੈ। ਉਮੀਦ ਕੀਤੀ ਜਾਂਦੀ ਹੈ ਕਿ 2025 ਤੱਕ ਡਰੇਨਾਂ ਦਾ ਗੰਗਾ ਵਿੱਚ ਡਿੱਗਣਾ ਬੰਦ ਹੋ ਜਾਵੇਗਾ। ਸਵੱਛਤਾ ਇੱਕ ਨਿਰੰਤਰ ਪ੍ਰਕਿਰਿਆ ਹੈ, ਜਿਸ ਲਈ ਕੇਂਦਰ ਸਰਕਾਰ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਸਰਕਾਰ ਨੇ ਹੋਰ

**(ਬਾਕੀ ਸਫ਼ਾ 31 'ਤੇ)**



## ਪਲੀਤ ਹੋਏ ਪੰਜਾਬ ਦੇ ਦਰਿਆ

ਪੰਜਾਬ ਦੇ ਦਰਿਆ ਬਿਆਸ ਵਿੱਚ ਪਿਛਲੇ ਸਮੇਂ ਦੌਰਾਨ ਕਿਸੇ ਉਦਯੋਗ ਦਾ ਕੈਮੀਕਲ ਵਾਲਾ ਪਾਉਣ ਆਉਣ ਨਾਲ ਵੱਡੀ ਗਿਣਤੀ ਵਿੱਚ ਮੱਛੀਆਂ ਮਰ ਗਈਆਂ ਸਨ। ਇਸ ਤੋਂ ਇਲਾਵਾ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਵੀ ਪਲੀਤ ਹੋ ਚੁੱਕਿਆ ਹੈ। ਸਤਲੁਜ ਦੇ ਪਾਣੀ ਨੂੰ ਪਹਿਲਾਂ ਅੰਮ੍ਰਿਤ ਮੰਨਿਆ ਜਾਂਦਾ ਸੀ ਪਰ ਹੁਣ ਇਸ ਦੇ ਪਾਣੀ ਨੂੰ ਜਾਨਵਰ ਵੀ ਨਹੀਂ ਪੀਂਦੇ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਪੰਜਾਬ ਦੇ ਦਰਿਆਵਾਂ ਅਤੇ ਨਦੀਆਂ ਦਾ ਪਾਣੀ ਬਹੁਤ ਪਲੀਤ ਹੋ ਚੁੱਕਿਆ ਹੈ ਅਤੇ ਇਸ ਵਿੱਚ ਬਹੁਤ ਪ੍ਰਦੂਸ਼ਣ ਫੈਲ ਚੁੱਕਿਆ ਹੈ। ਪੰਜਾਬ ਦੇ ਦਰਿਆਵਾਂ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੀ ਲੋੜ ਹੈ।



A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ ਕੈਨੇਡਾ 'ਚ ਬਹੁ- ਸੱਭਿਆਚਾਰਕ ਢਾਂਚਾ ਸਿਰਜਣ ਦਾ ਸ਼ਾਨਾਮੱਤਾ ਇਤਿਹਾਸ



**ਡਾ. ਗੁਰਵਿੰਦਰ ਸਿੰਘ**
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ।







ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ ਹਾਪਕਿਨਸਨ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਸਰਕਾਰੀ ਸ਼ਹਿ 'ਤੇ ਏਜੰਟ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਗੁਰਦੁਆਰਾ ਸਾਹਿਬ ਉੱਪਰ ਕੀਤੇ ਹਮਲੇ ਅਤੇ ਗੁਰੂ ਦੀ ਹਜ਼ੂਰੀ ਵਿੱਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ ਕਾਰਨ, ਜੁਝਾਰੂ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ, ਦੁਸ਼ਟ ਸੂਹੀਏ ਵਿਲੀਅਮ ਹਾਪਕਿਨਸਨ ਨੂੰ 21 ਅਕਤੂਬਰ 1914 ਨੂੰ ਸੋਧਿਆ ਸੀ। ਇਸ ਸਮੇਂ ਚੱਲ ਰਹੀ ਕਸ਼ਮਕਸ਼ ਦੇ ਦੌਰ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ 109 ਸਾਲ ਪਹਿਲਾਂ ਭਾਰਤੀ ਬ੍ਰਿਟਿਸ਼ ਏਜੰਟਾਂ ਨੇ ਕੈਨੇਡਾ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੂੰ ਹਕੂਮਤੀ ਸ਼ਹਿ 'ਤੇ ਸ਼ਹੀਦ ਕਰਵਾਇਆ ਸੀ ਅਤੇ ਹੁਣ ਫੇਰ ਇਹ ਇਤਿਹਾਸ ਦੁਹਰਾਇਆ ਗਿਆ ਹੈ। ਕੈਨੇਡਾ ਦੀ ਧਰਤੀ 'ਤੇ 18 ਜੂਨ 2023 ਨੂੰ ਇਥੋਂ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਇੰਡੀਅਨ ਏਜੰਟਾਂ ਦੇ ਰਾਹੀਂ ਭਾਰਤ ਵੱਲੋਂ ਸ਼ਹੀਦ ਕਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਇਸ ਵੇਲੇ ਜਾਂਚ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿੱਚ ਆਵਾਜ਼ ਬੁਲੰਦ ਕੀਤੀ ਹੈ ਅਤੇ ਵਿਸ਼ਵ ਪੱਧਰ 'ਤੇ ਇਹ ਵਰਤਾਰਾ ਸਾਹਮਣੇ ਲਿਆਂਦਾ ਹੈ। ਇਹ ਵੀ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। 21 ਅਕਤੂਬਰ 1914 ਦੇ ਦਿਨ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਸੀ। ਭਾਈ ਮੇਵਾ ਸਿੰਘ ਵੱਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ।

ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਨੂੰ ਫਾਂਸੀ ਕਿਉਂ ਦਿੱਤੀ ਗਈ ? ਇਹ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ ਭਾਈ ਸਾਹਿਬ ਨੂੰ ਫਾਂਸੀ ਹੋਈ ਸੀ। ਵਿਲੀਅਮ ਚਾਰਲਸ ਹਾਪਕਿਨਸਨ ਕੌਣ ਸੀ? ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕੋਲਕਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉੱਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇੱਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ। ਉਸਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭ੍ਰਿਸ਼ਟਾਚਾਰੂ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। ਪਾੜੋ ਤੇ ਰਾਜ ਕਰੋ ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖ਼ਿਲਾਫ਼ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ।

ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਦੇ ਭਿਅੰਕਰ ਦੋਸ਼ ਕਰ ਕੇ ਅੱਜ ਤੋਂ ਇੱਕ ਸੌ ਨੌਂ ਵਰ੍ਹੇ ਪਹਿਲਾਂ, ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ



ਕਹਾਣੀ ਊਧਮ ਸਿੰਘ ਵੱਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖ਼ਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ - ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ।

21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ।

ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ।

ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵੱਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ, ਜਿਵੇਂ ਕੁਝ ਵਰ੍ਹਿਆਂ ਬਾਅਦ ਸੰਨ 1919 'ਚ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ 'ਚ ਸ਼ਾਂਤਮਈ ਇਕੱਠ ਤੇ ਗੋਲ਼ੀਆਂ ਚਲਦਿਆਂ ਬੇਕਸੂਰ ਸੈਂਕੜੇ ਲੋਕਾਂ ਦੀ ਸ਼ਹੀਦੀ ਮਗਰੋਂ ਊਧਮ ਸਿੰਘ ਦਾ ਖ਼ੂਨ ਖੌਲ ਉਠਿਆ ਸੀ ਤੇ ਉਸਨੇ ਖ਼ੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਉਡਵਾਇਰ ਨੂੰ ਦੋਸ਼ੀ ਮੰਨਦਿਆਂ ਸੋਧਣ ਦੀ ਸਹੁੰ ਖਾਈ ਸੀ।

(ਬਾਕੀ ਸਫ਼ਾ 30 'ਤੇ)

# ਗੁ. ਸ੍ਰੀ ਹੇਮਕੁੰਟ ਸਾਹਿਬ, ਗੋਬਿੰਦ ਧਾਮ

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਗੋਬਿੰਦ ਧਾਮ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਆਖ਼ਰੀ ਪੜਾਅ ਹੈ। ਹਿਮਾਲਿਆ ਦੀਆਂ ਪਹਾੜੀਆਂ ਵਿੱਚ ਇਹ ਗੁਰਦੁਆਰਾ ਗੋਬਿੰਦ ਘਾਟ ਤੋਂ 14 ਕਿਲੋਮੀਟਰ ਦੀ ਦੂਰੀ 'ਤੇ ਸਮੁੰਦਰੀ ਤਲ ਤੋਂ ਲਗ-ਪਗ 10,000 ਫੁੱਟ ਤੋਂ ਵਧੇਰੇ ਉਚਾਈ 'ਤੇ ਘਾਂਗਰੀਆ ਪਿੰਡ ਵਿਖੇ ਸਥਿਤ ਹੈ। ਮਈ ਦੇ ਮਹੀਨੇ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਅਰੰਭ ਹੋਣ 'ਤੇ ਇਸ ਗੁਰਧਾਮ ਵਿਖੇ ਰੌਣਕ ਪਰਤ ਆਉਂਦੀ ਹੈ ਜਿਹੜੀ ਕਿ ਅਕਤੂਬਰ ਦੇ ਮਹੀਨੇ ਵਿੱਚ ਪਹਿਲੇ ਜਾਂ ਦੂਜੇ ਹਫ਼ਤੇ ਤੱਕ ਜਾਰੀ ਰਹਿੰਦੀ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਵਾਲਿਆਂ ਨੂੰ ਨਿਵਾਸ ਅਤੇ ਲੰਗਰ ਦੀ ਸੁੱਖ-ਸਹੂਲਤ ਪ੍ਰਦਾਨ ਕਰਨ ਵਾਸਤੇ ਇਸ ਗੁਰਧਾਮ ਦੀ ਉਸਾਰੀ ਕੀਤੀ ਗਈ ਸੀ।

ਬਾਬਾ ਮੋਦਨ ਸਿੰਘ, ਸੰਤ ਸੋਹਨ ਸਿੰਘ ਆਦਿ ਸ਼ਖ਼ਸੀਅਤਾਂ ਸ੍ਰੀ ਹੇਮਕੁੰਟ ਸਾਹਿਬ ਦੀ ਉਸਾਰੀ ਵਿਚ ਲੱਗੀਆਂ ਹੋਈਆਂ ਸਨ ਜਿਹੜਾ ਕਿ ਸਮੁੰਦਰ ਦੇ ਤਲ ਤੋਂ 15000 ਫੁੱਟ ਤੋਂ ਵਧੇਰੇ ਉਚਾਈ 'ਤੇ ਸਥਿਤ ਹੈ। 1936 ਵਿਚ ਉੱਥੇ ਇੱਕ ਛੋਟਾ ਜਿਹਾ ਗੁਰਧਾਮ ਤਾਂ ਤਿਆਰ ਹੋ ਗਿਆ ਸੀ ਪਰ ਇੱਥੇ ਆਉਣ ਵਾਲੀ ਸੰਗਤ ਲਈ ਰਾਹ ਵਿੱਚ ਕਿਤੇ ਕੋਈ ਅਜਿਹਾ ਸਥਾਨ ਨਹੀਂ ਸੀ ਜਿੱਥੇ ਉਹ ਅਰਾਮ ਕਰ ਸਕਣ। ਸੰਗਤ ਦੀ ਲੋੜ ਨੂੰ ਪੂਰਾ ਕਰਨ ਲਈ ਘਾਂਗਰੀਆ ਪਿੰਡ ਦੀ ਚੋਣ ਕੀਤੀ ਗਈ ਜਿੱਥੋਂ ਅੱਗੇ ਛੇ ਕਿਲੋਮੀਟਰ ਦਾ ਸਫ਼ਰ ਨਿਰੰਤਰ ਚੜ੍ਹਾਈ ਵਾਲਾ ਹੈ। ਇਹ ਕਾਰਜ ਭਾਈ ਨੰਦਾ ਸਿੰਘ ਨੂੰ ਸੌਂਪਿਆ ਗਿਆ ਜਿਹੜੇ ਕਿ ਇਸ ਇਲਾਕੇ ਦੇ ਭੰਡਾਰ (ਭਯੁੰਡਾਰ) ਪਿੰਡ ਵਿਖੇ ਨਿਵਾਸ ਕਰਦੇ ਸਨ ਅਤੇ ਸਿੱਖ ਸ਼ਰਧਾਲੂਆਂ ਦੀ ਸੰਗਤ ਵਿੱਚ ਸਿੱਖੀ ਵੱਲ ਰੁਚਿਤ ਹੋ ਗਏ ਸਨ। ਇਹਨਾਂ ਨੇ ਗੁਰਮੁਖੀ ਸਿੱਖ ਲਈ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰ ਲੈਂਦੇ ਸਨ ਜਿਸ ਕਰਕੇ ਇਹਨਾਂ ਨੂੰ ਭਾਈ ਨੰਦਾ ਸਿੰਘ ਕਿਹਾ ਜਾਣ ਲੱਗਾ ਸੀ। 1936 ਵਿੱਚ ਸ੍ਰੀ ਹੇਮਕੁੰਟ ਸਾਹਿਬ ਦੀ ਉਸਾਰੀ ਦੇ ਸਮੇਂ ਤੋਂ ਲੈ ਕੇ 1975 ਤੱਕ ਇਹ ਸ੍ਰੀ ਹੇਮਕੁੰਟ ਸਾਹਿਬ ਵਿਖੇ ਸੇਵਾ ਕਰਦੇ ਰਹੇ। ਇਹ ਦੱਸਦੇ ਹਨ ਕਿ 1942 ਵਿੱਚ ਘਾਂਗਰੀਆ ਪਿੰਡ ਵਿਖੇ ਇੱਕ ਧਰਮਸਾਲਾ ਬਣਾਉਣ ਦਾ ਨਿਸਚਾ ਕੀਤਾ ਗਿਆ ਅਤੇ ਬਾਬਾ ਮੋਦਨ ਸਿੰਘ ਨੇ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਸੀ। ਠੇਕੇ 'ਤੇ ਉਸਾਰੀ ਗਈ ਇਸ ਧਰਮਸਾਲਾ 'ਤੇ 420 ਰੁਪਏ ਖਰਚ ਆਇਆ ਸੀ।

ਜਦੋਂ ਇੱਥੇ ਧਰਮਸਾਲਾ ਦੀ ਉਸਾਰੀ ਕਰਵਾਈ ਜਾ ਰਹੀ ਸੀ ਤਾਂ ਉਸ ਸਮੇਂ ਬਾਬਾ ਮੋਦਨ ਸਿੰਘ ਨੇ ਇੱਕ ਰੁੱਖ ਵਿਖੇ ਆਪਣਾ ਟਿਕਾਣਾ ਕਰ ਲਿਆ ਸੀ। ਇਹ ਰੁੱਖ ਹਾਲੇ ਵੀ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਦੇ ਅੰਦਰ ਨਿਸ਼ਾਨ ਸਾਹਿਬ ਦੇ ਕੋਲ ਮੌਜੂਦ ਹੈ ਜਿਸ ਦੇ ਕੋਲ ਲੱਗੇ ਹੋਏ ਇਕ ਪੱਥਰ 'ਤੇ ਜਾਣਕਾਰੀ ਦਿੰਦੇ ਹੋਏ ਲਿਖਿਆ ਹੋਇਆ ਹੈ, 1937 ਵਿੱਚ ਇਸ ਧਰਤੀ ਦਾ ਸਰਵੇਖਣ ਕਰਦੇ ਸਮੇਂ ਬੰਗਾਲ ਸੈਪਰ ਹਵਾਲਦਾਰ ਮੋਦਨ ਸਿੰਘ ਜੀ ਨੇ ਹੇਮਕੁੰਟ ਸਾਹਿਬ, ਜੋ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲੇ ਜਨਮ ਦਾ ਤਪ ਅਸਥਾਨ ਹੈ, ਦਾ ਪਤਾ ਲਗਾਇਆ ਅਤੇ ਇੱਕ ਕਮਰੇ ਦਾ ਨਿਰਮਾਣ ਕਰਵਾਇਆ। ਇਹ ਅਸਥਾਨ ਹੁਣ ਗੋਬਿੰਦ ਘਾਟ ਦੇ ਨਾਲ ਸਬੰਧਿਤ ਹੈ। ਗੋਬਿੰਦ ਘਾਟ ਵੀ ਇਨ੍ਹਾਂ ਨੇ ਇੱਕ ਵਿਸ਼ਰਾਮ ਘਰ ਬਣਵਾਇਆ ਅਤੇ 1960 ਤੀਕ ਇਸ ਵਿਸ਼ਰਾਮ ਘਰ ਅਤੇ ਯਾਤਰੀਆਂ ਦੀ ਸੇਵਾ ਕੀਤੀ।

ਘਾਂਗਰੀਆ ਤੋਂ ਸ੍ਰੀ ਹੇਮਕੁੰਟ ਸਾਹਿਬ ਲਗ-ਪਗ 5000 ਫੁੱਟ ਦੀ ਉੱਚਾਈ 'ਤੇ ਹੈ ਅਤੇ ਉੱਥੋਂ ਤੱਕ ਪੁੱਜਣ ਲਈ 6 ਕਿਲੋਮੀਟਰ ਦਾ ਰਸਤਾ ਤੈਅ ਕਰਨਾ ਪੈਂਦਾ ਹੈ। ਜਿਹੜਾ ਵੀ ਸ਼ਰਧਾਲੂ ਗੋਬਿੰਦ ਧਾਮ ਤੱਕ ਪੁੱਜ ਜਾਂਦਾ ਹੈ, ਉਸ ਦੀ ਇੱਛਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਦ੍ਰਿੜ੍ਹ ਹੋ ਜਾਂਦੀ ਹੈ। ਲੰਮੀ ਅਤੇ ਔਖੀ ਚੜ੍ਹਾਈ ਵਾਲਾ ਸਫ਼ਰ ਕਰਨਾ ਭਾਵੇਂ ਬਹੁਤ ਮੁਸ਼ਕਲ ਜਾਪਦਾ ਹੈ ਪਰ ਗੁਰੂ ਪ੍ਰਤੀ ਪੈਦਾ ਹੋਈ ਭਾਵਨਾ ਜੋਸ਼ ਅਤੇ ਦ੍ਰਿੜ੍ਹਤਾ ਪ੍ਰਦਾਨ ਕਰ ਦਿੰਦੀ ਹੈ। ਗੋਬਿੰਦ ਘਾਟ ਤੋਂ ਲਗ-ਪਗ 10 ਕਿਲੋਮੀਟਰ ਦੀ ਪੈਦਲ ਯਾਤਰਾ ਕਰਨ ਉਪਰੰਤ ਇੱਥੇ ਪੁੱਜਣ ਵਾਲਾ ਹਰ ਇਕ ਬੱਚਾ, ਬਜ਼ੁਰਗ, ਇਸਤਰੀ, ਪੁਰਸ਼ ਆਦਿ ਅਗਲੀ ਔਖੀ ਚੜ੍ਹਾਈ ਚੜ੍ਹਨ ਵਿੱਚ ਰਤਾ ਵੀ ਥਕਾਵਟ ਮਹਿਸੂਸ ਨਹੀਂ ਕਰਦਾ ਅਤੇ ਅਗਲੇ ਦਿਨ ਸਵੇਰੇ-ਸਵੇਰੇ ਉਤਸ਼ਾਹ ਪੂਰਵਕ ਇਸ ਯਾਤਰਾ 'ਤੇ ਚੱਲ ਪੈਂਦਾ ਹੈ। ਗੋਬਿੰਦ ਧਾਮ ਗੁਰਦੁਆਰਾ ਸਾਹਿਬ ਵਿਖੇ ਸੰਗਤ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸ੍ਰੀ ਹੇਮਕੁੰਟ ਸਾਹਿਬ ਵਿਖੇ ਰੋਜ਼ਨਾ ਸਵੇਰੇ 9:30 ਵਜੇ ਅਤੇ ਦੁਪਹਿਰ ਵੇਲੇ 12:15 ਵਜੇ ਅਰਦਾਸ ਹੁੰਦੀ ਹੈ। ਪਹਿਲੀ ਅਰਦਾਸ ਵਿੱਚ ਸ਼ਾਮਲ ਹੋਣ ਲਈ ਸੰਗਤ ਸਵੇਰੇ 5:00 ਵਜੇ ਤੋਂ ਪਹਿਲਾਂ ਹੀ ਯਾਤਰਾ ਅਰੰਭ ਕਰ ਦਿੰਦੀ ਹੈ। ਮੌਜੂਦਾ ਸਮੇਂ ਵਿੱਚ ਸੰਗਤ ਦੀ ਸਹੂਲਤ ਲਈ ਰਸਤਾ ਬਹੁਤ ਸੁਖਾਲਾ ਬਣਾਉਣ ਦਾ ਯਤਨ ਕੀਤਾ ਗਿਆ ਹੈ ਪਰ ਜਿਹੜੇ ਯਾਤਰੂ 1960 ਤੋਂ ਪਹਿਲਾਂ ਇੱਥੇ ਦਰਸ਼ਨ ਕਰਨ ਲਈ ਆਉਂਦੇ ਸਨ, ਉਹਨਾਂ ਦੇ ਬਿਰਤਾਂਤ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਸ੍ਰੀ ਹੇਮਕੁੰਟ ਸਾਹਿਬ ਤੱਕ ਪੁੱਜਣਾ ਅਤਿ ਕਠਿਨ ਕਾਰਜ ਸੀ। ਭਾਈ ਵੀਰ ਸਿੰਘ ਦੀ ਪ੍ਰੇਰਨਾ ਅਤੇ ਯਤਨਾਂ ਸਦਕਾ ਇਸ ਅਸਥਾਨ ਦੀ ਖੋਜ ਹੋਈ ਸੀ ਅਤੇ ਉਹਨਾਂ ਦੇ ਸੰਪਰਕ ਵਿੱਚ ਜਿਹੜੀਆਂ ਸੰਸਥਾਵਾਂ ਜਾਂ ਸ਼ਖ਼ਸੀਅਤਾਂ ਕਾਰਜ ਕਰ ਰਹੀਆਂ ਸਨ, ਸਭਨਾਂ ਨੇ ਮਿਲ-ਜੁਲ ਕੇ ਇਸ ਮਾਰਗ ਨੂੰ ਸੁਖਾਲਾ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਚੀਫ਼ ਖ਼ਾਲਸਾ ਦੀਵਾਨ ਇਹਨਾਂ ਵਿਚੋਂ ਪ੍ਰਮੁੱਖ ਸੀ ਜਿਸ ਨੇ ਰਸਤੇ ਦੀ ਸਾਫ਼-ਸਫ਼ਾਈ ਕਰਨ ਅਤੇ ਪੱਥਰ ਲਗਾਉਣ ਦਾ ਕਾਰਜ ਅਰੰਭ ਕੀਤਾ ਸੀ। ਇਹ ਸਮੂਹ ਕਾਰਜ ਤਾਂ ਹੀ ਸੰਭਵ ਹੋ ਸਕੇ ਸਨ ਕਿਉਂਕਿ ਗੋਬਿੰਦ ਧਾਮ ਦੀ ਧਰਮਸਾਲਾ ਇਕ ਮਹੱਤਵਪੂਰਨ ਟਿਕਾਣੇ ਵੱਜੋਂ ਵਿਕਸਿਤ ਹੋ ਗਈ ਸੀ। ਜਿਹੜੇ ਯਾਤਰੂ ਸਵੇਰੇ ਜਾਂਦੇ ਹਨ, ਉਹਨਾਂ ਲਈ ਚਾਹ, ਲੰਗਰ ਆਦਿ ਦਾ ਪ੍ਰਬੰਧ ਅਤੇ ਵਾਪਸੀ ਸਮੇਂ ਜਦੋਂ ਕੋਈ ਯਾਤਰੂ ਸਰੀਰਕ ਥਕਾਵਟ ਜਾਂ ਹੋਰ ਕੋਈ ਕਸ਼ਟ ਮਹਿਸੂਸ ਕਰੇ ਤਾਂ ਉਸ ਲਈ ਦਵਾਈ ਆਦਿ ਦੀ ਸੇਵਾ ਦਾ ਕਾਰਜ ਗੋਬਿੰਦ ਧਾਮ ਵਿਖੇ ਹੀ ਕੀਤਾ ਜਾਂਦਾ ਹੈ। ਡਿਸਪੈਂਸਰੀ, ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੇਵਲ ਇਸੇ ਅਸਥਾਨ 'ਤੇ ਹੀ ਮੌਜੂਦ ਹੈ।




ਗੁਰਦੁਆਰਾ ਸਾਹਿਬ ਟਰੱਸਟ ਵੱਲੋਂ ਖਰੀਦੀ ਗਈ ਲਗ-ਪਗ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਨਿਵਾਸ, ਡਿਸਪੈਂਸਰੀ ਆਦਿ ਬਣੇ ਹੋਏ ਹਨ। ਗੁਰਦੁਆਰਾ ਸਾਹਿਬ ਵਿਖੇ 2013 ਤੋਂ ਮੈਨੇਜਰ ਦੀ ਸੇਵਾ ਨਿਭਾ ਰਹੇ ਸ. ਬਲਵਿੰਦਰ ਸਿੰਘ ਨੇ ਦੱਸਿਆ ਕਿ ਮਈ ਤੋਂ ਅਕਤੂਬਰ ਦੇ ਮਹੀਨੇ ਵਿੱਚ ਯਾਤਰਾ ਨਿਰੰਤਰ ਚੱਲਦੀ ਰਹਿੰਦੀ ਹੈ ਅਤੇ ਇਸ ਸਮੇਂ ਦੌਰਾਨ 2-3 ਲੱਖ ਸੰਗਤ ਇਸ ਅਸਥਾਨ ਦੇ ਦਰਸ਼ਨ ਦੀਦਾਰੇ ਕਰਨ ਲਈ ਆਉਂਦੀ ਹੈ। ਜੂਨ ਦੇ ਮਹੀਨੇ ਵਿੱਚ ਸਕੂਲਾਂ ਦੀਆਂ ਛੁੱਟੀਆਂ ਹੋ ਜਾਣ ਕਾਰਨ ਸੰਗਤ ਵੱਡੀ ਗਿਣਤੀ ਵਿੱਚ ਇੱਥੇ ਹਾਜ਼ਰੀ ਭਰਦੀ ਹੈ। ਬਾਬਾ ਮੋਦਨ ਸਿੰਘ ਨਿਵਾਸ, ਯੂ.ਕੇ. ਬਿਲਡਿੰਗ ਆਦਿ ਸਮੂਹ ਇਮਾਰਤਾਂ ਵਿੱਚ ਬਣੇ ਹੋਏ ਕਮਰਿਆਂ ਅਤੇ ਹਾਲਾਂ ਵਿਖੇ ਲਗ-ਪਗ 5000 ਸੰਗਤ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਸਮਰੱਥਾ ਹੈ।

ਗੋਬਿੰਦ ਧਾਮ ਦੀ ਧਰਮਸਾਲਾ ਨੂੰ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਤਬਦੀਲ ਕਰਨ ਦਾ ਕਾਰਜ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਕੀਤਾ ਗਿਆ ਸੀ। ਸ. ਜੋਗਿੰਦਰ ਸਿੰਘ ਮਾਨ ਦੀ ਪ੍ਰਧਾਨਗੀ ਹੇਠ 1963 ਵਿੱਚ ਟਰੱਸਟ ਦੀ ਇਕ ਮੀਟਿੰਗ ਹੋਈ ਜਿਸ ਵਿੱਚ ਉਹਨਾਂ ਨੇ ਆਦੇਸ਼ ਦਿੱਤਾ ਸੀ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਦਾ ਜਿਹੜਾ ਕਾਰਜ ਅਰੰਭ ਕੀਤਾ ਗਿਆ ਹੈ, ਇਸ ਸਾਲ ਵਿਚ ਉਸ ਨੂੰ ਛੱਤਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਗੋਬਿੰਦ ਧਾਮ ਵਿਖੇ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕਾਰਜ ਇਸ ਲਈ ਕਠਿਨ ਹੋ ਗਿਆ ਸੀ ਕਿਉਂਕਿ ਗੋਬਿੰਦ ਘਾਟ ਤੋਂ ਬਾਅਦ ਲਗ-ਪਗ 14 ਕਿਲੋਮੀਟਰ ਤੱਕ ਇਮਾਰਤੀ ਉਸਾਰੀ ਦਾ ਸਾਰਾ ਸਮਾਨ ਖੱਚਰਾਂ ਜਾਂ ਬੰਦਿਆਂ ਦੁਆਰਾ ਲਿਜਾਇਆ ਜਾਂਦਾ ਸੀ ਜਿਸ ਲਈ ਢੋਆ-ਦੁਆਈ ਵੀ ਸਮਾਨ ਦੀ ਕੀਮਤ ਤੋਂ ਦੁੱਗਣੀ ਹੋ ਜਾਂਦੀ ਸੀ।

ਗੁਰਦੁਆਰਾ ਗੋਬਿੰਦ ਧਾਮ ਦੇ ਨੇੜੇ ਹੀ ਇੱਕ ਹੋਰ ਦਰਸ਼ਨੀ ਅਸਥਾਨ ਮੌਜੂਦ ਹੈ



ਜਿਹੜਾ ਕਿ 'ਫੁੱਲਾਂ ਦੀ ਘਾਟੀ' ਵਜੋਂ ਪ੍ਰਸਿੱਧ ਹੈ। ਗੁਰਦੁਆਰਾ ਸਾਹਿਬ ਤੋਂ ਸ੍ਰੀ ਹੇਮਕੁੰਟ ਸਾਹਿਬ ਦੇ ਮਾਰਗ 'ਤੇ ਲਗ-ਪਗ ਅੱਧਾ ਕਿਲੋਮੀਟਰ ਬਾਅਦ ਇਸ ਘਾਟੀ ਵੱਲ ਰਸਤਾ ਜਾਂਦਾ ਹੈ। ਅਗਸਤ-ਸਤੰਬਰ ਦੇ ਮਹੀਨੇ ਖਿੜਨ ਵਾਲੇ ਫੁੱਲ ਅਦਭੁੱਤ ਨਜ਼ਾਰਾ ਪੇਸ਼ ਕਰਦੇ ਹਨ। ਇਸ ਘਾਟੀ ਦੀ ਖੋਜ ਫ਼ਰੈਂਕ ਸਮਿੱਥ ਨੇ ਕੀਤੀ ਸੀ ਜਿਹੜਾ ਕਿ 1931 ਵਿੱਚ ਆਪਣੇ ਸਾਥੀਆਂ ਨਾਲ ਗੜ੍ਹਵਾਲ ਦੀ ਇੱਕ ਉੱਚੀ ਕਾਮੇਤ ਪਹਾੜੀ ਦੀ ਚੋਟੀ 'ਤੇ ਚੜ੍ਹਨ ਲਈ ਆਪਣੇ ਸਾਥੀਆਂ ਨਾਲ ਇੰਗਲੈਂਡ ਤੋਂ ਆਇਆ ਸੀ ਪਰ ਵਾਪਸੀ 'ਤੇ ਰਾਹ ਭੁੱਲ ਜਾਣ ਕਰਕੇ ਇਹ ਫੁੱਲਾਂ ਦੀ ਘਾਟੀ ਵੱਲ ਨਿਕਲ ਆਏ ਸਨ। 10 ਕਿਲੋਮੀਟਰ ਤੋਂ ਵਧੇਰੇ ਇਲਾਕੇ ਵਿੱਚ ਰੰਗ-ਬਰੰਗੇ ਮਨਮੋਹਕ ਫੁੱਲਾਂ ਨਾਲ ਸਜੀ ਹੋਈ ਘਾਟੀ ਨੇ ਸਮਿੱਥ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ। ਇਸ ਘਾਟੀ ਨੂੰ ਦੇਖਣ ਲਈ 1937 ਵਿੱਚ ਇਹ ਦੁਬਾਰਾ ਆਇਆ ਅਤੇ ਵਾਪਸ ਜਾ ਕੇ ਇਸ ਨੇ 'ਫੁੱਲਾਂ ਦੀ ਘਾਟੀ' ਸਿਰਲੇਖ ਅਧੀਨ ਇੱਕ ਪੁਸਤਕ ਲਿਖੀ ਜਿਹੜੀ ਕਿ 1938 ਵਿੱਚ ਲੰਡਨ ਤੋਂ ਪ੍ਰਕਾਸ਼ਿਤ ਹੋਈ ਸੀ।

ਗੁਰਦੁਆਰਾ ਗੋਬਿੰਦ ਧਾਮ ਦੇ ਸਾਹਮਣੇ ਹੁਣ ਇੱਕ ਛੋਟਾ ਜਿਹਾ ਬਜ਼ਾਰ ਵਿਕਸਿਤ ਹੋ ਗਿਆ ਹੈ ਜਿਹੜਾ ਕਿ ਯਾਤਰਾ ਦੇ ਨਾਲ ਹੀ ਖੁੱਲਦਾ ਅਤੇ ਬੰਦ ਹੋ ਜਾਂਦਾ ਹੈ। ਰੋਜ਼ਾਨਾ ਲੋੜ ਦੀ ਹਰ ਇਕ ਚੀਜ਼ ਇੱਥੇ ਅਸਾਨੀ ਨਾਲ ਮਿਲ ਜਾਂਦੀ ਹੈ। ਆਲੇ-ਦੁਆਲੇ ਦੇ ਲੋਕਾਂ ਵਿੱਚ ਗੁਰਦੁਆਰਾ ਸਾਹਿਬ ਦਾ ਬਹੁਤ ਸਤਿਕਾਰ ਹੈ। ਉਹਨਾਂ ਦਾ ਕਹਿਣਾ ਹੈ ਕਿ ਸੰਗਤ ਦੇ ਆਉਣ ਨਾਲ ਉਹਨਾਂ ਦਾ ਗੁਜ਼ਾਰਾ ਵੀ ਅਸਾਨੀ ਨਾਲ ਹੋ ਜਾਂਦਾ ਹੈ। ਘੋੜਿਆਂ, ਖੱਚਰਾਂ ਅਤੇ ਸਮਾਨ ਦੀ ਢੋਆ-ਢੁਆਈ ਕਰਨ ਵਾਲਿਆਂ ਦੀ ਰੋਜ਼ੀ-ਰੋਟੀ ਵੀ ਸੰਗਤ ਦੀ ਆਮਦ 'ਤੇ ਨਿਰਭਰ ਕਰਦੀ ਹੈ। ਭਾਵੇਂ ਕਿ ਕਰੋਨਾ ਦੇ ਦੌਰਾਨ ਇਹਨਾਂ ਨੂੰ ਔਖਾ ਸਮਾਂ ਦੇਖਣ ਲਈ ਵੀ ਮਜਬੂਰ ਹੋਣਾ ਪਿਆ ਪਰ ਸਾਲ 2023 ਦੇ ਸਰਕਾਰੀ ਅੰਕੜੇ ਦੱਸਦੇ ਹਨ ਕਿ ਇਸ ਸਾਲ ਦੀ ਯਾਤਰਾ ਦੌਰਾਨ 2.4 ਲੱਖ ਯਾਤਰੂਆਂ ਨੇ ਇਸ ਅਸਥਾਨ ਦੀ ਯਾਤਰਾ ਕੀਤੀ ਹੈ। ਇਸ ਯਾਤਰਾ ਨੂੰ ਹੋਰ ਸੁਖਾਲਾ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਰੋਪਵੇ ਪ੍ਰੋਜੈਕਟ ਅਰੰਭ ਕੀਤਾ ਜਾ ਰਿਹਾ ਹੈ ਜਿਸ ਨਾਲ ਹੋਰ ਵਧੇਰੇ ਸੰਗਤ ਇਸ ਅਸਥਾਨ ਦੇ ਦਰਸ਼ਨ ਕਰ ਸਕਦੀ ਹੈ।







ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਗਤ ਨਾਮਦੇਵ ਜੀ

ਭਗਤੀ ਲਹਿਰ ਦਾ ਆਰੰਭ ਅੱਠਵੀਂ ਸਦੀ ਈਸਵੀ ਵਿੱਚ ਦੱਖਣ ਭਾਰਤ ਵਿੱਚ ਹੋਇਆ। ਇਹ ਪ੍ਰਚਲਿਤ ਲਹਿਰ ਇੱਕ ਪ੍ਰਤੀਨਿੱਧ ਤੇ ਸਰਬ ਲੋਕਿਕ ਧਾਰਮਿਕ ਵਿਚਾਰਧਾਰਾ ਵਜੋਂ ਹੋਂਦ ਵਿੱਚ ਆਈ। ਮੂਲਰੂਪ ਵਿੱਚ ਇਹ ਧਾਰਮਿਕ ਲਹਿਰ ਸਭਿਆਚਾਰਕ ਲਹਿਰ ਸੀ। ਇਸ ਲਹਿਰ ਦੇ ਭਗਤਾਂ ਨੇ ਯੋਗੀਆਂ, ਨਾਥਾਂ ਸੂਫ਼ੀਆਂ ਵਾਂਗ ਦੇਸ਼ ਵਿੱਚ ਲੋਕ ਭਾਸ਼ਾ ਵਿੱਚ ਅਧਿਆਤਮਕ ਸੁਨੇਹਾ ਜਨ ਸਮੂਹ ਤੱਕ ਪਹੁੰਚਾਇਆ। ਜੋ ਸੂਫ਼ੀਮਤ ਤੇ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਇਹਨਾਂ ਭਗਤਾਂ ਨੇ ਵੀ ਨਾਥ ਯੋਗੀਆਂ ਤੇ ਸੂਫ਼ੀਆਂ ਵਾਂਗ ਆਪਣੀ ਰਚਨਾ ਰਾਗਾਂ ਵਿੱਚ ਗਾਈ। ਜਿਸ ਨਾਲ ਉਹਨਾਂ ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ। ਪੰਜਾਬੀ ਦੇ ਪ੍ਰਤੱਖ ਪ੍ਰਭਾਵ ਹੇਠ ਸੂਫ਼ੀ ਤੇ ਗੁਰਮਤਿ ਕਾਵਿ ਧਾਰਾ ਦੇ ਵਿਸ਼ੇ ਸ਼ਬਦਾਵਲੀ ਤੇ ਸ਼ੈਲੀ ਦੀ ਸਾਂਝ ਕਰਕੇ ਇਹਨਾਂ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਦਰਯੋਗ ਸਥਾਨ ਪ੍ਰਾਪਤ ਹੋਇਆ ਹੈ।

ਗੁਰੂ ਗਰੰਥ ਸਾਹਿਬ ਜੀ ਦੀ ਸਰਬ ਕਲਿਆਣਕਾਰੀ ਬਾਣੀ ਵਿੱਚ ਜਿਨ੍ਹਾਂ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ, ਉਹਨਾਂ ਵਿੱਚ ਭਗਤ ਨਾਮਦੇਵ ਜੀ ਵੀ ਪ੍ਰਮੁਖ ਭਗਤ ਹਨ। ਆਪ ਪਰਮਾਤਮਾ ਦੀ ਯਾਦ ਵਿੱਚ ਜੁੜੇ ਰਹਿੰਦੇ। ਉਹਨਾਂ ਭਟਕਦੀ ਲੋਕਾਈ ਨੂੰ ਅਧਿਆਤਮਕਤਾ ਦਾ ਰਾਹ ਵਿਖਾਇਆ। ਜਿਸ ਵਿੱਚ ਪੁਰਾਣੇ ਪ੍ਰਚਲਿਤ ਝੂਠੇ ਕਰਮਕਾਂਡਾ ਦੀ ਨਿਖੇਧੀ ਕੀਤੀ। ਪ੍ਰਭੂ ਮਿਲਾਪ ਨੂੰ ਪ੍ਰਮੁਖਤਾ ਦਿੱਤੀ। ਭਗਤੀ ਦਾ ਸੰਦੇਸ਼ ਦੇਣਾ, ਉਹਨਾਂ ਦੇ ਜੀਵਨ ਦਾ ਪਰਮ ਮਨੋਰਥ ਸੀ। ਆਪ ਭਗਤੀ ਦੇ ਗੀਤ ਗਾਉਣ ਵਾਲੇ ਸਨ। ਇਸ ਲਈ ਗੁਰੂ ਸਾਹਿਬ ਫ਼ਰਮਾਉਂਦੇ ਹਨ-ਹੇ ਭਾਈ! ਭਗਤ ਨਾਮਦੇਵ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ। ਜਗਤ ਉਸ ਨੂੰ ਛੀਂਬਾ ਆਖ ਕੇ ਸੱਦਿਆ ਕਰਦਾ ਸੀ। ਪਰਮਾਤਮਾ ਨੇ ਖਤਰੀਆਂ ਬ੍ਰਾਹਮਣਾਂ ਨੂੰ ਪਿੱਠ ਦੇ ਦਿੱਤੀ ਤੇ ਨਾਮਦੇਵ ਨੂੰ ਮੱਥੇ ਲਾਇਆ ਸੀ।

ਆਪ ਜੀ ਦਾ ਜਨਮ 26 ਅਕਤੂਬਰ ਸੰਨ 1270 ਨੂੰ ਬੰਬਈ ਸੂਬੇ ਦੇ ਅਜੋਕੇ ਜ਼ਿਲ੍ਹਾ ਰੰਗੋਲੀ ਪੁਰਾਣਾ ਜ਼ਿਲ੍ਹਾ ਪ੍ਰਭਣੀ ਦੇ ਪਿੰਡ ਨਰਸੀ ਬਾਮਨੀ ਵਿਖੇ ਹੋਇਆ। ਨਰਸੀ ਬਾਮਨੀ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਜੋ ਹਜ਼ੂਰ ਸਾਹਿਬ ਨੰਦੇੜ ਤੋਂ 100 ਕਿਲੋਮੀਟਰ ਅਤੇ ਰੰਗੋਲੀ ਤੋਂ 16 ਕਿਲੋਮੀਟਰ ਹੈ। ਹੁਣ ਇਸ ਨਗਰ ਦਾ ਨਾਮ ਨਰਸੀ ਨਾਮਦੇਵ ਹੈ। ਆਪ ਜੀ ਦੇ ਪਿਤਾ ਦਾ ਨਾਮ ਦਾਮ ਸੇਠ, ਮਾਤਾ ਗੋਨਾਬਾਈ ਅਤੇ ਭੈਣ ਔਬਾਈ ਹੈ। ਾਪ ਬਚਪਨ ਤੋਂ ਹੀ ਧਾਰਮਿਕ ਅਧਿਆਤਮਕ ਦ੍ਰਿਸ਼ਟੀ ਵਾਲੇ ਸਨ। ਆਪ ਆਤਮ ਦਰਸ਼ੀ, ਹਰੀ ਸਿਮਰਨ ਵਿੱਚ ਲੀਨ ਈਸ਼ਵਰ ਦੇ ਭਗਤ ਸਤ ਮਾਰਗ ਦੇ ਉਪਦੇਸ਼ ਦੇਣ ਵਾਲੇ ਆਗੂ , ਮਹਾਨ ਵਿਦਵਾਨ ਉਚ ਲੇਖਕ ਅਤੇ ਕਵੀ ਮੰਨੇ ਗਏ ਹਨ। ਆਪ ਜੀ ਦੀ ਰਚਨਾ ਵਿੱਚ ਮਰਾਠੀ, ਰਾਜਸਤਾਨੀ,ਪੱਛਮੀ ਹਿੰਦੀ ਤੇ ਪੂਰਬੀ ਪੰਜਾਬੀ ਦੇ ਨਾਲ ਨਾਲ ਫਾਰਸੀ ਸ਼ਬਦਾਵਲੀ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਆਪ ਹਮੇਸ਼ਾ ਗੰਭੀਰ ਵਿਚਾਰਾਂ ਵਿੱਚ ਰਹਿੰਦੇ। ਉਹ ਵਡੇਰੇ ਪੁਰਖਾਂ ਦੀ ਸੰਗਤ ਵਿੱਚ ਖੁਸ਼ ਸਨ। ਆਪ ਜੀ ਦੇ ਪਿਤਾ ਜੀ ਜਾਤ ਦੇ ਛੀਂਬੇ ਸਨ। ਜੋ ਕਪੜੇ ਧੋਣ, ਰੰਗਣ ਅਤੇ ਸਿਉਣ ਦਾ ਕੰਮ ਕਰਦੇ ਸਨ, ਆਪ ਬਿਠਲ ਦਾ ਨਾਮ ਰਟਦੇ ਸਨ। ਭਗਤ ਬਾਣੀ ਅਨੁਸਾਰ ਪਰਮਾਤਮਾ ਦਾ ਪ੍ਰਤੀਕ ਹੈ। ਅਧਿਆਤਮਕ ਵਿਚਾਰਾਂ ਦੇ ਹੋਣ ਕਰਕੇ ਦੁਨਿਆਵੀ ਵਿਦਿਆ ਵੱਲ ਕੋਈ ਧਿਆਨ ਨਹੀਂ ਦਿੱਤਾ। ਸਿਰਫ਼ 8 ਸਾਲ ਦੀ ਉਮਰ ਵਿੱਚ ਆਪ ਜੀ ਦਾ ਵਿਆਹ ਗੋਬਿੰਦ ਸੇਠ ਦੀ ਪੁੱਤਰੀ ਰਾਜਬਾਈ ਨਾਲ ਹੋਇਆ। ਆਪ ਜੀ ਦੇ ਚਾਰ ਪੁੱਤਰ ਨਰਾਇਣ, ਮਹਾਦੇਵ, ਗੋਬਿੰਦ, ਵਿਠੁਲ ਅਤੇ ਧੀ ਲਿੰਬਾ ਬਾਈ ਸਨ।

ਆਪ ਜੀ ਦੇ ਸਮੇਂ ਸਮਾਜ ਜਾਤ ਪਾਤ ਦੇ ਸੰਕਟ ਵਿੱਚ ਫਸਿਆ ਹੋਇਆ ਸੀ। ਬ੍ਰਾਹਮਣ ਦਾ ਕੰਮ ਧਾਰਮਿਕ ਵਿਦਿਆ ਪੜਾਉਣੀ ਸੰਸਕਾਰ ਸਮੇਂ ਯੱਗ ਕਰਨੇ ਤੇ ਦਾਨ ਲੈਣਾ ਆਦਿ ਸੀ। ਜੰਗ ਯੁੱਧ ਜਿਥੇ ਮਰਨਾ ਪੈਂਦਾ ਹੈ, ਉਹ ਕੰਮ ਖੱਤਰੀਆਂ ਦਾ ਸੀ। ਹੇਠਲਾ ਵਰਗ ਸ਼ੂਦਰ ਨੂੰ ਨੀਚ ਆਖ ਕੇ ਦੁਰਕਾਰਿਆ ਜਾਂਦਾ ਸੀ। ਉਹਨਾਂ ਨੂੰ ਪ੍ਰਭੂ ਦਾ ਨਾਮ ਲੈਣ ਦਾ ਵੀ ਅਧਿਕਾਰ ਨਹੀਂ ਸੀ। ਮੁਸਲਮਾਨੀ ਰਾਜ ਸੀ, ਉਹ ਧਰਮ ਦੇ ਹੰਕਾਰ ਵਿੱਚ ਸਨ। ਸਮਾਜ ਦੀ ਦਸ਼ਾ ਸੁਖਾਵੀਂ ਨਹੀਂ ਸੀ। ਭਗਤ ਨਾਮਦੇਵ ਜੀ ਨੇ ਇਹ ਸਾਬਤ ਕਰ ਦਿੱਤਾ ਕਿ ਵਡੱਪਣ ਜਾਤ ਵਿੱਚ ਨਹੀਂ ਸਗੋਂ ਕਰਮਾਂ ਅਤੇ ਗੁਣਾ ਵਿੱਚ ਹੈ। ਉਹਨਾਂ ਨੂੰ ਆਪਣੀ ਜਾਤ ਛੀਂਬਾ ਹੋਣ ਤੇ ਫਖਰ ਕਰਦੇ ਹਨ: ਮੈਨੂੰ ਨਾਮੇ ਨੂੰ ਭਾਵੇਂ ਜੀਕਰ ਛੀਂਬੇ ਦੇ ਘਰ ਜਨਮ ਦਿੱਤਾ, ਪਰ ਉਸ ਦੀ ਮਿਹਰ ਨਾਲ ਮੈਨੂੰ ਸਤਿਗੁਰੂ ਦਾ ਉਪਦੇਸ਼ ਮਿਲ ਗਿਆ। ਹੁਣ ਸੰਤ ਜਨਾ ਦੀ ਕ੍ਰਿਪਾ ਨਾਲ ਮੈਨੂੰ ਨਾਮੇ ਨੂੰ ਰੱਬ ਮਿਲ ਪਿਆ ਹੈ।

ਭਗਤ ਨਾਮਦੇਵ ਜੀ ਦੇ ਜੀਵਨ ਨਾਲ ਭਾਵੇਂ ਕਈ ਸਾਖੀਆਂ ਜੁੜੀਆਂ ਹਨ, ਪਰ ਉਹਨਾਂ ਦਾ ਸਫ਼ਰ ਸਰਗੁਣ ਤੋਂ ਨਿਰਗੁਣ ਤੱਕ ਦਾ ਹੈ। ਜਿਵੇਂ ਸਪਸ਼ਟ ਕਰਦੇ ਹਨ ਕਿ ਇੱਕ ਪੱਥਰ ਨੂੰ ਦੇਵਤਾ ਮੰਨ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ ਤੇ ਦੂਜੇ ਪੱਥਰਾਂ ਉੱਤੇ ਪੈਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸ ਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਵੀ ਦੇਵਤਾ ਹੈ। ਉਸ ਨੂੰ ਪੈਰਾਂ ਹੇਠ ਕਿਉਂ ਲਤਾੜੀਦਾ ਹੈ? ਨਾਮਦੇਵ ਆਖਦਾ ਹੈ ਅਸੀਂ ਕਿਸ ਪੱਥਰ ਨੂੰ ਦੇਵਤਾ ਥਾਪ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ। ਅਸੀਂ ਤਾਂ ਪਰਮਾਤਮਾ ਦੀ ਬੰਦਗੀ ਕਰਦੇ ਹਾਂ।

ਆਪ ਨੇ ਵਿਸ਼ੋਬਾ ਖੇਚਰ ਨੂੰ ਗੁਰੂ ਧਾਰਿਆ। ਉਹਨਾਂ ਦਾ ਗੁਰੂ ਮੂਰਤੀ ਪੂਜਾ ਦਾ ਵਿਰੋਧੀ ਸੀ। ਆਪ ਨੂੰ ਨਿਰਾਕਾਰ ਪਰਮਾਤਮਾ ਦੀ ਭਗਤੀ ਸਿਮਰਨ ਅਭਿਆਸ ਦੀ ਪ੍ਰੇਰਨਾ ਮਿਲੀ। ਆਪ ਦੁਨਿਆਵੀ ਕਾਰ ਵਿਹਾਰ ਕਰਦੇ ਹੋਏ ਵੀ ਪਰਮਾਤਮਾ ਦੇ ਭਗਤੀ ਮਾਰਗ ’ਤੇ ਚਲਦੇ ਸਿਖਰ ’ਤੇ ਪਹੁੰਚੇ। ਇਸ ਬਾਰੇ ਤਾਂ ਹੀ ਭਗਤ ਕਬੀਰ ਗਵਾਹੀ ਦਿੰਦੇ ਹਨ। ਭਗਤ ਨਾਮਦੇਵ ਅਤੇ ਭਗਤ ਤ੍ਰਿਲੋਚਨ ਦਾ ਵਾਰਤਾਲਾਪ ਹੈ, ਜਿਸ ਤੋਂ ਭਗਤ ਨਾਮਦੇਵ ਜੀ ਦੀ ਅਧਿਆਤਮਕ ਅਵਸਥਾ ਦਾ ਪਤਾ ਲੱਗਦਾ ਹੈ। ਭਗਤ ਤ੍ਰਿਲੋਚਨ ਆਖਦਾ ਹੈ, ਹੇ ਮ੍ਰਿਤ ਨਾਮਦੇਵ, ਤੂੰ ਤਾਂ ਮਾਇਆ ਵਿਚ ਫਸਿਆ ਜਾਪਦਾ ਹੈ। ਇਹ ਅੰਬ੍ਰੇ ਕਿਉਂ ਠੇਕ ਰਿਹਾ ਹੈ। ਪਰਮਾਤਮਾ ਦੇ ਚਰਨਾਂ ਨਾਲ ਚਿੱਤ ਕਿਉਂ ਨਹੀਂ ਜੋੜਦਾ। ਭਗਤ ਨਾਮਦੇਵ ਉੱਤਰ ਦਿੰਦੇ ਹਨ -ਹੇ ਤ੍ਰਿਲੋਚਨ ! ਮੂੰਹ ਨਾਲ ਪਰਮਾਤਮਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮ ਕਾਜ਼ ਕਰ ਅਤੇ ਆਪਣਾ ਚਿੱਤ ਮਾਇਆ ਰਹਿਤ ਪਰਮਾਤਮਾ ਨਾਲ ਜੋੜ।

ਭਗਤ ਨਾਮਦੇਵ ਜੀ ਨੇ ਜਗਨਨਾਥ ਤੋਂ 15 ਕੁ ਮੀਲ ਦੀ ਵਿੱਥ ’ਤੇ ਪੰਡਰਪੁਰ(ਪਾਂਧਰਪੁਰ)ਦੇ ਅਸਥਾਨ ’ਤੇ ਤਪ ਕੀਤਾ। ਇਥੋਂ ਹੀ ਪ੍ਰਚਾਰ ਸ਼ੁਰੂ ਕੀਤਾ। ਆਪ ਨੇ ਨਿਰਾਕਾਰ ਪਰਮਾਤਮਾ ਦਾ ਪ੍ਰਚਾਰ ਕੀਤਾ। ਉਚ ਨੀਚ, ਜਾਤ ਪਾਤ, ਝੂਠੇ ਕਰਮਕਾਡਾਂ ਦੀ ਨਿਖੇਧੀ ਕੀਤੀ। ਆਪ ਜੀ ਦੇ ਵਿਚਾਰਾਂ ਦਾ ਲੋਕਾਈ ’ਤੇ ਬੜਾ ਪ੍ਰਭਾਵ ਪਿਆ। ਆਪ ਨੀਵੀਂ ਜਾਤੀ ’ਤੇ ਲਗਾਈ ਗਈ ਰੋਕ ਤੋੜ ਕੇ ਮੰਦਰ ਚਲੇ ਗਏ। ਬ੍ਰਾਹਮਣਾਂ ਨੇ ਆਪ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ।

ਆਪ ਔਂਧ ਤੋਂ ਹੁੰਦੇ ਹੋਏ, ਦੇਵਗਿਰੀ, ਐਲੋਰਾ, ਘ੍ਰਿਨੇਸ਼ਵਰ, ਪੰਚਬਟੀ, ਤ੍ਰਿਬਕੇਸ਼ਵਰ, ਜੂਨਾਗੜ੍ਹ ਹੁੰਦੇ ਹੋਏ ਹਸਤਨਪੁਰ ਦਿੱਲੀ ਪਹੁੰਚੇ। ਇਥੇ ਮੁਹੰਮਦ ਬਿਨ ਤੁਗਲਕ ਨੇ ਉਹਨਾਂ ’ਤੇ ਅਤਿਆਚਾਰ ਕੀਤੇ। ਆਪ ਜੀ ਨੂੰ ਸਮੇਂ ਦੇ ਹਾਕਮਾਂ ਅਤੇ ਬ੍ਰਾਹਮਣਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਗਤ ਜੀ ਦੇ ਬਹੁਤ ਸਾਰੇ ਸਾਥੀ ਕਾਲ ਵੱਸ ਹੋ ਗਏ ਤਾਂ ਆਪ ਜੀ ਮਹਾਰਾਸ਼ਟਰ ਤੋਂ ਪੰਜਾਬ ਆ ਗਏ। ਅਖੀਰਲੇ 20 ਸਾਲ ਗੁਰਦਾਸਪੁਰ ਦੇ ਪਿੰਡ ਘੁਮਾਣ ਵਿੱਚ ਗੁਜ਼ਾਰੇ। ਆਪ ਜੀ ਦੇ ਦੇਹਾਂਤ ਬਾਰੇ ਦੋ ਰਾਵਾਂ ਹਨ। ਇੱਕ ਇਹ ਹੈ ਕਿ 15 ਜਨਵਰੀ 1350 ਨੂੰ ਆਪ ਜੀ ਦਾ ਦੇਹਾਂਤ ਘੁਮਾਣ ਪਿੰਡ ਵਿਖੇ ਹੋ ਗਿਆ ਸੀ। ਇੱਥੇ ਹੀ ਆਪ ਜੀ ਦੀ ਸਮਾਧ ਮੌਜੂਦ ਹੈ। ਜਿਥੇ ਹਰ ਸਾਲ ਮਾਘ ਦੀ ਦੂਜ ਨੂੰ ਭਾਰੀ ਮੇਲਾ ਲੱਗਦਾ ਹੈ। ਦੂਸਰਾ ਵਿਚਾਰ ਇਹ ਹੈ ਕਿ ਆਪ ਜੀ ਅਖੀਰਲੇ ਸਮੇਂ ਪੰਡਰਪੁਰ ਮਹਾਰਾਸ਼ਟਰ ਵਿਖੇ ਪਰਤ ਗਏ ਸਨ। ਇਸ ਵਿਚਾਰ ਨਾਲ ਪ੍ਰੋ. ਸਾਹਿਬ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਸਹਿਮਤ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਨਾਮਦੇਵ ਜੀ ਦੇ ਅਠਾਰਾਂ ਰਾਗਾਂ ਵਿੱਚ ਕੁਲ 61 ਸ਼ਬਦ ਹਨ। ਜਿੰਨਾਂ ਦਾ ਵੇਰਵਾ ਇਸ ਤਰਾਂ ਹੈ।

| ਲੜੀ ਨੰਬਰ | ਰਾਗ ਦਾ ਨਾਉਂ | ਸ਼ਬਦਾਂ ਦੀ ਗਿਣਤੀ |
|---|---|---|
| 1. | ਗਉੜੀ | 1. |
| 2. | ਆਸਾ | 5. |
| 3. | ਗੁਜਰੀ | 2. |
| 4. | ਸੋਰਠ | 3. |
| 5. | ਧਨਾਸਰੀ | 5. |
| 6. | ਟੋਡੀ | 3. |
| 7. | ਤਿਲੰਗ | 2. |
| 8. | ਬਿਲਾਵਲ | 1. |
| 9. | ਗੋਂਡ | 7. |
| 10. | ਰਾਮਕਲੀ | 4. |
| 11. | ਮਾਲੀ ਗਉੜਾ | 3. |
| 12. | ਮਾਰੂ | 1. |
| 13. | ਭੈਰਓ | 12. |
| 14. | ਬਸੰਤ | 3. |
| 15. | ਸਾਰੰਗ | 3. |
| 16. | ਮਲਾਰ | 2. |
| 17. | ਕਾਨੜਾ | 1. |
| 18. | ਪ੍ਰਭਾਤੀ | 3. |

ਭਗਤ ਨਾਮਦੇਵ ਜੀ ਦੀ ਬਾਣੀ ਤੇ ਖੋਜ ਮਰਾਠੀ ਅਤੇ ਹਿੰਦੀ ਸਾਹਿਬ ਵਿੱਚ ਵੀ ਹੋਈ ਹੈ। ਜੋ ਮੂਲਰੂਪ ਵਿੱਚ ਸੰਪਾਦਨ ਜਾਂ ਵਿਆਖਿਆਤਮਿਕ ਅਧਿਐਨ ਹੈ। ਅੰਗਰੇਜ਼ੀ ਪੰਜਾਬੀ ਅਤੇ ਹਿੰਦੀ ਵਿੱਚ ਵੀ ਖੋਜ ਹੋਈ ਹੈ। ਭਗਤ ਨਾਮਦੇਵ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਵਾਨ ਚੜ੍ਹੀ। ਆਪ ਜੀ ਦੀ ਬਾਣੀ ਵਿੱਚ ਅ ਕਾਲ ਤੇ ਨਿਸ਼ਚਾ, ਪ੍ਰਭੂ ਦੀ ਸਰਬ ਵਿਆਪਕਤਾ, ਪਰਮਾਤਮਾ ਦਾ ਬੇਅੰਤ ਹੋਣਾ। ਸਿਮਰਨ ਦੀਆਂ ਬਰਕਤਾਂ ਨਾਮ ਜਪਣ ਦਾ ਢੰਗ ਪ੍ਰਭੂ -ਪ੍ਰੀਤ ਝੂਠੇ ਕਰਮਕਾਂਡਾ ਤੋਂ ਮਨਾਹੀ। ਪ੍ਰਭੂ ਤੇ ਭਗਤ, ਗੁਰੂ ਦੇ ਸ਼ਬਦ ਦੀ ਮਹੱਤਤਾ ਆਦਿਕ

(ਬਾਕੀ ਸਫ਼ਾ 30 ’ਤੇ)





# ਕੈਨੇਡਾ ਰਹਿੰਦਾ ਹਰ ਤੀਜਾ ਭਾਰਤੀ ਵਿਦਿਆਰਥੀ ਘੋਰ ਉਦਾਸੀ ਵਿੱਚ




## ਖ਼ਾਲਸਾ ਏਡ ਵੱਲੋਂ ਕਰਵਾਏ ਸਰਵੇਖਣ ਅਨੁਸਾਰ ਕੈਨੇਡਾ 'ਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ 'ਚੋਂ ਤਿੰਨ ਮਾਨਸਿਕ ਰੋਗੀ

**ਕਮਲਜੀਤ ਸਿੰਘ**

ਖ਼ਾਲਸਾ ਏਡ ਵੱਲੋਂ ਕਰਵਾਏ ਇੱਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ।

ਪਿੰਡਾਂ ਵਿਚੋਂ ਉੱਠ ਕੇ ਸ਼ਹਿਰਾਂ ਵਿੱਚ ਪੈਰ ਜਮਾਉਣੇ ਸੌਖੇ ਨਹੀਂ ਹੁੰਦੇ। ਨਾ ਹੀ ਸੌਖਾ ਹੁੰਦਾ ਹੈ ਦੂਜੇ ਸੂਬਿਆਂ ਵਿੱਚ ਜਾ ਕੇ ਬੰਜਰ ਧਰਤੀ ਨੂੰ ਆਬਾਦ ਕਰਨਾ। ਫਿਰ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸਥਾਪਤ ਹੋਣਾ ਤਾਂ ਅਸੰਭਵ ਵਰਗਾ ਮੁਸ਼ਕਿਲ ਕੰਮ ਹੁੰਦਾ ਹੈ। ਭਾਰਤੀਆਂ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਇਸ ਸੋਚ ਨੂੰ ਤੋੜਿਆ ਹੈ। ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਝੰਡੀ ਹੈ। ਚੜ੍ਹਦੀ ਕਲਾ ਵਿੱਚ ਹਨ। ਸਿਆਸਤ ਵਿੱਚ ਭਾਰਤੀਆਂ ਦੀ ਭਰਵੀਂ ਹਿੱਸੇਦਾਰੀ ਹੈ। ਵਿਦੇਸ਼ੀ ਧਰਤੀ 'ਤੇ ਸਿੱਖੀ ਦੇ ਨਿਸ਼ਾਨ ਸਾਹਿਬ ਝੂਲਣ ਲੱਗੇ ਹਨ। ਗੋਰੇ, ਭਾਰਤੀਆਂ ਦੇ ਦਫ਼ਤਰਾਂ ਵਿੱਚ ਨੌਕਰੀ ਲੈਣ ਲਈ ਕਤਾਰਾਂ ਵਿੱਚ ਲੱਗਣ ਲੱਗੇ ਹਨ। ਪਰ ਅੱਜ-ਕੱਲ੍ਹ ਕੈਨੇਡਾ ਵਿੱਚ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਪਹਿਲਾਂ ਪਹਿਲ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਲੋਕਾਂ ਨੇ ਵਿਦੇਸ਼ ਵੱਲ ਨੂੰ ਮੂੰਹ ਕੀਤਾ ਸੀ।

ਦੂਜੇ ਪੜਾਅ ਵਿੱਚ ਇੰਜੀਨੀਅਰਾਂ ਅਤੇ ਡਾਕਟਰਾਂ ਨੇ ਵਿਦੇਸ਼ ਦੀ ਉਡਾਣ ਭਰੀ ਤਾਂ ਭਾਰਤੀਆਂ ਨੇ ਗੋਰਿਆਂ ਦੀ ਧਰਤੀ 'ਤੇ ਵੱਖਰੀ ਪਛਾਣ ਬਣਾ ਲਈ। ਪਿਛਲੇ ਕੁਝ ਸਾਲਾਂ ਤੋਂ ਕਾਲਜ ਵਿਦਿਆਰਥੀਆਂ ਦੇ ਜਹਾਜ਼ ਭਰ ਭਰ ਕੇ ਕੈਨੇਡਾ ਨੂੰ ਜਾਣ ਲੱਗੇ ਹਨ। ਲੱਖਾਂ ਰੁਪਏ ਖ਼ਰਚ ਕਰਕੇ ਵਿਦੇਸ਼ ਜਾ ਕੇ ਜਦੋਂ ਪੈਰ ਨਹੀਂ ਲਗਦੇ ਤਾਂ ਉਹ ਉਪਰਾਮ ਹੋਣ ਲਗਦੇ ਹਨ। ਪਹਿਲਾਂ ਪੜ੍ਹਾਈ ਦਾ ਬੋਝ, ਫਿਰ ਨੌਕਰੀ ਦੀ ਭਾਲ ਅਤੇ ਤੀਜਾ ਪੜਾਅ ਪੱਕੇ ਹੋਣ ਦਾ ਹੁੰਦਾ ਹੈ। ਜ਼ਿਆਦਾਤਰ ਭਾਰਤੀਆਂ ਦਾ ਇਸ ਚੱਕੀ ਵਿੱਚ ਪਿਸਦਿਆਂ ਦਿਲ ਡਰਨ ਲੱਗਾ ਹੈ ਅਤੇ ਉਹ ਪ੍ਰੇਸ਼ਾਨ ਹੋ ਕੇ ਤਣਾਅ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਮੁਲਕ ਕੈਨੇਡਾ ਬਾਰੇ ਬੜੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ ਕਿ ਉੱਥੇ ਵਸਦਾ ਹਰ ਤੀਸਰਾ ਭਾਰਤੀ ਤਣਾਅ ਵਿੱਚ ਹੈ। ਪਿਛਲੇ ਛੇ ਸਾਲਾਂ ਵਿੱਚ ਘੋਰ ਉਦਾਸੀ ਦੀ ਵਜ੍ਹਾ ਕਰਕੇ ਮੌਤਾਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਕੈਨੇਡਾ ਜਾਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਉਮੀਦਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਏ ਹਨ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪੈਰ ਨਾ ਲੱਗਣ ਕਰਕੇ ਮਾਨਸਿਕ ਬਿਮਾਰੀਆਂ ਦੀ ਜਕੜ ਵਿੱਚ ਆ ਗਏ ਹਨ। ਕਈਆਂ ਨੇ ਤਾਂ ਅੱਕ ਕੇ ਮੌਤ ਨੂੰ ਗਲੇ ਲਗਾ ਲਿਆ ਹੈ। ਅੰਕੜਿਆਂ ਮੁਤਾਬਿਕ 2018 ਵਿੱਚ ਅੱਠ ਭਾਰਤੀਆਂ ਦੀ ਭੇਦਭਰੀ ਹਾਲਤ ਵਿੱਚ ਮੌਤ ਹੋ ਗਈ ਸੀ। ਪਿਛਲੇ ਸਾਲ ਤਣਾਅ ਕਰਕੇ 23 ਮੌਤਾਂ ਹੋਈਆਂ, ਜਦ ਕਿ ਚਾਲੂ ਸਾਲ ਦੌਰਾਨ ਗਿਣਤੀ 36 ਨੂੰ ਪੁੱਜ ਚੁੱਕੀ ਹੈ। ਕੈਨੇਡਾ ਸਰਕਾਰ ਦੇ ਗ੍ਰਹਿ ਵਿਭਾਗ ਦੇ ਮੁਤਾਬਿਕ ਮਾਨਸਿਕ ਰੋਗ ਦਾ ਸ਼ਿਕਾਰ ਚਾਰ ਤੋਂ ਪੰਜ ਬੱਚਿਆਂ ਨੂੰ ਮੌਤ ਹਰ ਮਹੀਨੇ ਨਿਗਲਣ ਲੱਗੀ ਹੈ। 'ਖ਼ਾਲਸਾ ਏਡ' ਵੱਲੋਂ ਕਰਵਾਏ ਇਕ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ।




ਦਰਅਸਲ ਇਹ ਵੀ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ 'ਚ ਮਾਪਿਆਂ ਨੇ ਆਪਣੇ ਬੱਚੇ ਜ਼ਮੀਨ ਗਹਿਣੇ ਧਰ ਕੇ ਜਾਂ ਸੋਨਾ ਵੇਚ ਕੇ ਕੈਨੇਡਾ ਪੜ੍ਹਨ ਲਈ ਭੇਜੇ ਸਨ। ਪਰ ਉੱਥੋਂ ਦੇ ਨਵੇਂ ਹਾਲਾਤ ਵਿੱਚ ਵਿਦਿਆਰਥੀਆਂ ਵਾਸਤੇ ਮਾਪਿਆਂ ਨੂੰ ਕਰਜ਼ਾ ਉਤਾਰਨ ਲਈ ਪੈਸੇ ਭੇਜਣਾ ਤਾਂ ਵੱਖਰੀ ਗੱਲ ਉਨ੍ਹਾਂ ਦਾ ਆਪਣਾ ਵੀ ਪੂਰੀ ਤਰ੍ਹਾਂ ਢਿੱਡ ਨਹੀਂ ਭਰ ਰਿਹਾ। ਇਨ੍ਹਾਂ ਵਿਚੋਂ ਕਈ ਤਾਂ ਅਜਿਹੇ ਹਨ ਜਿਹੜੇ ਆਪਣੀ ਜ਼ਿੰਦਗੀ ਦਾ ਨਿਰਬਾਹ ਕਰਨ ਤੋਂ ਵੀ ਅਸਮਰਥ ਹਨ। ਫਿਰ ਉਹ ਘਰੋਂ ਹੋਰ ਪੈਸੇ ਮੰਗਵਾ ਨਹੀਂ ਸਕਦੇ, ਜਿਸ ਕਰਕੇ ਇਕੱਲਤਾ ਉਨ੍ਹਾਂ ਨੂੰ ਆਤਮ-ਹੱਤਿਆ ਦੇ ਰਾਹ ਪੈਣ ਲਈ ਮਜਬੂਰ ਕਰ ਦਿੰਦੀ ਹੈ। ਰਿਪੋਰਟ ਵਿੱਚ ਤਾਂ ਪੰਜਾਬ ਦੇ ਕਈ ਵਿਦਿਆਰਥੀਆਂ ਦੇ ਨਾਂਅ ਵੀ ਦਿੱਤੇ ਗਏ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਇਸੇ ਕਰਕੇ ਗਵਾ ਲਈ ਹੈ।

ਕੈਨੇਡਾ ਤੋਂ ਹੋਰ ਵੀ ਚਿੰਤਾਜਨਕ ਰਿਪੋਰਟਾਂ ਸਾਹਮਣੇ ਆਉਣ ਲੱਗੀਆਂ ਹਨ, ਜਿਨ੍ਹਾਂ ਮੁਤਾਬਿਕ ਉੱਥੇ ਵਸਦੇ ਵਿਦਿਆਰਥੀਆਂ ਨੂੰ ਦਿਲ ਦਾ ਦੌਰਾ ਨਿਗਲਣ ਲੱਗਾ ਹੈ। ਪਰ ਉਥੋਂ ਦੇ ਮੀਡੀਆ ਵੱਲੋਂ ਘੋਖ ਨਾਲ ਕੀਤੀ ਪੜਤਾਲ ਤੋਂ ਇਹ ਸਾਹਮਣੇ ਆਇਆ ਹੈ ਕਿ ਨਸ਼ੇ ਦੀ ਵੱਧ ਡੋਜ਼ ਅਤੇ ਮਿਲਾਵਟ ਮੌਤ ਦੀ ਵਜ੍ਹਾ ਬਣਨ ਲੱਗੀ ਹੈ।

ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਬੁਲਾਰੇ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੀ ਉਮਰ 19 ਜਾਂ 20 ਸਾਲ ਹੁੰਦੀ ਹੈ ਅਤੇ ਉਹ ਕੈਨੇਡਾ ਦੀ ਮਾਰ ਨਹੀਂ ਝੱਲ ਸਕਦੇ। ਬੁਲਾਰੇ ਮੁਤਾਬਿਕ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਰਕ ਪਰਮਿਟ ਮਿਲਣ ਵਿੱਚ ਔਕੜਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਹਰ ਸਾਲ ਢਾਈ ਲੱਖ ਭਾਰਤੀ ਵਿਦਿਆਰਥੀ ਕੈਨੇਡਾ ਨੂੰ ਵਿਦਿਆਰਥੀ ਵੀਜ਼ੇ ਉੱਤੇ ਜਾ ਰਹੇ ਹਨ। ਟੋਰਾਂਟੋ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾ: ਐਮ.ਏ. ਗੁਪਤਾ ਦਾ ਮੰਨਣਾ ਹੈ ਕਿ ਘੋਰ ਉਦਾਸੀ ਵਿਚੋਂ ਦੀ ਲੰਘ ਰਹੇ ਵਿਦਿਆਰਥੀ ਨੂੰ ਢੁਕਵਾਂ ਇਲਾਜ ਨਹੀਂ ਮਿਲ ਰਿਹਾ। ਟੋਰਾਂਟੋ ਦੇ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੀ ਇਕ ਭਾਰਤੀ ਨਰਸ ਦਾ ਕਹਿਣਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮਨੋਰੋਗ ਤੋਂ ਪੀੜਤ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਸਰਕਾਰੀ ਤੌਰ 'ਤੇ ਮਿਲੇ ਅੰਕੜਿਆਂ ਮੁਤਾਬਿਕ ਸਾਲ 2018 ਦੌਰਾਨ ਭਾਰਤ ਤੋਂ ਪੰਜ ਲੱਖ 17 ਹਜ਼ਾਰ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਗਏ ਸਨ। ਉਸ ਤੋਂ ਅਗਲੇ ਸਾਲ ਇਹ ਗਿਣਤੀ ਵਧ ਕੇ 5 ਲੱਖ 80 ਹਜ਼ਾਰ ਹੋ ਗਈ ਸੀ, ਜਦ ਕਿ ਲੰਘੇ ਸਾਲ ਸੱਤ ਲੱਖ 51,000 ਵਿਦਿਆਰਥੀ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਗਏ ਸਨ। ਪੰਜਾਬ ਦੇ ਕੈਨੇਡਾ ਵਿੱਚ ਪੜ੍ਹਨ ਗਏ 30 ਹਜ਼ਾਰ ਵਿਦਿਆਰਥੀਆਂ ਦੇ ਸਿਰ ਉੱਤੇ 1800 ਕਰੋੜ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ 1849 ਵਿਦਿਆਰਥੀ ਕਰਜ਼ਾ ਨਹੀਂ ਮੋੜ ਸਕੇ ਹਨ। ਬੈਂਕਾਂ ਨੂੰ ਹੁਣ ਤੱਕ ਉਚੇਰੀ ਸਿੱਖਿਆ ਲਈ ਲਏ ਗਏ ਕਰਜ਼ੇ ਦਾ 5263 ਕਰੋੜ ਰੁਪਿਆ ਵੱਟੇ ਖਾਤੇ ਪਾਉਣਾ ਪਿਆ ਹੈ। ਪਿਛਲੇ ਪੰਜ ਸਾਲਾਂ ਦੌਰਾਨ 39 ਕਰੋੜ ਰੁਪਏ ਤੋਂ ਵੱਧ ਰਕਮ ਕੈਨੇਡਾ ਨੂੰ ਪੜ੍ਹਾਈ ਦੀ ਫੀਸ ਦੇ ਰੂਪ ਵਿੱਚ ਗਈ ਹੈ।

(ਬਾਕੀ ਸਫ਼ਾ 31 'ਤੇ)



# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਮਹਿਲਾਵਾਂ ਨੂੰ ਆਤਮ ਨਿਰਭਰ ਬਣਨ ਦੀ ਲੋੜ

## ਆਪਣੇ ਫ਼ੈਸਲੇ ਆਪ ਲੈਣ ਮਹਿਲਾਵਾਂ



ਅੱਜ ਦੀ ਨਾਰੀ ਭਾਵੇਂ ਦੁਨੀਆਂ ਦੇ ਵੱਖ ਵੱਖ ਖੇਤਰਾਂ ਵਿੱਚ ਬਹੁਤ ਤਰੱਕੀ ਕਰ ਚੁੱਕੀ ਹੈ ਪਰ ਇਹ ਵੀ ਅਸਲੀਅਤ ਹੈ ਕਿ ਵੱਡੀ ਗਿਣਤੀ ਮਹਿਲਾਵਾਂ ਆਪਣੇ ਘਰ ਵਿੱਚ ਵੀ ਆਤਮ ਨਿਰਭਰ ਨਹੀਂ ਹਨ। ਉਹਨਾਂ ਨੂੰ ਸਹੇਲੀ ਦੇ ਘਰ ਕਦੋਂ ਜਾਣਾ ਹੈ, ਰਾਤ ??ਦੇ ਖਾਣੇ ਲਈ ਕੀ ਖਾਣਾ ਬਣਾਉਣਾ ਹੈ, ਕਦੋਂ ਅਤੇ ਕਿੱਥੇ ਕੰਮ ਕਰਨਾ ਹੈ ਅਤੇ ਕਿਸ ਮੁੱਦੇ ’ਤੇ ਆਪਣੀ ਰਾਏ ਦੇਣੀ ਹੈ, ਬਾਰੇ ਵੀ ਆਪਣੇ ਪਰਿਵਾਰ ਨੂੰ ਪੁੱਛਣਾ ਪੈਂਦਾ ਹੈ, ਜਿਸ ਤੋਂ ਪਤਾ ਚੱਲਦਾ ਹੈ ਕਿ ਆਧੁਨਿਕ ਯੁੱਗ ਵਿੱਚ ਵੀ ਮਹਿਲਾਵਾਂ ਦੀ ਸਥਿਤੀ ਕਿਹੋ ਜਿਹੀ ਹੈ।

ਔਰਤਾਂ ਨੂੰ ਬਚਪਨ ਤੋਂ ਹੀ ਬਹੁਤ ਨਾਜ਼ੁਕ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਪਾਲਣ ਪੋਸ਼ਣ ਵੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਕੋਈ ਨਾ ਕੋਈ ਉਨ੍ਹਾਂ ਦੇ ਨਾਲ ਹਮੇਸ਼ਾ ਮੌਜੂਦ ਹੁੰਦਾ ਹੈ। ਚਾਹੇ ਉਹ ਕਿਤੇ ਬਾਹਰ ਜਾਣਾ ਚਾਹੁੰਦੇ ਹਨ ਜਾਂ ਘਰੇਲੂ ਮੁੱਦਿਆਂ ’ਤੇ ਆਪਣੀ ਰਾਏ ਜ਼ਾਹਰ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਹਮੇਸ਼ਾ ਘਰ ਦੇ ਕਿਸੇ ਬਜ਼ੁਰਗ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਉਹ ਹਰ ਚੀਜ਼ ਲਈ ਇਜਾਜ਼ਤ ਲੈਣ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਸਹੀ ਫੈਸਲਾ ਲੈਣ ਤੋਂ ਬਾਅਦ ਵੀ, ਉਨ੍ਹਾਂ ਦਾ ਭਰੋਸਾ ਹਮੇਸ਼ਾ ਡਗਮਗਾ ਜਾਂਦਾ ਹੈ। ਇਹ ਆਦਤ ਉਮਰ ਦੇ ਨਾਲ ਵਧਦੀ ਜਾਂਦੀ ਹੈ ਅਤੇ ਔਰਤਾਂ ਕਦੇ ਵੀ ਬਿਨਾਂ ਝਿਜਕ ਆਪਣੇ ਵਿਚਾਰ ਪ੍ਰਗਟ ਕਰਨ ਦੇ ਯੋਗ ਨਹੀਂ ਹੁੰਦੀਆਂ।

ਆਖ਼ਰਕਾਰ, ਦੂਜਿਆਂ ਤੋਂ ਇਜਾਜ਼ਤ ਲੈਣੀ ਹਮੇਸ਼ਾ ਕਿਉਂ ਜ਼ਰੂਰੀ ਹੁੰਦੀ ਹੈ, ਮਹਿਲਾਵਾਂ ਆਪਣੇ ਫੈਸਲੇ ਖੁਦ ਕਿਉਂ ਨਹੀਂ ਲੈ ਸਕਦੀਆਂ,ਇਸਦੇ ਵੀ ਕਈ ਕਾਰਨ ਹਨ।

ਬਚਪਨ ਵਿੱਚ ਮਾਪੇ ਹਮੇਸ਼ਾ ਉਨ੍ਹਾਂ ਦਾ ਸਾਥ ਦਿੰਦੇ ਹਨ। ਬਚਪਨ ਵਿੱਚ ਇਸ ਤਰ੍ਹਾਂ ਦੀ ਦੇਖਭਾਲ ਅਤੇ ਧਿਆਨ ਰੱਖਣਾ ਚੰਗੀ ਗੱਲ ਹੈ, ਪਰ ਬਾਅਦ ਵਿੱਚ ਵੀ ਕੁੜੀਆਂ ਨੂੰ ਇਕੱਲਿਆਂ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ। ਭਾਵੇਂ ਭਰਾ ਭੈਣ ਨਾਲੋਂ ਪੰਜ ਸਾਲ ਛੋਟਾ ਹੋਵੇ, ਉਸ ਨੂੰ ਉਸ ਦੀ ਦੇਖਭਾਲ ਲਈ ਉਸ ਦੇ ਨਾਲ ਭੇਜਿਆ ਜਾਂਦਾ ਹੈ। ਅਜਿਹਾ ਕਰਨ ਨਾਲ ਉਸ ਦੀ ਇਕੱਲੇ ਬਾਹਰ ਜਾਣ ਦੀ ਸਮਰੱਥਾ ਕਾਫ਼ੀ ਘੱਟ ਜਾਵੇਗੀ। ਇਸ ਤੋਂ ਇਲਾਵਾ ਇਹ ਆਪਣੀ ਤਾਕਤ ’ਤੇ ਫੈਸਲੇ ਲੈਣ ਦੀ ਸਮਰੱਥਾ ਨੂੰ ਵੀ ਘਟਾ ਸਕਦਾ ਹੈ। ਮਾਪਿਆਂ ਦਾ ਖਿਆਲ ਰੱਖਣ ਵਿੱਚ ਕੋਈ ਗਲਤ ਗੱਲ ਨਹੀਂ ਹੈ ਪਰ ਲੋੜ ਤੋਂ ਵੱਧ ਧਿਆਨ ਰੱਖਣ ਨਾਲ ਧੀਆਂ ਦਾ ਆਤਮ-ਵਿਸ਼ਵਾਸ ਘਟ ਸਕਦਾ ਹੈ। ਜੇਕਰ ਤੁਹਾਡੀ ਬੇਟੀ ਘਰ ਦੇ ਬਾਹਰ ਪਾਰਕ ’ਚ ਖੇਡਣ ਜਾ ਰਹੀ ਹੈ ਤਾਂ ਉਸ ਦੇ ਨਾਲ ਜਾਣ ਦੀ ਬਜਾਏ ਦੂਰੋਂ ਹੀ ਉਸ ’ਤੇ ਨਜ਼ਰ ਰੱਖੋ। ਇਸ ਨਾਲ ਉਸ ਨੂੰ ਪਾਬੰਦੀਆਂ ਮਹਿਸੂਸ ਨਹੀਂ ਹੋਣਗੀਆਂ ਅਤੇ ਉਹ ਆਪਣੇ ਆਪ ਦੀ ਦੇਖਭਾਲ ਕਰ ਸਕੇਗੀ, ਜੋ ਉਸ ਦੇ ਭਵਿੱਖ ਲਈ ਮਦਦਗਾਰ ਹੋਵੇਗੀ।



ਜਿਹੜੀਆਂ ਔਰਤਾਂ ਵਿਆਹ ਤੋਂ ਬਾਅਦ ਨੌਕਰੀ ਕਰਨਾ ਚਾਹੁੰਦੀਆਂ ਹਨ, ਉਹ ਅਕਸਰ ਸ਼ਰਮਿੰਦਾ ਜਾਂ ਡਰਦੇ ਆਪਣੇ ਸਹੁਰਿਆਂ ਨੂੰ ਪੁੱਛਦੀਆਂ ਹਨ ਕਿ ਕੀ ਉਹ ਵਿਆਹ ਤੋਂ ਬਾਅਦ ਕੋਈ ਨੌਕਰੀ ਕਰ ਸਕਦੀਆਂ ਹਨ ਜਾਂ ਜੇਕਰ ਉਹ ਕਰਦੀਆਂ ਹਨ ਤਾਂ ਕੀ ਉਹ ਇਸ ਨੂੰ ਜਾਰੀ ਰੱਖ ਸਕਦੀਆਂ ਹਨ ? ਪਰ ਇਹ ਤੁਹਾਡਾ ਨਿੱਜੀ ਮਸਲਾ ਹੈ, ਇਸ ਬਾਰੇ ਕਿਸੇ ਦੀ ਰਾਇ ਜਾਂ ਇਜਾਜ਼ਤ ਦੀ ਲੋੜ ਨਹੀਂ ਹੈ, ਫਿਰ ਵੀ ਤੁਸੀਂ ਕੀ ਕਰਨਾ ਚਾਹੁੰਦੇ ਹੋ, ਇਸ ਬਾਰੇ ਜਾਣਕਾਰੀ ਦੇ ਕੇ ਆਪਣੀ ਰਾਏ ਦੇ ਸਕਦੇ ਹੋ। ਜ਼ਰੂਰੀ ਨਹੀਂ ਕਿ ਦੂਸਰਾ ਵੀ ਤੁਹਾਨੂੰ ਪਸੰਦ ਕਰੇ, ਸਗੋਂ ਤੁਹਾਡੀ ਹੋਂਦ ਹੀ ਤੁਹਾਡੀ ਪਛਾਣ ਹੈ। ਇਹ ਤੁਹਾਡੇ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਇਸਨੂੰ ਕਿਵੇਂ ਬਣਾਉਣਾ ਚਾਹੁੰਦੇ ਹੋ।

ਵਿਆਹ ਤੋਂ ਬਾਅਦ ਔਰਤਾਂ ਹਰ ਕੰਮ ਦੀ ਇਜਾਜ਼ਤ ਲੈਂਦੀਆਂ ਹਨ। ਆਂਢ-ਗੁਆਂਢ ਵਿਚ ਕਿਸੇ ਦੇ ਘਰ ਜਾਣਾ ਹੋਵੇ ਜਾਂ ਆਪਣੀ ਪਸੰਦ ਦੇ ਕੱਪੜੇ ਖਰੀਦਣਾ ਹੋਵੇ ਜਾਂ ਕਿਸੇ ਦੋਸਤ ਨੂੰ ਮਿਲਣਾ ਹੋਵੇ, ਸਵਾਲ ਇਹ ਹੈ, ‘ਕੀ ਮੈਂ ਜਾਵਾਂ ?’ ਜਾਂ ‘ਇਹ ਸਾੜੀ ਜਾਂ ਸੂਟ ਵਧੀਆ ਲੱਗੇਗਾ, ਠੀਕ ? ’

ਇਹ ਛੋਟੇ-ਮੋਟੇ ਕੰਮ ਵੀ ਦੂਜਿਆਂ ਦੀ ਮਦਦ ਨਾਲ ਕਰਨਾ ਤੁਹਾਡੀ ਆਪਣੀ ਤਰਜੀਹ ਨੂੰ ਘਟਾਉਣ ਦਾ ਕਾਰਕ ਬਣ ਜਾਂਦਾ ਹੈ। ਤੁਸੀਂ ਜਾਣਦੇ ਹੋ ਕਿ ਤੁਹਾਨੂੰ ਕੀ ਪਸੰਦ ਹੈ। ਆਗਿਆ ਲੈਣੀ ਗਲਤ ਨਹੀਂ ਹੈ ਪਰ ਹਰ ਛੋਟੀ ਤੋਂ ਛੋਟੀ ਗੱਲ ਮੰਗਣਾ ਵੀ ਠੀਕ ਨਹੀਂ ਹੈ। ਉਦਾਹਰਣ ਵਜੋਂ, ਜਦੋਂ ਔਰਤਾਂ ਆਪਣੇ ਪਰਿਵਾਰ ਨਾਲ ਕਿਸੇ ਰੈਸਟੋਰੈਂਟ ਵਿੱਚ ਜਾਂਦੀਆਂ ਹਨ, ਤਾਂ ਮੇਨੂ ਦੇਖ ਕੇ ਉਹ ਕਹਿੰਦੀਆਂ ਹਨ, ਕੁਝ ਵੀ ਆਰਡਰ ਕਰੋ, ਅਸੀਂ ਸਭ ਖਾਵਾਂਗੇ। ਅਜਿਹਾ ਕਰਨਾ ਜਾਂ ਕਹਿਣਾ ਠੀਕ ਨਹੀਂ ਹੈ, ਹਰ ਵਿਅਕਤੀ ਦੀ ਆਪਣੀ ਚੋਣ ਹੁੰਦੀ ਹੈ ਜਿਸ ਨੂੰ ਪ੍ਰਗਟ ਕਰਨ ਦੀ ਲੋੜ ਹੁੰਦੀ ਹੈ। ਹੌਲੀ-ਹੌਲੀ ਤੁਹਾਡੀਆਂ ਤਰਜੀਹਾਂ ਨੂੰ ਪ੍ਰਗਟ ਕਰਨ ਦੀ ਇਹ ਆਦਤ ਤੁਹਾਡੀ ਸ਼ਖ਼ਸੀਅਤ ਵਿੱਚ ਸ਼ਾਮਲ ਹੋ ਜਾਵੇਗੀ। ਬੱਚਿਆਂ ਦੇ ਮਨ ਨਾਜ਼ੁਕ ਹੁੰਦੇ ਹਨ, ਉਹ ਸਿੱਖਦੇ ਹਨ ਜੋ ਉਹ ਦੇਖਦੇ ਹਨ। ਇਸ ਲਈ, ਉਹ ਤੁਹਾਡੇ ਵਿਹਾਰ ਦਾ ਤਰੀਕਾ ਸਿੱਖਣਗੇ। ਜਦੋਂ ਤੁਸੀਂ ਹਰ ਚੀਜ਼ ਬਾਰੇ ਸਵਾਲ ਪੁੱਛਦੇ ਹੋ ਜਾਂ ਕੋਈ ਕੰਮ ਕਰਨ ਤੋਂ ਡਰਦੇ ਹੋ, ਤਾਂ ਤੁਹਾਡੇ ਆਤਮ ਵਿਸ਼ਵਾਸ ਦੀ ਕਮੀ ਦਿਖਾਈ ਦੇਵੇਗੀ। (ਬਾਕੀ ਸਫ਼ਾ 31 ’ਤੇ)

# ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ



ਜਸਪ੍ਰੀਤ ਕੌਰ ਸੰਘਾ

ਪੰਜਾਬੀ ਸੱਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਆਪਣੇ ਅੰਦਰ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜਾਂ ਨੂੰ ਸਮੋਈ ਬੈਠਾ ਹੈ। ਸਾਡੇ ਸੱਭਿਆਚਾਰ ਵਿੱਚ ਜਨਮ ਤੋਂ ਲੈ ਕੇ ਮਰਨ ਤੱਕ ਦੇ ਸਫ਼ਰ ਨਾਲ ਸਬੰਧਿਤ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜ ਹਨ। ਜ਼ਿੰਦਗੀ ਦੇ ਸਫ਼ਰ ਦਾ ਇੱਕ ਖ਼ੂਬਸੂਰਤ ਪੜਾਅ ਹੈ ਵਿਆਹ। ਪੁਰਾਣੇ ਸਮੇਂ ਵਿੱਚ ਵਿਆਹ ਕਈ ਦਿਨ ਚੱਲਦੇ ਸਨ, ਪਰ ਵਰਤਮਾਨ ਸਮੇਂ ਵਿੱਚ ਵਿਆਹਾਂ ਦਾ ਸਰੂਪ ਬਿਲਕੁਲ ਹੀ ਬਦਲ ਗਿਆ ਹੈ। ਸਾਡੇ ਸਮਾਜ ਵਿੱਚ ਵਿਆਹ ਸਮੇਂ ਅਨੇਕਾਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿਵੇਂ ਆਟੇ ਪਾਣੀ ਪਾਉਣਾ, ਵਟਣਾ ਮਲਣਾ, ਨ੍ਹਾਈ-ਧੋਈ, ਨਾਨਕ ਸ਼ੱਕ, ਜਾਗੋ, ਸਿਹਰਾਬੰਦੀ, ਸੁਰਮਾ ਪਾਉਣਾ, ਰਬਨ ਕਟਵਾਉਣਾ, ਮਿਲਣੀ ਕਰਨੀ, ਆਨੰਦ ਕਾਰਜ ਦੀ ਰਸਮ, ਡੋਲੀ ਤੋਰਨ ਦੀ ਰਸਮ ਅਤੇ ਪਾਣੀ ਵਾਰਨਾ ਆਦਿ। ਇਨ੍ਹਾਂ ਤੋਂ ਇਲਾਵਾ ਅਨੇਕਾਂ ਹੋਰ ਛੋਟੀਆਂ ਛੋਟੀਆਂ ਰਸਮਾਂ ਹਨ ਜੋ ਅਜੋਕੇ ਯੁੱਗ ਵਿੱਚ ਅਲੋਪ ਹੁੰਦੀਆਂ ਜਾ ਰਹੀਆਂ ਹਨ।

ਵਿਆਹ ਦੀਆਂ ਇਨ੍ਹਾਂ ਰਸਮਾਂ ਵਿੱਚੋਂ ਬਹੁਤ ਮਹੱਤਵਪੂਰਨ ਰਸਮ ਹੈ ਡੋਲੀ ਤੋਰਨ ਦੀ। ਜਦੋਂ ਵਿਆਹ ਦੀ ਸਮਾਪਤੀ ਤੋਂ ਬਾਅਦ ਧੀ ਦੀ ਡੋਲੀ ਤੋਰੀ ਜਾਂਦੀ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਕਿੱਡਾ ਵੱਡਾ ਜਿਗਰਾ ਹੁੰਦਾ ਹੈ ਉਸ ਪਿਓ ਦਾ ਜੋ ਆਪਣੇ ਜਿਗਰ ਦਾ ਟੋਟਾ ਦੂਜੇ ਨੂੰ ਸੌਂਪ ਦਿੰਦਾ ਹੈ। ਕਿੰਨਾ ਹੌਸਲਾ ਹੁੰਦਾ ਹੈ ਉਸ ਮਾਂ ਦਾ ਜੋ ਆਪਣੀ ਲਾਡਲੀ ਧੀ ਨੂੰ ਬੇਗਾਨੇ ਹੱਥੀਂ ਸੌਂਪਦੀ ਹੈ, ਪਰ ਜੱਗ ਦੀ ਰੀਤ ਹੈ ਕਿ ਧੀਆਂ ਨੂੰ ਪਰਾਇਆ ਧਨ ਹੀ ਸਮਝਿਆ ਜਾਂਦਾ ਹੈ ਤੇ ਧੀ ਦੇ ਹੱਥ ਪੀਲੇ ਕਰਕੇ ਉਸ ਦੀ ਡੋਲੀ ਤੋਰ ਕੇ ਹੀ ਮਾਪਿਆਂ ਨੂੰ ਚੈਨ ਮਿਲਦਾ ਹੈ:

ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਤੇਰਾ ਆਂਗਨ ਹੋਇਆ ਪ੍ਰਦੇਸ ਵੇ ਬਾਬਲ
ਰੱਖ-ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ ਵੇ ਬਾਬਲ।

ਪੁਰਾਣੇ ਸਮੇਂ ਵਿੱਚ ਵਿਆਹ ਘਰਾਂ ਵਿੱਚ ਕੀਤੇ ਜਾਂਦੇ ਸਨ ਅਤੇ ਧੀ ਦੀ ਡੋਲੀ ਵੀ ਘਰੋਂ ਹੀ ਵਿਦਾ ਕੀਤੀ ਜਾਂਦੀ ਸੀ, ਪਰ ਹੁਣ ਵਿਆਹ ਘਰ ਦੀ ਬਜਾਏ ਮੈਰਿਜ ਪੈਲੇਸਾਂ ਵਿੱਚ ਕੀਤੇ ਜਾਂਦੇ ਹਨ ਅਤੇ ਧੀ ਦੀ ਡੋਲੀ ਵੀ ਆਮ ਤੌਰ ’ਤੇ ਮੈਰਿਜ ਪੈਲੇਸ ਵਿੱਚੋਂ ਹੀ ਵਿਦਾ ਕਰ ਦਿੱਤੀ ਜਾਂਦੀ ਹੈ। ਪਹਿਲਾਂ ਧੀ ਨੂੰ ਡੋਲੀ ਵਿੱਚ ਵਿਦਾ ਕੀਤਾ ਜਾਂਦਾ ਸੀ। ਅੱਜ ਡੋਲੀ ਦੀ ਜਗ੍ਹਾ ਕਾਰਾਂ ਨੇ ਲੈ ਲਈ ਹੈ, ਪਰ ਧੀ ਦੀ ਜੁਦਾਈ ਦੀ ਜੋ ਪੀੜ ਹੈ ਉਹ ਅੱਜ ਵੀ ਉਹੀ ਹੈ ਜੋ ਪਹਿਲਾਂ ਹੁੰਦੀ ਸੀ। ਧੀ ਦੇ ਵਿਛੋੜੇ ਦੇ ਦਰਦ ਨੂੰ ਤਾਂ ਉਹੀ ਮਹਿਸੂਸ ਕਰ ਸਕਦਾ ਹੈ ਜਿਸ ਨੇ ਹੱਥੀਂ ਧੀ ਵਿਦਾ ਕੀਤੀ ਹੋਵੇ:



ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ
ਪਿੱਛੋਂ ਦੇਖ ਦੇਖ ਰੋਵੀਂ ਮੇਰੇ ਗੁੱਡੀਆਂ ਪਟੋਲੇ।

ਧੀ ਦੀ ਡੋਲੀ ਤੋਰਨ ਲਈ ਸ਼ਰੀਕੇ ਦੇ ਸਾਰੇ ਲੋਕ, ਰਿਸ਼ਤੇਦਾਰ, ਸੱਜਣ ਤੇ ਮਿੱਤਰ ਇਕੱਠੇ ਹੁੰਦੇ ਹਨ ਜੋ ਕਿ ਧੀ ਨੂੰ ਪਿਆਰ ਤੇ ਅਸੀਸਾਂ ਅਤੇ ਮਾਪਿਆਂ ਨੂੰ ਦਿਲਾਸਾ ਦਿੰਦੇ ਹਨ। ਡੋਲੀ ਤੁਰਨ ਸਮੇਂ ਸਾਕ- ਸੰਬੰਧੀਆਂ ਵੱਲੋਂ ਨਵ ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦਾ ਹੈ। ਧੀ ਦੀ ਮਾਂ ਜਾਂ ਪਰਿਵਾਰ ਦੀ ਕੋਈ ਹੋਰ ਬਜ਼ੁਰਗ ਔਰਤ ਨਵ ਵਿਆਹੀ ਜੋੜੀ ਨੂੰ ਸ਼ਗਨ ਦਿੰਦੀ ਹੈ ਅਤੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੀ ਹੈ। ਉਸ ਤੋਂ ਬਾਅਦ ਧੀ ਜਾਂਦੇ ਸਮੇਂ ਆਪਣੇ ਬਾਬਲ ਦੇ ਘਰ ਵਿੱਚ ਚੌਲਾਂ ਦਾ ਛਿੱਟਾ ਦਿੰਦੀ ਹੋਈ ਜਾਂਦੀ ਹੈ ਤਾਂ ਕਿ ਉਸ ਦੇ ਬਾਬਲ ਦਾ ਘਰ, ਉਸ ਦੇ ਵੀਰਾਂ ਦਾ ਸੰਸਾਰ ਉਸੇ ਤਰ੍ਹਾਂ ਹਰਿਆ- ਭਰਿਆ ਅਤੇ ਹੱਸਦਾ ਵੱਸਦਾ ਰਹੇ। ਵੀਰ ਵੀ ਡੋਲੀ ਵਾਲੀ ਕਾਰ ਨੂੰ ਧੱਕਾ ਲਾ ਕੇ ਆਪਣੀ ਲਾਡਲੀ ਭੈਣ ਨੂੰ ਵਿਦਾ ਕਰਦੇ ਹਨ। ਡੋਲੀ ਤੁਰਨ ਸਮੇਂ ਧੀ ਰੋ- ਰੋ ਕੇ ਮਾਂ ਅੱਗੇ ਉਸ ਨੂੰ ਇੱਕ ਦਿਨ ਹੋਰ ਰੱਖਣ ਲਈ ਵਾਸਤੇ ਪਾਉਂਦੀ ਹੋਈ ਆਖਦੀ ਹੈ:

ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ
ਰਹਾਂ ਬਾਪ ਦੀ ਮੈਂ ਬਣ ਕੇ ਗੋਲੀ ਨੀਂ ਮਾਂ

ਇਸੇ ਤਰ੍ਹਾਂ ਧੀ ਆਪਣੇ ਬਾਬਲ ਅੱਗੇ ਫਰਿਆਦ ਕਰਦੀ ਹੈ ਕਿ ਉਹ ਉਸ ਨੂੰ ਆਪਣੇ ਘਰ ਵਿੱਚ ਰੱਖ ਲਵੇ, ਪਰ ਬਾਬਲ ਸਮਾਜਿਕ ਬੰਦਸ਼ਾਂ ਅਤੇ ਰੀਤੀ- ਰਿਵਾਜਾਂ ਤੋਂ ਮਜਬੂਰ ਧੀ ਨੂੰ ਆਪਣੇ ਘਰ ਜਾਣ ਲਈ ਆਖਦਾ ਹੈ। ਧੀ ਬਾਬਲ ਨੂੰ ਵਾਸਤਾ ਪਾਉਂਦੀ ਹੈ:

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ
ਬਾਬਲ ਗੁੱਡੀਆਂ ਕੌਣ ਖੇਡੂ
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ।

ਇਸੇ ਤਰ੍ਹਾਂ ਜਦੋਂ ਧੀ ਨੂੰ ਡੋਲੀ ਬਿਠਾਇਆ ਜਾਂਦਾ ਹੈ ਅਤੇ ਧੀ ਰੋਂਦੀ- ਕੁਰਲਾਉਂਦੀ ਹੈ ਤਾਂ ਸਾਕ- ਸਬੰਧੀ ਧੀ ਨੂੰ ਦਿਲਾਸਾ ਦਿੰਦੇ ਹਨ ਅਤੇ ਉਸ ਦੀ ਝੋਲੀ ਅਸੀਸਾਂ ਨਾਲ ਭਰ ਦਿੰਦੇ ਹਨ। ਜਿਵੇਂ ਕਿਹਾ ਜਾਂਦਾ ਹੈ:

ਨਾ ਰੋ ਬੀਬੀ ਗੌਰਜਾਂ
ਕੋਈ ਗੁੱਝੜੇ ਰੋਣੇ ਨਾ ਰੋ
ਮਾਪਿਆਂ ਡੋਲੀ ਪਾ ਦਿੱਤੀ
ਤੂੰ ਤਾਂ ਬੁੱਢ ਸੁਹਾਗਣ ਹੋ

ਇਸੇ ਤਰ੍ਹਾਂ ਕਿਹਾ ਜਾਂਦਾ ਹੈ:

ਲਾਲ ਭੈਣੇ ਤੇਰੇ ਕੱਪੜੇ
ਕਾਲੇ ਤੇਰੇ ਕੇਸ
ਮਾਪਿਆਂ ਨੇ ਡੋਲੇ ਪਾ ਦਿੱਤੀ
ਕੋਈ ਖਾਈ ਆਪਣੇ ਲੇਖ।

ਸਾਡੇ ਸਮਾਜ ਦੀ ਇੱਕ ਧਾਰਨਾ ਹੈ ਕਿ ਸਭ ਤੋਂ ਵੱਡਾ ਦਾਨ ਧੀ ਦਾ ਹੁੰਦਾ ਹੈ ਜਿਸ ਨੇ ਧੀ ਦੇ ਦਿੱਤੀ (ਬਾਕੀ ਸਫ਼ਾ 31 ’ਤੇ)

ਕਹਾਣੀ

ਕੁਲਵੰਤ ਸਿੰਘ ਵਿਰਕ

# ਖੱਬਲ



ਇਹ ਕਹਾਣੀ ਪਾਕਿਸਤਾਨ ਦੀ ਹੈ।

ਪਾਕਿਸਤਾਨ ਬਣੇ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ। ਇਥੇ ਹਰ ਸ਼ੈ ਉਖੜੀ ਉਖੜੀ ਲਗਦੀ ਸੀ। ਥਾਣਿਆਂ, ਚੌਕੀਆਂ ਵਿੱਚ ਸਾਮਾਨ ਦੇ ਢੇਰ ਲੱਗੇ ਹੋਏ ਸਨ। ਟਰੰਕ, ਪਲੰਘ, ਪੰਘੂੜੇ, ਮੇਜ਼, ਸੋਫ਼ਾ ਸੈੱਟ, ਤਸਵੀਰਾਂ ਸਭ ਆਪੋ ਆਪਣੀਆਂ ਥਾਵਾਂ ਤੋਂ ਉਖੜ ਕੇ ਥਾਣੇ ਆ ਗਈਆਂ ਸਨ। ਭਲਾ ਪੰਘੂੜਿਆਂ ਤੇ ਤਸਵੀਰਾਂ ਦਾ ਥਾਣਿਆਂ ਵਿੱਚ ਕੀ ਕੰਮ? ਕਦੀ ਇਹਨਾਂ ਦੀ ਘਰਾਂ ਵਿੱਚ ਕੋਈ ਖ਼ਾਸ ਥਾਂ ਹੋਣੀ ਏਂ। ਉਸ ਵੇਲੇ ਘਰ ਵਾਲਿਆਂ ਦਾ ਖ਼ਿਆਲ ਹੋਣਾ ਏਂ ਕਿ ਜੇ ਇਹ ਉਸ ਥਾਂ ਤੋਂ ਬਿਨਾ ਕਿਸੇ ਹੋਰ ਥਾਂ ਰੱਖੇ ਜਾਣ ਤਾਂ ਬੜੇ ਕੋਝੇ ਲੱਗਣ। ਪਰ ਇਸ ਵੇਲੇ ਇਹ ਇਥੇ ਇਕ ਢੇਰ ਵਿੱਚ ਪਏ ਹੋਏ ਸਨ। ਘਰਾਂ ਦੇ ਭਾਂਡੇ, ਅਲਮਾਰੀਆਂ, ਪੜਛੱਤੀਆਂ ਤੇ ਚੌਂਕਿਆਂ ਵਿਚੋਂ ਨਿਕਲ ਕੇ ਸਰਕਾਰੀ ਦਫ਼ਤਰਾਂ ਦੇ ਸਾਹਮਣੇ ਢੇਰ ਹੋਏ ਪਏ ਸਨ। ਇਨ੍ਹਾਂ ਨੂੰ ਹੁਣ ਕਦੀ ਕਿਸੇ ਮਾਂਜਿਆ ਲਿਸ਼ਕਾਇਆ ਨਹੀਂ ਸੀ, ਗਿਣਿਆ ਨਹੀਂ ਸੀ। ਕਿਸੇ ਇਸਤਰੀ ਮਨੁੱਖ ਦਾ ਹੱਥ ਲੱਗਿਆ ਵੀ ਕਈ ਮਹੀਨੇ ਹੋ ਗਏ ਸਨ।

ਪਾਕਿਸਤਾਨ ਵਿੱਚ ਹਰ ਸ਼ੈ ਉਖੜੀ ਉਖੜੀ ਸੀ। ਕਈਆਂ ਘਰਾਂ ਵਿੱਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੁਠੀਆਂ ਹੋਈਆਂ ਅੱਖਾਂ ਨਾਲ ਉਹ ਦਵਾਲਿਉਂ ਵੇਖਦੇ ਤੇ ਓਪਰੀਆਂ ਥਾਵਾਂ ’ਤੇ ਡਰ ਡਰ ਕੇ ਪੈਰ ਧਰਦੇ। ਇਸ ਉੱਥਲ ਪੁੱਥਲ ਵਿਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ ’ਤੇ ਅਨੇਕਾਂ ਉਖੜੇ ਹੋਏ ਸ਼ਰਨਾਰਥੀ ਰਿੜ੍ਹਦੇ ਫਿਰਦੇ। ਵਾਹਗੇ ਦੇ ਵੱਡੇ ਕੈਂਪ ਤੋਂ ਇਨ੍ਹਾਂ ਨੂੰ ਅਗ੍ਹਾਂ ਠੇਲ੍ਹ ਦਿਤਾ ਜਾਂਦਾ ਤੇ ਫਿਰ ਇਹ ਸ਼ਰਨਾਰਥੀ ਜ਼ਿਲਿਉਂ ਜ਼ਿਲੇ ਤੇ ਪਿੰਡੋ ਪਿੰਡ ਪੈਦਲ ਜਾਂ ਗੱਡਿਆਂ ਵਿਚ ਜ਼ਮੀਨ ਦੀ ਭਾਲ ਵਿਚ ਭੌਣ ਲੱਗ ਪੈਂਦੇ।

ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁਰ ਗਈਆਂ ਸਨ ਤੇ ਯਾਰਾਂ ਦੇ ਯਾਰ। ਮਜ਼ਦੂਰਾਂ ਦੇ ਮਿੱਲ ਮਾਲਿਕ ਚਲੇ ਗਏ ਸਨ ਤੇ ਮਿੱਲ ਵਾਲਿਆਂ ਦੇ ਮਜ਼ਦੂਰ ਤੇ ਇਨ੍ਹਾਂ ਸਾਰਿਆਂ ਦੀ ਥਾਂ ਨਵੇਂ ਲੋਕ ਆ ਗਏ ਸਨ। ਇਹ ਨਵੇਂ ਲੋਕ ਕਿਸ ਤਰ੍ਹਾਂ ਦੇ ਸਨ, ਗੰਦੇ ਜਹੇ, ਬੌਂਤਰੇ ਹੋਏ! ਪੁਰਾਣੇ ਲੋਕਾਂ ਵਿਚ ਘੁਲ ਮਿਲ ਨਹੀਂ ਸਕਦੇ ਸਨ। ਸਲਾਮਾਲੈਕਮ ਆਖ ਕੇ ਕੋਲ ਬੈਠ ਕੇ ਗੱਲਬਾਤ ਨਹੀਂ ਕਰਦੇ ਸਨ ਸਗੋਂ ਬੂਹੇ ਵਿਚ ਖਲੋਕੇ ਝਾਕਦੇ ਰਹਿੰਦੇ। ਜੇ ਕਵਾਓ ਵੀ ਤਾਂ ਵੀ ਨਾ ਕੂੰਦੇ। ਇਨ੍ਹਾਂ ਲੋਕਾਂ ਨੇ ਤੇ ਪਿੰਡਾਂ ਦੀਆਂ ਜੜ੍ਹਾਂ ਹਲਾ ਦਿੱਤੀਆਂ ਸਨ। ਪੁਰਾਣੇ ਵਸਨੀਕਾਂ ਨੂੰ ਵੀ ਆਪਣੇ ਪਿੰਡ ਓਪਰੇ ਓਪਰੇ ਲੱਗਣ ਲੱਗ ਪਏ ਸਨ। ਕਿਉਂਕਿ ਉਹ ਉਸ ਤਰ੍ਹਾਂ ਦੇ ਪਿੰਡ ਨਹੀਂ ਰਹੇ ਸਨ ਜਿਨ੍ਹਾਂ ਵਿਚ ਉਹ ਜੰਮੇ ਪਲੇ ਸਨ। ਉਨ੍ਹਾਂ ਦੀਆਂ ਹਵੇਲੀਆਂ ਕੋਲੋਂ ਲੰਘਦੇ ਨਹਿਰਾਂ ਰਜਵਾਹੇ ਵੀ ਬਗਾਨੇ ਹੋ ਗਏ ਸਨ। ਉਹ ਉਥੋਂ ਹੁਣ ਵੁਜ਼ੂ ਨਹੀਂ ਕਰ ਸਕਦੇ ਸਨ। ਕਈ ਦਿਨ ਇਨ੍ਹਾਂ ਨਹਿਰਾਂ ਦਾ ਪਾਣੀ ਲਾਲ ਆਉਂਦਾ ਰਿਹਾ ਸੀ ਤੇ ਕਈ ਸਾਬਤ ਮੁਰਦੇ ਤੇ ਕਈਆਂ ਦੀਆਂ ਲੱਤਾਂ ਬਾਹਾਂ ਰੁੜ੍ਹਦੀਆਂ ਆਉਂਦੀਆਂ ਰਹੀਆਂ ਸਨ। ਇਸ ਪਾਣੀ ਨਾਲ ਹੁਣ ਵੁਜ਼ੂ ਕਿਸ ਤਰ੍ਹਾਂ ਕੀਤਾ ਜਾ ਸਕਦਾ ਸੀ। ਉਹ ਤੇ ਆਪਣੇ ਅੰਞਾਣਿਆਂ ਨੂੰ ਵੀ ਇਨ੍ਹਾਂ ਵਿਚ ਨਹਾਉਣ ਤੋਂ ਹਟਕ ਦੇਂਦੇ। ਅਸਲ ਵਿਚ ਹਰ ਸ਼ੈ ਉਲਟ ਪੁਲਟ ਹੋਈ ਹੋਈ ਸੀ ਤੇ ਆਪਣੇ ਪੁਰਾਣੀ ਹਾਲਤ ਵੱਲ ਆਉਣ ਦਾ ਚਾਰਾ ਕਰ ਰਹੀ ਸੀ। ਹਰ ਸ਼ੈ ਆਪਣੀ ਆਪਣੀ ਥਾਂ ਨੂੰ ਅੜਾਨ ਦੀ, ਪੈਰ ਜਮਾਨ ਦੀ ਕੋਸ਼ਿਸ਼ ਕਰ ਰਹੀ ਸੀ। ਹਰ ਚੀਜ਼ ਪੁਨਰ ਸਥਾਪਨ ਮੰਗਦੀ ਸੀ।

“ਮੁਲਕ ਤੇ ਤਬਾਹ ਹੋ ਗਿਆ ਏ”, ਇਕ ਗੱਭਰੂ ਜੱਟ ਨੇ ਆਪਣੇ ਆਲੇ ਦੁਆਲੇ ਦੀ ਉਜਾੜ ਵੇਖ ਕੇ ਆਪਣੇ ਬੁੱਢੇ ਪਿਓ ਨੂੰ ਕਿਹਾ।”

“ਹੋ ਤੇ ਹੱਕੀ ਗਿਆ ਏ, ਪਰ ਆਹ ਵੇਖਾਂ ਦੁਨੀਆਂ ਕਿਧਰੇ ਥਾਓਂ ਥਾਈਂ ਬਹਿ ਜਾਂਦੀ ਏ ਤੇ ਸਭ ਖੈਰ ਮਿਹਰ ਹੋ ਜਾਏਗੀ।”

“ਇਹ ਤੇ ਐਵੇਂ ਗੱਲਾਂ ਨੇ, ਬਹਿ ਇਨ੍ਹਾਂ ਵਿਚਾਰਿਆਂ ਕਿਥੇ ਜਾਣਾ ਏ, ਇਹ ਤੇ ਗਰਾਹੀ ਨਹੀਂ ਫੜ ਕੇ ਆਪਣੇ ਮੂੰਹ ਵਿਚ ਪਾਣ ਜੋਗੇ।”

“ਨਹੀਂ ਓਇ ਕਮਲਿਆ! ਐਵੇਂ ਜਾਪਦਾ ਈ ਏ। ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ। ਜਦੋਂ ਵਾਹੀਦੀ ਏ ਕੋਈ ਫ਼ਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ ਪੁੱਟ ਕੇ ਪੈਲੀਓਂ ਬਾਹਰ ਸੁੱਟੀ ਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।”

ਅਸਲ ਵਿਚ ਕਿਧਰੇ ਕਿਧਰੇ ਇਸ ਬੁਢੇ ਦੀ ਗੱਲ ਵਿਚ ਸਚਾਈ ਦਿੱਸ ਰਹੀ ਸੀ। ਜਿਨ੍ਹਾਂ ਲੋਕਾਂ ਨੂੰ ਜ਼ਮੀਨ ਮਿਲ ਜਾਂਦੀ ਉਹ ਕੁਝ ਟਿਕ ਜਹੇ ਜਾਂਦੇ। ਕੱਚੀਆਂ ਅਲਾਟ ਹੋਈਆਂ ਪੈਲੀਆਂ ਉਨ੍ਹਾਂ ਦੀ ਰੂਹ ਨੂੰ ਧਰਵਾਸ ਦਿੰਦੀਆਂ। ਆਪਣੇ ਨਵਿਆਂ ਵਾੜਿਆਂ ਦੇ ਨੇੜੇ ਉਹ ਨਿਕੇ ਨਿਕੇ ਟੋਏ ਪੁਟ ਕੇ ਉਨ੍ਹਾਂ ਵਿਚ ਗੋਹਿਆਂ ਦੀ ਅੱਗ ਧੁਖਾਈ ਰਖਦੇ ਤੇ ਜਦੋਂ ਜੀ ਕਰਦਾ ਹੁੱਕੇ ਤੇ ਰੱਖ ਕੇ ਇਕੱਠੇ ਬੈਠ ਕੇ ਪੀਂਦੇ। ਸਹਿਜੇ ਸਹਿਜੇ ਉਨ੍ਹਾਂ ਦੀਆਂ ਮੱਝੀਂ ਦਾ ਵੀ ਤ੍ਰੌਹ ਲਹਿ ਜਾਂਦਾ। ਵਾੜਿਆਂ ਦੇ ਅੰਦਰ ਉਹ ਵਣਾਂ ਦੀਆਂ ਟਾਹਣੀਆਂ ਨਾਲ ਆਪਣੇ ਸਿੰਙਾਂ ਪਿਛਲੇ ਥਾਂ ਨੂੰ ਖੁਰਕ ਕਰਦੀਆਂ ਤੇ ਕਦੀ ਮੌਜ ਵਿਚ ਆਈਆਂ ਆਪਣੇ ਪਿੰਡੇ ਨੂੰ ਵਾੜੇ ਦੀਆਂ ਕੰਧਾਂ ਨਾਲ ਘਸਰਦੀਆਂ। ਜਦੋਂ ਤਸੀਲਦਾਰ ਜਾਂ ਕੋਈ ਹੋਰ ਅਫ਼ਸਰ ਇਨ੍ਹਾਂ ਲੋਕਾਂ ਦੇ ਨਵੇਂ ਪਿੰਡ ਵਿਚ ਆਉਂਦਾ ਤਾਂ ਉਨ੍ਹਾਂ ਵਿਚੋਂ ਕਈ ਆਪਣੇ ਆਪ ਨੂੰ ਪੈਂਚ ਜ਼ਾਹਰ ਕਰਨ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਸਾਂਝੇ ਦੁਖ ਤਕਲੀਫ਼ਾਂ ਉਹ ਤਸੀਲਦਾਰ ਨੂੰ ਸੁਣਾਉਂਦੇ ਤੇ ਇਸ ਤਰ੍ਹਾਂ ਸਾਰੇ ਲੋਕਾਂ ਦੀ ਪ੍ਰਤੀਨਿਧਤਾ ਕਰ ਕੇ ਪਿੰਡ ਵਿਚ ਆਪਣੀ ਲੀਡਰੀ ਦਾ ਮੁੱਢ ਬੰਨ੍ਹਦੇ। ਸਾਧਾਰਨ ਜਿਹੀਆਂ ਗੱਲਾਂ ਨਾਲ ਜਿਵੇਂ ਲੋਕਾਂ ਨੂੰ ਪਿਛ੍ਹਾਂ ਬਿਠਾ ਕੇ, ‘ਸਿਰਫ਼ ਇਕ ਆਦਮੀ ਬੋਲੇ’ ਕਹਿ ਕੇ, ਅਫ਼ਸਰ ਨੂੰ ਹੁੱਕਾ ਪਾਣੀ ਪੁੱਛ ਕੇ ਉਹ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ। ਇਹ ਗੱਲਾਂ ਦਸਦੀਆਂ ਸਨ ਕਿ ਇਸ ਧੱਕੇ ਨੇ ਵੀ ਉਨ੍ਹਾਂ ਨੂੰ ਅਸਲੋਂ ਠੰਡਾ ਨਹੀਂ ਕੀਤਾ ਸੀ।

ਇਹੋ ਜਿਹੇ ਉੱਜੜ ਰਹੇ, ਵਸ ਰਹੇ, ਪਾਕਿਸਤਾਨ ਵਿਚ ਮੈਂ ਭਾਰਤ ਸਰਕਾਰ ਵਲੋਂ ਲੇਜ਼ਾਨ ਅਫ਼ਸਰ ਮੁਕੱਰਰ ਹੋਇਆ। ਮੇਰਾ ਕੰਮ ਧੱਕੋ ਧੱਕੀ ਉਧਾਲੀਆਂ ਇਸਤਰੀਆਂ ਦੇ ਬਦੋ ਬਦੀ ਮੁਸਲਮਾਨ ਬਣਾਏ ਟੱਬਰਾਂ ਨੂੰ ਛੁਡਾ ਕੇ ਵਾਪਸ ਹਿੰਦੁਸਤਾਨ ਅਪੜਾਣਾ ਸੀ। ਹਿੰਦੁਸਤਾਨ ਫ਼ੌਜ ਦਾ ਇਕ ਦਸਤਾ ਤੇ ਪਾਕਿਸਤਾਨੀ ਸਪੈਸ਼ਲ ਪੁਲੀਸ ਦੇ ਕੁਝ ਸਿਪਾਹੀ ਮੇਰੀ ਸਹਾਇਤਾ ਲਈ ਸਨ।

ਹੋਰ ਗੁੰਮ ਹੋਈਆਂ ਚੀਜ਼ਾਂ ਦੇ ਭਾਲਣ ਵਾਂਗੂੰ ਕੁੜੀਆਂ ਭਾਲਣ ਦਾ ਕੰਮ ਔਖਾ ਵੀ ਸੀ ਤੇ ਸੌਖਾ ਵੀ। ਕਦੀ ਕਦੀ ਤੇ ਕੋਈ ਕੁੜੀ ਥੋੜੀ ਜਿਹੀ ਮਿਹਨਤ ਨਾਲ ਹੀ ਮਿਲ ਜਾਂਦੀ ਤੇ ਕਈ ਵਾਰੀ ਕੋਈ ਕੁੜੀ ਬਹੁਤ ਭਾਲਣ ਤੇ ਵੀ ਹੱਥ ਨਾ ਆਉਂਦੀ। ਪਾਕਿਸਤਾਨ ਪੁਲਿਸ ਵਾਲੇ ਭਾਵੇਂ ਉਹਨਾਂ ਨੂੰ ਮੁੜਾਣ ਵਿਚ – ਉਹ ਇਸ ਨੂੰ ਬਰਾਮਦ ਕਰਨਾ ਆਖਦੇ ਸਨ– ਥੋੜੀ ਬਹੁਤ ਸਹਾਇਤਾ ਕਰ ਦਿੰਦੇ ਪਰ ਆਪ ਪਤਾ ਘਟ ਵੱਧ ਹੀ ਦਿੰਦੇ। ਫਿਰ ਵੀ ਜਦ ਕਦੀ ਉਹ ਦਿਲੋਂ ਹੋ ਕੇ ਨਾਲ ਟੁਰ ਪੈਂਦੇ ਤਾਂ ਕੰਮ ਅਸਲੋਂ ਹੀ ਸੌਖਾ ਹੋ ਜਾਂਦਾ।

ਜਿਸ ਵੇਰ ਦੀ ਇਹ ਗੱਲ ਹੈ ਉਸ ਵੇਰ ਇਲਾਕੇ ਦਾ ਥਾਣੇਦਾਰ ਨਾ ਕੇਵਲ ਮੇਰੇ ਨਾਲ ਹੀ ਤੁਰਿਆ ਸਗੋਂ ਉਧਾਲੀ ਹੋਈ ਔਰਤ ਦਾ ਪਤਾ ਵੀ ਮੈਨੂੰ ਉਸੇ ਨੇ ਹੀ ਦਸਿਆ। ਉਸ ਇਹ ਵੀ ਦਸਿਆ ਕਿ ਔਰਤ ਉਸੇ ਥਾਣੇ ਦੇ ਇਕ ਪਿੰਡ ਦੇ ਨੰਬਰਦਾਰ ਦੀ ਨੂੰਹ ਸੀ। ਜਿਸ ਪਿੰਡ ਅਸਾਂ ਜਾਣਾ ਸੀ ਉਹ ਪਿੰਡ ਪੱਕੀ ਸੜਕ ਤੋਂ ਬੜੀ ਦੂਰ ਸੀ। ਢੇਰ ਚਿਰ ਅਸੀਂ ਕੱਚੀਆਂ ਸੜਕਾਂ ਤੇ ਪੈਹਾਂ ਉਤੇ ਖੱਜਲ ਹੁੰਦੇ ਰਹੇ।

ਜਦ ਅਸੀਂ ਪਿੰਡ ਅਪੜੇ ਤਾਂ ਪਿੰਡ ਦੇ ਚੌਧਰੀ ਥਾਣੇਦਾਰ ਦੇ ਸਵਾਗਤ ਲਈ ਇਕੱਠੇ ਹੋ ਗਏ। ਪਾਕਿਸਤਾਨ ਵਿਚ ਉਸ ਵੇਲੇ ਸਰਕਾਰ ਦਾ ਬੜਾ ਰੁਹਬ ਸੀ। ਥਾਣੇਦਾਰ ਨੇ ਉਸ ਔਰਤ ਦਾ ਪਤਾ ਪੁਛਿਆ ਤਾਂ ਉਹਨਾਂ ਚੌਧਰੀਆਂ ਨੇ ਝਟ ਉਸ ਨੂੰ ਇਕ ਕੋਠਾ ਵਿਖਾ ਦਿਤਾ। ਇਹ ਛੋਟਾ ਜਿਹਾ ਕੋਠਾ ਇਕ ਵੱਡੇ ਸਾਰੇ ਵਲਗਨ ਦੇ ਸਿਰੇ ਉਤੇ ਛੱਤਿਆ ਹੋਇਆ ਸੀ। ਥਾਣੇਦਾਰ ਤੇ ਹੋਰ ਲੋਕ ਬਾਹਰ ਹੀ ਰਹੇ ਤੇ ਮੈਂ ਇਕੱਲਾ ਅੰਦਰ ਚਲਾ ਗਿਆ। ਇਹ ਕੋਈ ਤਿੰਨ ਕੁ ਮੰਜੀਆਂ ਦਾ ਕੱਚਾ ਕੋਠਾ ਸੀ। ਇਕ ਪਾਸੇ ਲੱਕੜ ਦੀ ਇਕ ਪੜਛੱਤੀ ਤੇ ਥੋੜੇ ਜਹੇ ਗਲਾਸ ਕੌਲੀਆਂ ਥਾਲੀਆਂ ਪਈਆਂ ਹੋਈਆਂ ਸਨ। ਕਮਰੇ ਦੀ ਇਕ ਗੁੱਠੇ ਕੁਝ ਬਿਸਤਰੇ ਤੇ ਥੋੜ੍ਹਾ ਬਹੁਤ ਹੋਰ ਸਮਾਨ ਵੀ ਸੀ।

ਉਹ ਤੀਵੀਂ ਮੰਜੀ ’ਤੇ ਪਈ ਹੋਈ ਸੀ। ਕਈਆਂ ਦਿਨਾਂ ਤੋਂ ਉਸ ਨੂੰ ਬੁਖ਼ਾਰ ਹੋ ਰਿਹਾ ਸੀ। ਉਸ ਦੇ ਇਕ ਹੱਥ ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਸ਼ਾਇਦ ਕੋਈ ਉਠਾ ਉਠਿਆ ਹੋਇਆ ਸੀ। ਉਸ ਵੇਲੇ ਉਹ ਡਾਹਡੀ ਨਿਢਾਲ ਜਾਪਦੀ ਸੀ ਤੇ ਅਸਲੋਂ ਹੌਲੀ ਹੌਲੀ ਬੋਲਦੀ ਸੀ। ਮੈਂ ਉਸ ਦੇ ਕੋਲ ਮੰਜੀ ਤੇ ਬੈਠ ਗਿਆ।

“ਕੀ ਗੱਲ ਏ”? ਮੈਂ ਉਸ ਦਾ ਹਾਲ ਚਾਲ ਪੁਛਣ ਲਈ ਸਿੱਧਾ ਜਿਹਾ ਸਵਾਲ ਕੀਤਾ।

“ਤਾਪ ਚੜ੍ਹਦਾ ਏ, ਚੌਥੇ ਪੰਜਵੇਂ ਦਿਨ ਦਾ।”

“ਏਥੇ ਤੇਰੇ ਕੋਲ ਕੋਈ ਜਨਾਨੀ ਨਹੀਂ?”

“ਨਹੀਂ ਨੇੜੇ ਤੇ ਕੋਈ ਨਹੀਂ।”

ਪਹਿਲੇ ਜੋ ਖੋਹੀਆਂ ਹੋਈਆਂ ਕੁੜੀਆਂ ਤੀਵੀਆਂ ਮੈਂ ਵੇਖੀਆਂ ਸਨ, ਉਨ੍ਹਾਂ ਨਾਲੋਂ ਇਸ ਦਾ ਚੌਗਿਰਦਾ ਬਿਲਕੁਲ ਵੱਖਰਾ ਸੀ। ਉਨ੍ਹਾਂ ਦੇ ਦੁਆਲੇ ਬੰਦੇ ਜਨਾਨੀਆਂ ਹੁੰਦੇ ਸਨ। ਉਹ ਕਿਸੇ ਦੀ ਨਜ਼ਰ ਹੇਠ ਕਿਸੇ ਦੀ ਰਾਖੀ ਹੇਠ ਰਹਿੰਦੀਆਂ ਸਨ ਤੇ ਇਸ ਤਰ੍ਹਾਂ ਹੀ ਮੈਨੂੰ ਵਿਖਾਈਆਂ ਜਾਂਦੀਆਂ। ਮੈਨੂੰ ਇਸ ਤਰ੍ਹਾਂ ਪਰਤੀਤ ਹੋਇਆ ਜਿਵੇਂ ਇਸ ਕੋਠੇ ਵਿਚ ਉਹ ਇਕੱਲੀ ਹੀ ਰਹਿੰਦੀ ਸੀ, ਜਿਵੇਂ ਲੋਕਾਂ ਨੇ ਉਸ ਨੂੰ ਆਪਣੇ ਹਾਲ ਤੇ ਹੀ ਛੱਡ ਦਿੱਤਾ ਹੋਇਆ ਸੀ। ਸਗੋਂ ਇਸ ਤੋਂ ਵੀ ਵੱਧ, ਜਿਵੇਂ ਲੋਕਾਂ ਨੇ ਉਸ ਦੀ ਸਹਾਇਤਾ ਕੀਤੀ ਸੀ। ਉਸ ਦੇ ਪਿੰਡ ਤੇ ਘਰ ਵਾਲੇ ਕਿਸ ਤਰ੍ਹਾਂ ਖ਼ਤਮ ਹੋਏ ਇਹ ਮੈਂ ਪਹਿਲਾਂ ਹੀ ਸੁਣ ਬੈਠਾ ਸਾਂ। ਫਿਰ ਦੂਸਰੀ ਵੇਰ ਉਸ ਦੇ ਮੂੰਹੋਂ ਸੁਨਣ ਦਾ ਕੋਈ ਫਾਇਦਾ ਨਹੀਂ ਸੀ। ਮੈਨੂੰ ਵਧੇਰੇ ਦਿਲਚਸਪੀ ਉਸ ਦੀ ਮੌਜੂਦਾ ਹਾਲਤ ਵਿਚ ਸੀ।

“ਇਥੇ ਰਹਿੰਦਿਆਂ ਤੈਨੂੰ ਕਿੰਨਾ ਚਿਰ ਹੋ ਗਿਆ ਏ?”

“ਜਿਸ ਦਿਨ ਦਾ ਪਿੰਡ ਉਜੜਿਆ ਏ ਉਸ ਦਿਨ ਤੋਂ ਇਥੇ ਈ ਆਂ।”

“ਇਹ ਭਾਂਡੇ ਤੇ ਕਪੜੇ ਤੈਨੂੰ ਕਿਸ ਦਿਤੇ ਨੇ?”

“ਤੁਸੀਂ ਤਾਂ ਅਸਲੋਂ ਕਮਲੇ ਓ।”

ਮੈਂ ਸਮਝ ਗਿਆ। ਉਹ ਇਕੱਲੀ ਨਹੀਂ ਰਹਿੰਦੀ ਸੀ ਤੇ ਨਾ ਹੀ ਇਥੇ ਪਿਆ ਸਾਮਾਨ ਉਸ ਦਾ ਆਪਣਾ ਸੀ। ਇਸ ਕੋਠੇ, ਸਾਮਾਨ ਤੇ ਉਸ ਦੇ ਜਿਸਮ ਦਾ ਮਾਲਕ ਕੇਵਲ ਅੱਖੀਂ ਨਹੀਂ ਦਿਸ ਰਿਹਾ ਸੀ।

ਇਹ ਗੱਲ ਇਥੇ ਲਿਖਣ ਲਗਿਆਂ ਤੇ ਮੈਂ ਸਹਿਜੇ ਹੀ ਲਿਖ ਗਿਆ ਹਾਂ ਪਰ ਉਸ ਵੇਲੇ ਇਸ ਗਿਆਨ ਨੇ ਮੇਰੇ ਮਨ ਨੂੰ ਡਾਹਡਾ ਧੱਕਾ ਮਾਰਿਆ। ਪੁਲਿਸ ਤੇ ਲੋਕਾਂ ਦੀ ਸਹਾਇਤਾ ਕਰ ਕੇ ਜੋ ਚੰਗੇ ਖ਼ਿਆਲ ਮੇਰੇ ਮਨ ਵਿਚ ਦੁਨੀਆਂ ਤੇ ਦੁਨੀਆਂ ਦੇ ਲੋਕਾਂ ਬਾਰੇ ਸਾਰਾ ਦਿਨ ਆਉਂਦੇ ਰਹੇ ਸਨ, ਉਹ ਸਾਰੇ ਮੈਥੋਂ ਪੱਲਾ ਛੁਡਾ ਗਏ। ਮੇਰਾ ਮੱਥਾ ਕੌੜੀਆਂ ਅਸਲੀਅਤਾਂ ਨਾਲ ਲੱਗਾ ਹੋਇਆ ਸੀ। ਉਸ ਕੱਚੇ ਕੋਠੇ ਵਿਚ ਖੋਹੀ ਹੋਈ ਕਿਸੇ ਦੀ ਵਹੁਟੀ ਮੇਰੇ ਸਾਹਮਣੇ ਮੰਜੀ ਤੇ ਨਿਢਾਲ ਪਈ ਸੀ। ਮੇਰੀ ਨਜ਼ਰ ਵਿਚ ਇਨਸਾਨ ਉਤੇ ਇਨਸਾਨ ਦੇ ਜ਼ੁਲਮ ਦੀ ਉਹ ਸਭ ਤੋਂ ਘਿਨਾਉਣੀ ਤਸਵੀਰ ਸੀ ਮਧੋਲੀ ਹੋਈ ਖ਼ਵਾਰ ਕੀਤੀ ਹੋਈ, ਉਹ ਉਥੇ ਬੀਮਾਰ ਪਈ ਸੀ। ਉਸ ਦੀ ਜ਼ਾਤ, ਬਰਾਦਰੀ, ਪਿੰਡ, ਧਰਮ ਦਾ ਕੋਈ ਸਾਂਝੀਵਾਲ ਉਥੇ ਨਹੀਂ ਸੀ। ਉਸ ਨੂੰ ਕਦੀ ਕਿਸੇ ਇਹ ਨਹੀਂ ਦਸਿਆ ਸੀ ਕਿ ਉਹ ਵਿਛੜੇ ਹੋਏ ਆਪਣੇ ਸਾਕਾਂ ਅੰਗਾਂ ਨੂੰ ਫਿਰ ਵੀ ਮਿਲ ਸਕਦੀ ਹੈ। ਜੇ ਉਸ ਨੂੰ ਕੋਈ ਦੱਸਦਾ ਵੀ ਤਾਂ ਉਹ ਮੰਨਣੋਂ ਨਾਂਹ ਕਰ ਦਿੰਦੀ। ਆਖ਼ਰ ਇਡੇ ਵੱਡੇ ਤੇ ਤਕੜੇ ਪਾਕਿਸਤਾਨ ਵਿਚੋਂ ਉਸ ਨੂੰ ਕੋਈ ਕਿਸ ਤਰ੍ਹਾਂ ਕੱਢ ਕੇ ਲਿਜਾ ਸਕਦਾ ਸੀ। ਇਸ ਗੱਲ ਤੇ ਵਿਚਾਰ ਕਰਨਾ ਹੀ ਫ਼ਜ਼ੂਲ ਸੀ।

ਉਸ ਨੂੰ ਉਸੇ ਵੇਲੇ ਵਾਪਸ ਲਿਜਾਣ ਦਾ ਕੋਈ ਸਵਾਲ ਨਹੀਂ ਸੀ। ਪੋਹ ਮਾਘ ਦੀ ਸਰਦੀ ਵਿਚ ਉਸ ਨੂੰ ਬੀਮਾਰੀ ਦੀ ਹਾਲਤ ਵਿਚ ਉਥੋਂ ਹਿਲਾਣਾ ਠੀਕ ਨਹੀਂ ਸੀ। ਉਹ ਲੋਕ ਹੁਣ ਉਸ ਨੂੰ ਗੁੰਮ ਨਹੀਂ ਕਰ ਸਕਦੇ ਸਨ ਕਿਉਂਕਿ ਅਸਾਂ ਉਸ ਨੂੰ ਵੇਖ ਲਿਆ ਸੀ ਤੇ ਉਹ ਲੋਕ ਜਾਣਦੇ ਸਨ ਕਿ ਅਸਾਂ ਵੇਖ ਲਿਆ ਹੈ।

“ਚੰਗਾ ਬੀਬੀ ਮੈਂ ਫਿਰ ਕਿਸੇ ਦਿਨ ਆਵਾਂਗਾ।” ਫਿਰ ਆਉਣ ਤੋਂ ਮੇਰਾ ਮਤਲਬ ਉਸ ਨੂੰ ਉਥੋਂ ਵਾਪਸ ਲੈ ਜਾਣ ਤੋਂ ਸੀ ਪਰ ਇਹ ਗੱਲ ਸ਼ਾਇਦ ਉਸ ਦੇ ਸੁਫ਼ਨੇ ਵਿਚ ਵੀ ਸੰਭਵ ਨਹੀਂ ਸੀ।

“ਤੂੰ ਹੁਣ ਚੱਲਿਆ ਏਂ?”

“ਜ਼ਰਾ ਬਹਿ ਜਾ, ਮੇਰੀ ਇਕ ਗੱਲ ਸੁਣ ਜਾ।”

ਮੈਂ ਫਿਰ ਕੋਲ ਪਈ ਮੰਜੀ ਤੇ ਬੈਠ ਗਿਆ।

“ਮੇਰੀ ਤੇਰੇ ਅੱਗੇ ਇਕ ਅਰਜ਼ ਏ ਜੇ ਤੂੰ ਪੂਰੀ ਕਰੇਂ, ਇਕ ਕੰਮ ਏ ਤੇਰੇ ਗੋਚਰਾ।”

“ਕੀ ਕੰਮ?”

“ਤੂੰ ਮੇਰਾ ਸਿੱਖ ਭਰਾ ਏਂ, ਮੈਂ ਵੀ ਕਦੀ ਸਿੱਖ ਹੁੰਦੀ ਸਾਂ। ਹੁਣ ਤੇ ਮੈਂ ਮੁਸਲਮਾਨ ਹੋ ਗਈ ਹੋਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਓਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿਚ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ, ਤੇ ਉਹ ਹੀ ਉਸ ਨੂੰ ਲੈ ਗਏ ਨੀ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਏਥੇ ਮੇਰੇ ਕੋਲ ਲਿਆ ਦੇ। ਸਾਰੇ ਤੇਰਾ ਲਿਹਾਜ਼ ਕਰਦੇ ਨੇ। ਪੁਲਿਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਨ੍ਹਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੀ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਨਣਗੀਆਂ। ਮੈਂ ਕਿਸੇ ਨੂੰ ਆਪਣੇ ਆਖਣ ਵਾਲੀ ਬਣਾਂਗੀ।”

ਉਸ ਬੁੱਢੇ ਜੱਟ ਦੀ ਗੱਲ ਮੇਰੇ ਦਿਮਾਗ ਵਿਚ ਚੱਕਰ ਲਾਣ ਲੱਗ ਪਈ। “ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿਚ, ਜਦੋਂ ਵਾਹੀ ਦੀ ਏ ਕੋਈ ਕਸਰ ਤੇ ਨਹੀਂ ਨਾ ਛੱਡੀ ਦੀ ਉਹਦੇ ਨਾਲ। ਸਾਰਾ ਜੜ੍ਹੋਂ ਪੁੱਟ ਕੇ ਪੈਲੀਉਂ ਬਾਹਰ ਸੁੱਟ ਦੇਈ ਦਾ ਏ। ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਕੋਈ ਤਿੜ ਫੁਟ ਆਉਂਦੀ ਹੈ।”

ਮਿੰਨੀ ਕਹਾਣੀ

ਬਹਾਦਰ ਸਿੰਘ ਗੋਸਲ

## ਪੰਛੀ ਭਲਾਈ ਸਭਾ

ਬੱਚਿਓ! ਇੱਕ ਵਾਰ ਕੌਮੀ ਪੰਛੀ ਮੋਰ ਨੇ ਸਾਰੇ ਪੰਛੀਆਂ ਦੀ ਇੱਕ ਸਭਾ ਬੁਲਾਈ । ਇਸ ਸਭਾ ਵਿੱਚ ਤੋਤਾ, ਕਬੂਤਰ, ਕਾਂ, ਬਗਲਾ, ਬੀਜੜਾ, ਉੱਲੂ, ਚਿੜੀ, ਘੁੱਗੀ, ਪਪੀਹਾ, ਤਿੱਤਰ, ਬਟੇਰਾ, ਇੱਲ ਅਤੇ ਚਮਗਿੱਦੜ ਨੇ ਵਿਸ਼ੇਸ਼ ਤੌਰ ’ਤੇ ਭਾਗ ਲਿਆ । ਮੋਰ ਨੇ ਆਪਣੀ ਗੱਲ ਤੋਰਦੇ ਹੋਏ ਕਿਹਾ, ਅਸੀਂ ਸਭ ਪੰਛੀ ਬੜੇ ਹੀ ਸ਼ਾਂਤ ਸੁਭਾਅ ਅਤੇ ਨਰਮ ਦਿਲ ਵਾਲੇ ਹਾਂ, ਅਸੀਂ ਕਦੇ ਕਿਸੇ ਦਾ ਬੁਰਾ ਨਹੀਂ ਕਰਦੇ ਅਤੇ ਨਾ ਹੀ ਬੁਰਾ ਸੋਚਦੇ ਹਾਂ ਪਰ ਫਿਰ ਵੀ ਅਸੀਂ ਮਨੁੱਖਾਂ, ਬਿੱਲੀਆਂ–ਕੁੱਤਿਆਂ ਅਤੇ ਜੰਗਲੀ ਜੀਵਾਂ ਦਾ ਸ਼ਿਕਾਰ ਬਣ ਜਾਂਦੇ ਹਾਂ । ਇਸ ਲਈ ਸਾਨੂੰ ਸਭ ਨੂੰ ਮਿਲ ਕੇ ਇਕੱਠੇ ਹੋ ਕੇ ਸਵੈ–ਰੱਖਿਆ ਲਈ ਪੰਛੀਆਂ ਦੀ ਸੰਸਥਾ ਬਣਾਉਣੀ ਚਾਹੀਦੀ ਹੈ । ਮੋਰ ਦੀ ਗੱਲ ਸੁਣ ਕੇ ਸਾਰੇ ਪੰਛੀ ਖੁਸ਼ ਹੋਏ ਅਤੇ ਤਾੜੀਆਂ ਮਾਰ ਕੇ ਸੰਸਥਾ ਬਣਾਉਣ ਲਈ ਹਾਮੀ ਭਰੀ ।

ਜਦੋਂ ਸੰਸਥਾ ਬਣਾਉਣ ਦਾ ਫੈਸਲਾ ਹੋ ਹੀ ਗਿਆ ਤਾਂ ਕਬੂਤਰ ਬੋਲਿਆ ਕਿ ਇਸ ਸੰਸਥਾ ਦਾ ਨਾਂਅ ‘ਪੰਛੀ ਭਲਾਈ ਸਭਾ’ ਰੱਖਿਆ ਜਾਵੇ । ਫਿਰ ਸਾਰਿਆਂ ਨੇ ਇਸ ਨਾਂਅ ਦੀ ਪ੍ਰੋੜ੍ਹਤਾ ਕੀਤੀ । ਹੁਣ ਸਭਾ ਵੀ ਬਣ ਗਈ ਅਤੇ ਇਸ ਦਾ ਨਾਂਅ ਵੀ ਤਹਿ ਹੋ ਗਿਆ । ਮੋਰ ਫਿਰ ਬੋਲਿਆ, ਹੁਣ ਸਭਾ ਦਾ ਪ੍ਰਧਾਨ ਚੁਣਿਆ ਜਾਵੇਗਾ ਅਤੇ ਸਾਰਿਆਂ ਨੂੰ ਆਪਣਾ–ਆਪਣਾ ਪੱਖ ਪੇਸ਼ ਕਰਨ ਦੀ ਖੁੱਲ੍ਹ ਹੋਵੇਗੀ । ਸਭ ਤੋਂ ਪਹਿਲਾਂ ਤੋਤੇ ਨੇ ਕਿਹਾ ਕਿ ਉਸ ਦਾ ਰੰਗ ਬੱਚੇ ਬਹੁਤ ਪਸੰਦ ਕਰਦੇ ਹਨ ਅਤੇ ਉਸ ਦੇ ਗਲ ਦੀ ਗਾਨੀ ਪ੍ਰਧਾਨਗੀ ਲਈ ਬਹੁਤ ਉਚਿਤ ਹੈ । ਇਸ ਲਈ ਉਸ ਨੂੰ ਪ੍ਰਧਾਨਗੀ ਦਾ ਮੌਕਾ ਦਿੱਤਾ ਜਾਵੇ । ਤੁਰੰਤ ਬੀਜੜਾ ਬੋਲ ਪਿਆ ਅਤੇ ਕਿਹਾ, ‘ਮੇਰਾ ਬਣਾਇਆ ਆਲ੍ਹਣਾ ਮਨੁੱਖ ਦੀ ਸੋਚਣੀ ਨੂੰ ਵੀ ਮਾਤ ਪਾਉਂਦਾ ਹੈ, ਇਸੇ ਕਰਕੇ ਮਨੁੱਖ ਮੈਨੂੰ ਗੁਰੂ ਵਿਸ਼ਵਕਰਮਾ ਜੀ ਦਾ ਦੂਤ ਸਮਝਦੇ ਹਨ । ਇਸ ਤਰ੍ਹਾਂ ਪ੍ਰਧਾਨਗੀ ’ਤੇ ਮੇਰਾ ਹੱਕ ਬਣਦਾ ਹੈ ।’

ਕਾਂ ਵੀ ਕਾਂ–ਕਾਂ ਕਰਦਾ ਬੋਲ ਉਠਿਆ ਅਤੇ ਕਹਿਣ ਲੱਗਾ, ਮੈਂ ਮਨੁੱਖ ਦੇ ਬਹੁਤ ਨੇੜੇ ਹਾਂ ਅਤੇ ਘਰਾਂ ਵਿੱਚ ਆਮ ਆ–ਜਾ ਸਕਦਾ ਹਾਂ ਅਤੇ ਮੈਨੂੰ ਬਨੇਰੇ ’ਤੇ ਦੇਖ ਮਨੁੱਖ ਕਿਸੇ ਮਹਿਮਾਨ ਦੇ ਆਉਣ ਦਾ ਸੰਦੇਸ਼ ਭਾਲਦੇ ਹਨ । ਮੇਰੀ ਕਾਵਾਂ–ਰੌਲੀ ਤੋਂ ਲੋਕ ਡਰਦੇ ਵੀ ਹਨ । ਇਸ ਲਈ ਪ੍ਰਧਾਨਗੀ ਮੈਨੂੰ ਦਿੱਤੀ ਜਾਵੇ । ਪਰ ਚਿੜੀ ਨੇ ਉਸ ਦੀ ਗੱਲ ਤੁਰੰਤ ਕੱਟ ਦਿੱਤੀ ਅਤੇ ਕਿਹਾ ਕਿ ਮਨੁੱਖਾਂ ਦੇ ਘਰਾਂ ਵਿੱਚ ਤਾਂ ਮੈਂ ਹੀ ਜਾ ਸਕਦੀ ਹਾਂ ਅਤੇ ਮੇਰੇ ਬੱਚਿਆਂ ਨਾਲ ਮਨੁੱਖਾਂ ਦੇ ਬੱਚੇ ਬੜੇ ਪਿਆਰ ਨਾਲ ਖੇਡਦੇ ਹਨ । ਕਬੂਤਰ ਨੇ ਚਿੜੀ ਨੂੰ ਟੋਕਦੇ ਹੋਏ ਕਿਹਾ, ਵੱਡੀਆਂ ਉੱਚੀਆਂ ਹਵੇਲੀਆਂ ਵਿੱਚ ਤਾਂ ਮੇਰੇ ਹੀ ਘਰ ਬਣਾਏ ਹੋਏ ਹਨ ਅਤੇ ਮਨੁੱਖ ਮੈਨੂੰ ਹੀ ਆਪਣੇ ਮਿੱਤਰਾਂ–ਸਬੰਧੀਆਂ ਨੂੰ ਸੁਨੇਹੇ ਭੇਜਣ ਲਈ ਵਰਤਦਾ ਰਿਹਾ ਹੈ । ਇਸ ਲਈ ਮੈਂ ਵੀ ਪ੍ਰਧਾਨਗੀ ਦਾ ਸਹੀ ਹੱਕਦਾਰ ਹਾਂ । ਕਬੂਤਰ ਤੋਂ ਬਾਅਦ ਬਗਲਾ ਬੋਲਣ ਲੱਗਿਆ, ਮੇਰੇ ਦੁੱਧ ਚਿੱਟੇ ਕੱਪੜੇ ਪਹਿਲਾਂ ਹੀ ਕਿਸੇ ਲੀਡਰ ਦਾ ਅਹਿਸਾਸ ਕਰਾਉਂਦੇ ਹਨ । ਇਸੇ ਕਾਰਨ ਹੀ ਲੀਡਰਾਂ ਦੀ ਤਰ੍ਹਾਂ ਮੇਰਾ ਮਨ ਖੋਟਾ ਹੈ ਅਤੇ ਮੈਂ ਡੱਡਾਂ ਨੂੰ ਧੋਖਾ ਦੇਣ ਵਿੱਚ ਮਾਹਰ ਹਾਂ । ਇਸ ਲਈ ਪ੍ਰਧਾਨਗੀ ਲਈ ਮੇਰਾ ਨਾਂਅ ਜ਼ਰੂਰ ਵਿਚਾਰਿਆ ਜਾਵੇ । ਬਗਲੇ ਦੀ ਗੱਲ ਸੁਣ ਕੇ ਕਈ ਪੰਛੀ ਸੋਚਣ ਲੱਗੇ ਕਿ ਇਸ ਵਿਚ ਲੀਡਰਾਂ ਵਾਲੇ ਗੁਣ ਤਾਂ ਜ਼ਰੂਰ ਹਨ । ਥੋੜ੍ਹੀ ਚੁੱਪ ਤੋਂ ਬਾਅਦ ਤਿੱਤਰ ਨੇ ਆਪਣੇ ਚਿਤਕਾਰੇ ਰੰਗਾਂ ਕਾਰਨ ਆਪਣੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਆਪਣੇ ਲਈ ਸਹਿਮਤੀ ਹਾਸਲ ਕਰਨ ਦਾ ਯਤਨ ਕੀਤਾ ਪਰ ਬਟੇਰਾ ਬੋਲ ਉਠਿਆ, ਤਿੱਤਰ ਨਾਲੋਂ ਤਾਂ ਮੈਂ ਬਥੇਰਾ ਚੁਸਤ ਅਤੇ ਚਲਾਕ ਹਾਂ,

(ਬਾਕੀ ਸਫ਼ਾ 31 ’ਤੇ)




## ਕਦੀ ਜੰਗਲਾਂ ਦੇ ਅੰਦਰ
### ਸੁਰਜੀਤ ਪਾਤਰ



ਸੁਰਜੀਤ ਪਾਤਰ
ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ

ਤਪਦਾ ਏ ਤਪਿਆ ਸੂਰਜ,
ਸਾਗਰ ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ

ਡਿਗਿਆ ਪਹਾੜਾਂ ਉੱਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਜ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ

ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿੱਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ

ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ

ਜੋ ਸਹਿ ਲਿਆ ਏ ਸਦੀਆਂ,
ਇਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇਕ ਹਾਦਸਾ ਕਹੇਗਾ

ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਯੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ

ਅਟਕੇ ਨੇ ਰੂਪ ਸਾਰੇ,
ਇਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਸੁਲਗਦੇ ਸੂਰਜਾਂ ਕੋਲੋਂ ਮੈਂ ਬਚ ਕੇ ਨਿਕਲ ਜਾਵਾਂਗੀ
### ਸੁਖਵਿੰਦਰ ਅੰਮ੍ਰਿਤ

ਸੁਲਗਦੇ ਸੂਰਜਾਂ ਕੋਲੋਂ ਮੈਂ ਬਚ ਕੇ ਨਿਕਲ ਜਾਵਾਂਗੀ
ਨਹੀਂ ਮੈਂ ਬਰਫ਼ ਦੀ ਟੁਕੜੀ ਕਿ ਪਲ ਵਿੱਚ ਪਿਘਲ ਜਾਵਾਂਗੀ

ਮੈਂ ਗੁਜ਼ਰਾਂਗੀ ਤੁਫ਼ਾਨੀ ਪੌਣ ਬਣ ਕੇ ਰਾਤ ਅੱਧੀ ਨੂੰ
ਤੇ ਸੁੱਤੇ ਵਣ ਦੀ ਨੀਂਦਰ ਵਿੱਚ ਮੈਂ ਪਾ ਕੇ ਖ਼ਲਲ ਜਾਵਾਂਗੀ

ਤੂੰ ਮੇਰਾ ਫ਼ਿਕਰ ਨਾ ਕਰ, ਜਾਹ ਤੂੰ ਮੈਨੂੰ ਛੱਡ ਕੇ ਤੁਰ ਜਾ
ਮੈਂ ਕੁਝ ਦਿਨ ਡਗਮਗਾਵਾਂਗੀ ਤੇ ਇਕ ਦਿਨ ਸੰਭਲ ਜਾਵਾਂਗੀ

ਕਿਸੇ ਵੀ ਮੋੜ ਤੇ ਮੈਨੂੰ ਕਦੇ ਤੂੰ ਪਰਖ ਕੇ ਵੇਖੀਂ
ਮੈਂ ਕੋਈ ਰੁਤ ਨਹੀਂ ਜੋ ਵਕਤ ਪਾ ਕੇ ਬਦਲ ਜਾਵਾਂਗੀ

ਮੈਂ ਡਿੱਗਾਂਗੀ ਨਦੀ ਬਣ ਕੇ ਸਮੁੰਦਰ ਦੇ ਕਲਾਵੇ ਵਿੱਚ
ਖ਼ੁਦਾ-ਨਾ-ਖ਼ਾਸਤਾ ਜੇ ਪਰਬਤਾਂ ਤੋਂ ਫਿਸਲ ਜਾਵਾਂਗੀ

## ਫੁੱਲਾਂ ਵਾਲੇ ਬੂਟੇ
### ਕਮਲਜੀਤ ਨੀਲੋਂ



ਮੇਰੇ ਪਾਪਾ ਕਿੰਨੇ ਸਾਰੇ ਗਮਲੇ ਲਿਆਏ।
ਫੁੱਲਾਂ ਵਾਲੇ ਬੂਟੇ, ਅਸੀਂ ਉਨ੍ਹਾਂ 'ਚ ਲਗਾਏ।
ਹਰ ਰੋਜ਼ ਉਨ੍ਹਾਂ ਵਿੱਚ, ਪਾਣੀ ਰਿਹਾ ਪਾਉਂਦਾ,
ਪਾਣੀ ਪਾ ਕੇ ਉਨ੍ਹਾਂ ਦੀ, ਪਿਆਸ ਨੂੰ ਬੁਝਾਉਂਦਾ।
ਡੋਡੀਆਂ ਨਿਕਲੀਆਂ ਤਾਂ, ਚਾਅ ਸੀ ਚੜ੍ਹਾਇਆ,
ਖੁਸ਼ੀ ਦਾ ਨਾ ਮੇਰੇ ਤੋਂ, ਅੰਦਾਜ਼ਾ ਜਾਵੇ ਲਾਇਆ।
ਫੁੱਲ ਜਦੋਂ ਨਿਕਲੇ ਤਾਂ, ਹੋ ਗਈ ਕਮਾਲ,
ਮੈਂ ਵੀ ਖਿੜ ਗਿਆ, ਫੇਰ ਉਨ੍ਹਾਂ ਫੁੱਲਾਂ ਨਾਲ।
ਮਿਹਨਤ ਜੇ ਕਰੀਏ, ਤਾਂ ਰੰਗ ਇਹ ਲਿਆਵੇ,
ਡੋਡੀਆਂ ਖਿੜਾ ਕੇ, ਫੇਰ ਫੁੱਲ ਇਹ ਬਣਾਵੇ।
ਨਿੱਕੀ ਜਿਹੀ ਕਹਾਣੀ, ਸਾਨੂੰ ਬੜਾ ਕੁਝ ਕਹਿੰਦੀ,
ਬੁੱਝੋ ਬੁੱਝੋ 'ਨੀਲੋਂ' ਜੋ, ਸੁਨੇਹਾ ਸਾਨੂੰ ਦਿੰਦੀ।

## ਮੀਹਾਂ ਦੀ ਭਿੱਜੀ ਰਾਤ ਵੇ !
### ਅੰਮ੍ਰਿਤਾ ਪ੍ਰੀਤਮ



ਧੁੱਪਾਂ ਦੇ ਲੂਸੇ ਦਿਨਾਂ ਨੂੰ ਲੱਗੀ
ਮੀਹਾਂ ਦੀ ਭਿੱਜੀ ਰਾਤ ਵੇ !

ਸ਼ਾਹ ਹਨੇਰਿਆਂ ਅੱਗੇ ਹੋ ਗਏ
ਪਹੁ ਫੁਟਾਲੇ ਮਾਤ ਵੇ !

ਹੋਸ਼ ਗੁਆਚੇ ਹੋਏ ਨਾ ਲੱਭਣ
ਤੇ ਸੌਣ ਵਲ੍ਹੇਟਿਆਂ ਅੰਗਾਂ ਨੂੰ
ਅੱਜ ਜਾਗਣ ਦੀ ਨਾ ਗਿਆਤ ਵੇ !

ਉੱਚੇ ਅਰਸ਼ਾਂ ਦੇ ਕੰਨ ਤਰਸਣ
ਨੀਵੀਂ ਜਹੀ ਧਰਤੀ ਦੀ ਕੋਈ
ਸੁਣਨ ਲਈ ਅੱਜ ਬਾਤ ਵੇ !

ਚੰਦ੍ਰ ਲੋਕ ਵਿੱਚ ਜਹੇ ਬੇਹੋਸ਼ੇ
ਸੂਰਜ ਲੋਕ ਦੀ ਜਾਕੇ ਚੰਨਾ !
ਕੌਣ ਪੁਛੇ ਹੁਣ ਵਾਤ ਵੇ !

ਅਸੀ ਨਾਂ ਦੇਵ ਲੋਕ ਦੇ ਯਾਚਕ
ਅਸੀ ਤਾਂ ਰਜ ਰਜ ਕੇ ਵਰੋਸਾਏ
ਮਾਤ ਲੋਕ ਦੀ ਵਾਤ ਵੇ !
ਮੀਹਾਂ ਦੀ ਭਿੱਜੀ ਰਾਤ ਵੇ !

## ਗਾਜ਼ਾ ਦੇ ਨਾਮ
### ਬਲਵਿੰਦਰ ਪਾਲ ਸਿੰਘ



ਇਥੇ ਏਨਾ ਅੰਧਕਾਰ ਹੈ
ਕਿ ਤੇਰੇ ਬੋਲ ਗੁੰਮ ਹੋ ਜਾਣਗੇ
ਅਤੇ ਜੇਕਰ ਚੀਕਨ ਦੀ ਕੋਸ਼ਿਸ਼ ਕੀਤੀ
ਤਾਂ ਇਕ ਹੀ ਹੁਕਮ 'ਤੇ
ਮਸੂਮ ਬੰਬਾਂ ਨਾਲ ਉਡਾ ਦਿਤੇ
ਜਾਣਗੇ
ਤੇਰਾ
ਨਜ਼ਮ ਦਾ ਹਰ ਸ਼ਬਦ
ਲਹੂਲੁਹਾਨ ਹੈ ਇਥੇ
ਤੇ ਉਸਦੀ ਆਖਰੀ ਪੰਗਤੀ ਦੀ ਤਰ੍ਹਾਂ
ਤੜਫਦੀ ਹੋਈ ਮਨੁਖਤਾ
ਪਾਤਸ਼ਾਹ ਕੋਲੋਂ ਰਹਿਮ ਮੰਗ ਰਹੀ ਹੈ

## ਡੁਬਦਾ ਸੂਰਜ, ਟੁੱਟਦੇ ਤਾਰੇ
### ਪ੍ਰਿੰਸੀਪਲ ਅਵਤਾਰ ਸਿੰਘ ਸਿੱਧੂ

ਡੁਬਦਾ ਸੂਰਜ, ਟੁੱਟਦੇ ਤਾਰੇ, ਸਾਨੂੰ ਨਾ ਦਿਖਲਾਇਆ ਕਰ।
ਆਇਆ ਕਰ ਤੂੰ ਦਿਲ ਵਿੱਚ ਸਾਡੇ, ਏਦਾਂ ਨਾ ਪਰ ਆਇਆ ਕਰ।

ਹਿਜਰ ਤੇਰੇ ਦੀ ਧੁੱਪੇ ਸੜਦੇ, ਸ਼ਾਮ ਉਮਰ ਦੀ ਹੋ ਗਈ ਹੈ,
ਕਰ ਸਕਦੈਂ ਤਾਂ ਮੂੰਹ ਤੇ ਸਾਡੇ,ਆਪਣੀ ਜੁਲਫ ਦਾ ਸਾਇਆ ਕਰ।

ਅੱਗ ਹੈਂ ਜੇ ਤਾਂ ਸਾੜ ਸੁਆਹ ਕਰ, ਅੱਗ ਦਾ ਧਰਮ ਨਿਭਾ ਦੇ ਤੂੰ,
ਪਾਣੀ ਹੈਂ ਤਾਂ, ਤ੍ਰਿਹਾਏ ਨੂੰ, ਹੋਰ ਨਾ ਤੂੰ ਤ੍ਰਿਹਾਇਆ ਕਰ।

ਲੱਖ ਵਾਰੀ ਮੈਂ ਆਖ ਰਿਹਾ ਹਾਂ, ਸਾਨੂੰ ਸਾਡੇ ਹਾਲ ਤੇ ਛੱਡ,
ਸਿਰ ਫਿਰਿਆਂ ਨੂੰ ਐਵੇਂ ਦੁਨੀਆਦਾਰੀ ਨਾ ਸਮਝਾਇਆ ਕਰ।

ਚੰਨ ਜਹੇ ਮੂੰਹ ਤੇ ਚੁੰਨੀ ਲੈ ਕੇ, ਮੱਸਿਆ ਵਰਗੀ ਰਾਤ ਜਹੀ,
ਮੂਸਾ ਵਰਗੇ ਕਮਜ਼ਰਫਾਂ ਨੂੰ, ਜਲਵਾ ਨਾ ਦਿਖਲਾਇਆ ਕਰ।

ਬੇਆਬਾਦ ਵਰਮੀਆਂ ਵਿੱਚ, ਸ਼ੂਕਣ ਲਗ ਪੈਂਦੇ ਹਨ ਨਾਗ,
ਰਾਹੇ ਰਾਹੇ ਲੰਘ ਜਾਇਆ ਕਰ, ਤੂੰ ਵੰਗਾਂ ਲਾ ਛਣਕਾਇਆ ਕਰ।

ਦਿਲ ਤੇਰੇ ਤੇ ਨਕਸ਼ ਹੈ ਜੇ, ਫਿਰ ਕਿਉਂ ਭਲਾ ਨਮਾਇਸ਼ ਇਹ,
ਆਪਣੀ ਗੋਰੀ ਬਾਂਹ ਤੇ ਸਾਡਾ ਨਾਂ ਨਾ ਤੂੰ ਲਿਖਵਾਇਆ ਕਰ।

## ਡੁਬ ਕੇ ਜੋ ਤਾਰੂ ਸਮੁੰਦਰ ਵਿਚ
### ਪ੍ਰਿੰਸੀਪਲ ਤਖ਼ਤ ਸਿੰਘ



ਡੁਬ ਕੇ ਜੋ ਤਾਰੂ ਸਮੁੰਦਰ ਵਿੱਚ ਕਿਤੇ ਰਹਿ ਜਾਣਗੇ।
ਪਾਣੀਆਂ ਉੱਤੇ ਉਨ੍ਹਾਂ ਦੇ ਨਾਂ ਲਿਖੇ ਰਹਿ ਜਾਣਗੇ।

ਪੰਛੀਆਂ ਉੱਪਰ ਤਾਂ ਲਾ ਦਿੱਤੇ ਤੂੰ ਪਹਿਰੇ, ਪਰ ਜੋ ਗੀਤ,
ਚੜ੍ਹ ਗਏ ਪੌਣਾਂ ਦੇ ਮੂੰਹ, ਕੀ ਅਣਸੁਣੇ ਰਹਿ ਜਾਣਗੇ।

ਆਪਣੀ ਧੁਨ ਵਿੱਚ ਮਸਤ ਚੁੱਕਣਗੇ ਸਿਰਾਂ ਤੇ ਟੀਸੀਆਂ,
ਸੰਸਿਆਂ ਮਾਰੇ ਗੁਫ਼ਾਵਾਂ ਵਿੱਚ ਤੜੇ ਰਹਿ ਜਾਣਗੇ।

ਪਲ ਕੁ ਪੱਥਰ ਵਾਂਗ ਇਉਂ ਵੱਜਾਂਗਾ ਆਪਣੇ ਆਪ ਨੂੰ,
ਫੁੱਲ ਅਚੰਭੇ ਵਿੱਚ ਜੁਗਾਂ ਤੀਕਰ ਪਏ ਰਹਿ ਜਾਣਗੇ।

ਆਸ ਸੀ ਤੈਨੂੰ ਨ ਮੈਂ ਹੀ ਸੀ ਕਦੇ ਇਹ ਸੋਚਿਆ,
ਫਾਸਿਲੇ ਸਾਡੇ ਵਿਚਾਲੇ ਵੀ ਅੜੇ ਰਹਿ ਜਾਣਗੇ।

ਵਾਗ ਛੱਡ ਦਿੱਤੀ ਗਈ ਢਿੱਲੀ ਜਦੋਂ ਤੂਫ਼ਾਨ ਦੀ,
ਵੇਖੀਏ ਦੀਵੇ ਕਿਵੇਂ ਬੁਝਣੋਂ ਬਚੇ ਰਹਿ ਜਾਣਗੇ।

ਇੱਕ ਅਗੰਮੀ 'ਵਾਜ਼ ਖਿੱਚ ਏਨੀ ਮਨਾਂ ਨੂੰ ਪਾਏਗੀ,
ਪੰਛੀਆਂ ਨੂੰ ਬਿਰਛ ਉਡਣੋਂ ਰੋਕਦੇ ਰਹਿ ਜਾਣਗੇ।

ਮੇਰੇ ਸੁਪਨੇ ਹੂਬਹੂ ਪਾਣੀ ਦੇ ਸ਼ੀਸ਼ੇ ਵਾਂਗ ਸਨ,
ਟੁਕੜੇ ਟੁਕੜੇ ਹੋਣਗੇ ਫਿਰ ਵੀ ਜੁੜੇ ਰਹਿ ਜਾਣਗੇ।

ਸਾਡੇ ਸਿਰ, ਤੇ ਕਰਨ ਜੋ ਮੌਜਾਂ ਸਿਰੋਂ ਛੰਡੋ ਪਰ੍ਹਾਂ,
ਆਪੇ ਮਜਬੂਰਨ ਹਵਾ ਵਿੱਚ ਚੀਥ ?ਦੇ ਰਹਿ ਜਾਣਗੇ।

ਮਨਚਲੇ ਪੁੱਜ ਜਾਣਗੇ,ਆਕਾਸ਼ ਗੰਗਾ ਤੋਂ ਵੀ ਪਾਰ,
ਸੋਚਦੇ ਰਹਿਣੈ ਜਿੰਨ੍ਹਾਂ ਨੇ ਸੋਚਦੇ ਰਹਿ ਜਾਣਗੇ।

## ਪੰਜ-ਆਬ
### ਗੁਰਸਿਮਰਨ ਦਿਲਗੀਰ

ਨਾ ਹੁਣ ਪੰਜ-ਆਬ ਰਹੇ,
ਨਾ ਹੁਣ ਆਬਾਂ ਦਾ ਮਿੱਠਾ ਪਾਣੀ ਹੈ!

ਨਾ ਉਹ ਜੁੱਸੇ ਜਿਗਰੇ ਵਿਖਣ,
ਨਾ ਉਹ ਮਿਰਜ਼ੇ ਸਾਹਿਬਾਂ ਲੱਭਣ,
ਨਾ ਬਣਦੀ ਮਿਸਾਲ ਹੁਣ ਕੋਈ ਵੀ ਪ੍ਰੇਮ ਕਹਾਣੀ ਹੈ!

ਕਦੇ ਖੜ ਗਏ ਸੀ ਹਿੱਕਾਂ ਡਾਹ ਅਬਦਾਲੀ ਮੂਹਰੇ,
ਨਾ ਹੁਣ ਖੌਲੇ ਲਹੂ ਤੇਰਾ,
ਚਿੱਟੇ ਨੇ ਲਈ ਖਾ ਜਵਾਨੀ ਹੈ!

ਆਰੇ, ਰੰਬੀਆਂ, ਖੰਡੇ ਹੱਸਣ,
ਅਖੇ ਹੱਕ ਸਚ ਲਈ ਭੁੱਲੇ ਤੇਗ ਕਿਵੇਂ ਵਾਹੁਣੀ ਹੈ!

ਇਹ ਤਾਂ ਬਸ ਹੁਣ ਮੈਨੂੰ ਮੱਥੇ ਟੇਕਣ
ਤੇਰੇ ਪੁੱਤਾਂ ਭੁੱਲੀ ਕਿਵੇਂ ਦਈ ਦੀ ਕੁਰਬਾਨੀ ਹੈ!

ਬਸ ਇੰਨੀ ਕੁ ਮੇਰੇ ਅਜ ਦੇ ਪੰਜ - ਆਬ ਦੀ ਕਹਾਣੀ ਹੈ!
ਨਾ ਹੁਣ ਪੰਜ - ਆਬ ਰਹੇ,
ਨਾ ਹੁਣ ਆਬਾਂ ਦਾ ਮਿੱਠਾ ਪਾਣੀ ਹੈ!

## ਇਹ ਨਾ ਸੋਚੀਂ ਮੈ ਵੰਗਾਂ ਜੋਗੀ
### ਸਰਬਜੀਤ ਕੌਰ ਹਾਜੀਪੁਰ

ਇਹ ਨਾ ਸੋਚੀਂ ਮੈ ਵੰਗਾਂ ਜੋਗੀ
ਸੁਰਖੀ ਬਿੰਦੀ ਦੇ ਰੰਗਾਂ ਜੋਗੀ
ਸਿੱਧਰੀ ਜਾ ਫਟਕਾਰ ਨਹੀ ਹਾਂ
ਮੈ ਆਪੇ ਤੋਂ ਬਾਹਰ ਨਹੀ ਹਾਂ
ਪੈਰ ਦੀ ਜੁੱਤੀ ਸਮਝ ਨਾ ਮੈਨੂੰ
ਝਾਂਜਰ ਦੀ ਛਣਕਾਰ ਨਹੀ ਹਾਂ
ਜ਼ੁਲਮ ਨਾ ਕਰਦੀ ਨਾਹੀ ਸਹਿੰਦੀ
ਮੈ ਦੁਰਕਾਰੀ ਨਾਰ ਨਹੀ ਹਾਂ

ਸ਼ਰਮ ਹਯਾ ਤੇ ਭੋਲਾ ਚਿਹਰਾ
ਉਂਝ ਸ਼ਮਸ਼ੀਰ ਦੀ ਧਾਰ ਜਿਹੀ ਹਾਂ
ਕੋਇਲ ਵਾਂਗਰ ਮਿੱਠੀ ਬੋਲੀ
ਸ਼ੇਰਨੀ ਦੀ ਦਹਾੜ ਜਿਹੀ ਹਾਂ
ਲੋੜ ਪੈਣ ਤੇ ਚੰਡੀ ਬਣ ਜਾ
ਉਂਝ ਮੈਂ ਠੰਢੀ ਠਾਰ ਜਿਹੀ ਹਾਂ
ਔਰਤ ਹਾਂ ਮੈਂ ਜਗ ਦੀ ਜਨਨੀ
ਚੀਜ ਕੋਈ ਬੇਕਾਰ ਨਹੀਂ ਹਾਂ!!

# ਕਿਵੇਂ ਮਿਲਦੈ ਫ਼ਿਲਮਾਂ ਨੂੰ ਸੈਂਸਰ ਬੋਰਡ ਤੋਂ ਸਰਟੀਫਿਕੇਟ ?

सत्यमेव जयते

केन्द्रीय फ़िल्म प्रमाणन बोर्ड
CENTRAL BOARD OF FILM CERTIFICATION




ਭਾਰਤ ਵਿੱਚ ਹਰ ਸਾਲ ਹਜ਼ਾਰਾਂ ਛੋਟੀਆਂ-ਵੱਡੀਆਂ ਫ਼ਿਲਮਾਂ ਬਣਦੀਆਂ ਹਨ। ਕਈ ਨਿਰਮਾਤਾ ਫ਼ਿਲਮ ਬਣਾਉਣ ਵਿੱਚ ਆਪਣੀ ਸਾਰੀ ਮਿਹਨਤ, ਊਰਜਾ ਅਤੇ ਪੈਸਾ ਲਗਾ ਦਿੰਦੇ ਹਨ, ਪਰ ਉਨ੍ਹਾਂ ਦੀ ਫ਼ਿਲਮ ਸੈਂਸਰ ਬੋਰਡ ਤੋਂ ਸਰਟੀਫਿਕੇਟ ਮਿਲਣ ਤੋਂ ਬਾਅਦ ਹੀ ਥੀਏਟਰ ਜਾਂ ਟੀਵੀ ਰਾਹੀਂ ਦਰਸ਼ਕਾਂ ਤੱਕ ਪਹੁੰਚਦੀ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਫਿਲਮ ਨਿਰਮਾਤਾ ਦੀ ਸਾਰੀ ਮਿਹਨਤ ਸਿਰਫ਼ ਇੱਕ ਸੰਸਥਾ ਦੇ ਹੱਥਾਂ ਵਿੱਚ ਹੁੰਦੀ ਹੈ। ਹਾਲਾਂਕਿ, ਸੈਂਸਰਿੰਗ ਵੀ ਜ਼ਰੂਰੀ ਹੈ, ਕਿਉਂਕਿ ਜਿੱਥੇ ਭਾਰਤ ਦਾ ਸੰਵਿਧਾਨ ਤੁਹਾਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ, ਉੱਥੇ ਇਹ ਪ੍ਰਗਟਾਵੇ 'ਤੇ ਵਾਜਬ ਪਾਬੰਦੀਆਂ ਦੀ ਗੱਲ ਵੀ ਕਰਦਾ ਹੈ।

ਸੈਂਸਰ ਬੋਰਡ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿ ਫ਼ਿਲਮਾਂ ਰਾਹੀਂ ਅਜਿਹਾ ਕੋਈ ਸੰਦੇਸ਼ ਲੋਕਾਂ ਤੱਕ ਨਾ ਪਹੁੰਚੇ, ਜਿਸ ਨਾਲ ਦੇਸ਼ ਦੀ ਸ਼ਾਂਤੀ ਭੰਗ ਹੋਵੇ। ਮੁੰਬਈ ਵਿੱਚ ਵਾਈਟ ਹਾਊਸ ਨਾਂ ਦੀ ਇਮਾਰਤ ਵਿੱਚ ਸਾਲਾਂ ਤੋਂ ਬਣਿਆ ਸੈਂਸਰ ਬੋਰਡ ਦਾ ਦਫ਼ਤਰ ਇੱਕ ਆਮ ਸਰਕਾਰੀ ਦਫ਼ਤਰ ਵਰਗਾ ਲੱਗਦਾ ਹੈ ਪਰ ਇਹ ਉਹ ਥਾਂ ਹੈ ਜਿੱਥੇ ਵੱਡੇ-ਵੱਡੇ ਕਲਾਕਾਰ ਵੀ ਆਪਣੀਆਂ ਫ਼ਿਲਮਾਂ ਲਈ ਸਰਟੀਫਿਕੇਟ ਲੈਣ ਆਉਂਦੇ ਹਨ। ਭਾਰਤ ਵਿੱਚ ਫਿਲਮਾਂ ਨੂੰ 4 ਤਰ੍ਹਾਂ ਦੇ ਸਰਟੀਫਿਕੇਟ ਦਿੱਤੇ ਜਾਂਦੇ ਹਨ। 'ਯੂ' ਦਾ ਮਤਲਬ ਹੈ ਕਿ ਹਰ ਕੋਈ ਅਜਿਹੀਆਂ ਫ਼ਿਲਮਾਂ ਦੇਖ ਸਕਦਾ ਹੈ। ਜਦੋਂ ਕਿ 'ਏ' ਸ਼੍ਰੇਣੀ ਦੀਆਂ ਫ਼ਿਲਮਾਂ ਸਿਰਫ਼ ਬਾਲਗਾਂ ਲਈ ਹਨ। ਜਦੋਂ ਕਿ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ 'ਯੂ/ਏ' ਫਿਲਮਾਂ ਦੇਖਣ ਲਈ ਮਾਪਿਆਂ ਦੇ ਨਾਲ ਹੋਣਾ ਚਾਹੀਦਾ ਹੈ। ਜਦੋਂ ਕਿ 'ਐਸ' ਸ਼੍ਰੇਣੀ




ਦੀਆਂ ਫ਼ਿਲਮਾਂ ਨੂੰ ਕੁਝ ਸ਼੍ਰੇਣੀਆਂ ਦੇ ਲੋਕਾਂ ਨੂੰ ਦਿਖਾਉਣ ਦੀ ਇਜਾਜ਼ਤ ਨਹੀਂ ਹੈ।

ਇਸ ਦਫ਼ਤਰ ਵਿੱਚ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਏਜੰਟਾਂ ਦੀ ਭੀੜ ਲੱਗੀ ਰਹਿੰਦੀ ਹੈ। ਕਿਸੇ ਵੀ ਫਿਲਮ ਨਿਰਮਾਤਾ ਨੂੰ ਆਪਣੀ ਫਿਲਮ ਦੇ ਸਰਟੀਫਿਕੇਟ ਲਈ ਏਜੰਟ ਰਾਹੀਂ ਸੈਂਸਰ ਬੋਰਡ ਨੂੰ ਅਰਜ਼ੀ ਦੇਣੀ ਪੈਂਦੀ ਹੈ।

ਕਿਸੇ ਵੀ ਫ਼ਿਲਮ ਨਿਰਮਾਤਾ ਲਈ, ਜੋ ਫ਼ਿਲਮ ਸਰਟੀਫਿਕੇਟ ਲਈ ਅਰਜ਼ੀ ਦਿੰਦਾ ਹੈ, ਏਜੰਟ ਉਸਨੂੰ ਸਾਰੇ ਦਸਤਾਵੇਜ਼, ਫ਼ਿਲਮ ਦੀ ਸੀਡੀ ਜਾਂ ਡੀਵੀਡੀ ਅਤੇ ਹੋਰ ਚੀਜ਼ਾਂ ਸੈਂਸਰ ਬੋਰਡ ਦੇ ਦਫਤਰ ਨੂੰ ਸੌਂਪਣ ਲਈ ਕਹਿੰਦਾ ਹੈ ਅਤੇ ਉਹ ਸਾਰੀ ਪ੍ਰਕਿਰਿਆ ਦੌਰਾਨ ਉਸਦੇ ਨਾਲ ਹੁੰਦਾ ਹੈ।

ਜ਼ਾਹਿਰ ਹੈ ਕਿ ਏਜੰਟ ਇਸ ਕੰਮ ਲਈ ਪੈਸੇ ਵੀ ਲੈਂਦਾ ਹੈ ਅਤੇ ਇਹ ਰਕਮ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਫ਼ਿਲਮ ਕਿੰਨੀ ਲੰਬੀ ਹੈ। ਏਜੰਟ ਇੱਕ ਲਘੂ ਫ਼ਿਲਮ ਲਈ 5,000 ਤੋਂ 10,000 ਰੁਪਏ ਵਸੂਲਦਾ ਹੈ।

ਉਸ ਤੋਂ ਬਾਅਦ, ਫਿਲਮ ਨੂੰ 2 ਤੋਂ 4 ਲੋਕਾਂ ਦੁਆਰਾ ਬਹੁਤ ਨੇੜਿਓਂ ਦੇਖਿਆ ਜਾਂਦਾ ਹੈ (ਜੇ ਇਹ ਇੱਕ ਛੋਟੀ ਫਿਲਮ ਹੈ ਤਾਂ ਦੋ ਲੋਕ, ਜੇਕਰ ਇਹ ਇੱਕ ਵਿਸ਼ੇਸ਼ਤਾ ਦੀ ਲੰਬਾਈ ਜਾਂ ਲੰਬੀ ਫਿਲਮ ਹੈ ਤਾਂ 4 ਲੋਕ)। ਇਹਨਾਂ ਲੋਕਾਂ ਨੂੰ 'ਸਮੀਖਿਅਕ' ਕਿਹਾ ਜਾਂਦਾ ਹੈ।

ਇਹ ਚਾਰੇ ਲੋਕ ਸੈਂਸਰ ਬੋਰਡ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖ ਕੇ ਫ਼ਿਲਮ ਦੀ ਸਮੀਖਿਆ ਕਰਦੇ ਹਨ। ਉਦਾਹਰਨ ਲਈ, ਜੇਕਰ ਕਿਸੇ ਵੀ ਸ਼ਾਟ ਵਿੱਚ ਸਿਗਰਟਨੋਸ਼ੀ ਹੁੰਦੀ ਹੈ ਤਾਂ ਨਿਰਮਾਤਾ ਨੂੰ ਸਿਗਰਟ ਪੀਣ ਦੇ ਨੁਕਸਾਨ ਨਾਲ ਸਬੰਧਤ 'ਸਾਵਧਾਨੀ ਪਲੇਟ' ਲਗਾਉਣੀ ਪੈਂਦੀ ਹੈ।

ਜੇਕਰ ਫਿਲਮ ਵਿੱਚ ਕਿਤੇ ਵੀ ਜਾਨਵਰ ਦਿਖਾਏ ਗਏ ਹਨ ਤਾਂ ਫਿਲਮ ਨਿਰਮਾਤਾ ਨੂੰ ਚੇਨਈ ਸਥਿਤ ਐਨੀਮਲ ਬੋਰਡ ਤੋਂ 'ਨੋ ਇਬਜੈਕਸ਼ਨ ਸਰਟੀਫਿਕੇਟ' ਲੈਣਾ ਪੈਂਦਾ ਹੈ ਅਤੇ ਫਿਲਮ ਦੇ ਸ਼ੁਰੂ ਵਿੱਚ ਇੱਕ ਟਾਈਟਲ ਪਲੇਟ ਲਗਾਉਣੀ ਪੈਂਦੀ ਹੈ, ਜਿਸ ਉੱਤੇ ਲਿਖਿਆ ਹੁੰਦਾ ਹੈ ਕਿ ਇਸ ਫ਼ਿਲਮ ਦੌਰਾਨ ਕਿਸੇ ਵੀ ਜਾਨਵਰ ਨੂੰ ਨੁਕਸਾਨ ਨਹੀਂ ਪਹੁੰਚਿਆ।

ਇਸ ਤੋਂ ਇਲਾਵਾ ਅਕਸਰ ਜਿਨ੍ਹਾਂ ਸ਼ਾਟ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਹੈ, ਉਹ ਹਟਾਉਣ ਲਈ ਕਹਿੰਦੇ ਹਨ ਜਾਂ ਜਿੱਥੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਉਨ੍ਹਾਂ ਨੂੰ ਮਿਊਟ ਕਰਨ ਲਈ ਕਹਿੰਦੇ ਹਨ।

ਹਰੇਕ ਸਮੀਖਿਅਕ ਨੂੰ ਇੱਕ ਲਿਖਤੀ ਰਿਪੋਰਟ ਤਿਆਰ ਕਰਨੀ ਹੁੰਦੀ ਹੈ, ਜਿਸ ਵਿੱਚ ਫ਼ਿਲਮ ਬਾਰੇ ਉਸ ਦੀਆਂ ਕੀ ਸਿਫ਼ਾਰਸ਼ਾਂ ਹਨ। ਜਿਵੇਂ ਕਿ ਫਿਲਮ ਵਿੱਚ ਕੀ ਹਟਾਉਣਾ ਹੈ, ਕਿੱਥੇ ਮਿਊਟ ਕੀਤਾ ਜਾਣਾ ਹੈ, ਡਾਇਲਾਗ ਕਿਵੇਂ ਹਨ ਅਤੇ ਹੋਰ ਗੱਲਾਂ। ਜਾਂਚ ਕਮੇਟੀ ਇਹ ਵੀ ਤੈਅ ਕਰਦੀ ਹੈ ਕਿ ਫਿਲਮ ਨੂੰ ਕਿਸ ਸ਼੍ਰੇਣੀ ਦਾ ਸਰਟੀਫਿਕੇਟ ਦਿੱਤਾ ਜਾਣਾ ਚਾਹੀਦਾ ਹੈ।

ਇਹ ਸਾਰੀਆਂ ਰਿਪੋਰਟਾਂ ਚੇਅਰਮੈਨ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਫਿਰ ਚੇਅਰਮੈਨ ਫਿਲਮ ਸਰਟੀਫਿਕੇਟ ਜਾਰੀ ਕਰਦਾ ਹੈ। ਚੇਅਰਮੈਨ ਫਿਲਮ ਦੇ ਪੁਨਰ-ਮੁਲਾਂਕਣ ਲਈ ਫਿਲਮ ਨਿਰਮਾਤਾ ਦੀ ਬੇਨਤੀ 'ਤੇ ਇੱਕ ਸੋਧ ਕਮੇਟੀ ਵੀ ਬਣਾ ਸਕਦਾ ਹੈ।

ਇਸ ਤੋਂ ਇਲਾਵਾ ਜੇਕਰ ਫਿਲਮ 'ਚ ਡਬਿੰਗ ਕੀਤੀ ਗਈ ਹੈ ਤਾਂ ਉਸ ਲਈ ਵੀ ਡਬ ਸਰਟੀਫਿਕੇਟ ਦੀ ਲੋੜ ਹੁੰਦੀ ਹੈ ਅਤੇ ਜੇਕਰ ਫਿਲਮ 'ਚ ਕੁਝ ਬਦਲਾਅ ਕੀਤੇ ਗਏ ਹਨ ਤਾਂ ਉਸ ਦੀ ਪੁਸ਼ਟੀ ਫਿਲਮ ਸਰਟੀਫਿਕੇਟ ਦੇ ਪਿੱਛੇ ਲਗਾਈ ਜਾਂਦੀ ਹੈ।

ਸਰਟੀਫਿਕੇਟ 'ਤੇ ਇੱਕ ਤਿਕੋਣਾ ਨਿਸ਼ਾਨ ਬਣਾਇਆ ਜਾਂਦਾ ਹੈ ਜਿਸ 'ਤੇ ਕਟੌਤੀ ਕੀਤੀ ਜਾਂਦੀ ਹੈ। ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਾਅਦ, (ਬਾਕੀ ਸਫ਼ਾ 31 'ਤੇ)

# ਰੰਗੀਨ ਫ਼ਿਲਮੀ ਦੁਨੀਆਂ ਦਾ ਹਨੇਰਾ ਪੱਖ




## ਕਿਉਂ ਨਹੀਂ ਬਣਦੀਆਂ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ

### ਬੱਚਿਆਂ ਅਤੇ ਨੌਜਵਾਨਾਂ ਨੂੰ ਗੁੰਮਰਾਹ ਕਰਦੀਆਂ ਨੇ ਅਨੇਕਾਂ ਫ਼ਿਲਮਾਂ ਤੇ ਟੀ. ਵੀ. ਸੀਰੀਅਲ

ਭਾਰਤ ਦੀ ਫ਼ਿਲਮ ਸਨਅਤ ਨੂੰ ਚਕਾਚੌਂਧ ਭਰੀ ਰੰਗੀਨ ਦੁਨੀਆਂ ਕਿਹਾ ਜਾਂਦਾ ਹੈ, ਜਿਸਦਾ ਹਨੇਰਾ ਪੱਖ ਵੀ ਮੌਜੂਦ ਹੈ। ਭਾਰਤ ਵਿੱਚ ਹਰ ਸਾਲ ਵੱਡੀ ਗਿਣਤੀ ਵਿੱਚ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ, ਜਿਹਨਾਂ ਵਿਚੋਂ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ਦੀ ਘਾਟ ਹੁੰਦੀ ਹੈ। ਜ਼ਿਆਦਾਤਰ ਫ਼ਿਲਮਾਂ ਅਤੇ ਟੀ. ਵੀ ਸੀਰੀਅਲਾਂ ਨੂੰ ਵੇਖ ਕੇ ਬੱਚਿਆਂ ਅਤੇ ਨੌਜਵਾਨਾਂ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਅਕਸਰ ਫ਼ਿਲਮਾਂ ਅਤੇ ਟੀ ਵੀ ਸੀਰੀਅਲ ਬੱਚਿਆਂ ਅਤੇ ਨੌਜਵਾਨਾਂ ਨੂੰ ਗੁੰਮਰਾਹ ਕਰ ਦਿੰਦੇ ਹਨ।

ਦਰਸ਼ਕਾਂ ਨੂੰ ਯਾਦ ਹੋਵੇਗਾ ਜਦੋਂ ਬੌਬੀ ਫ਼ਿਲਮ ਬਣੀ ਸੀ ਤਾਂ ਇਸ ਫ਼ਿਲਮ ਨੂੰ ਵੇਖ ਕੇ ਬਹੁਤ ਸਾਰੇ ਨੌਜਵਾਨ ਮੁੰਡੇ ਕੁੜੀਆਂ ਘਰੋਂ ਭੱਜ ਗਏ ਸਨ। ਰਾਜ ਕਪੂਰ ਨੇ ਇਸ ਤੋਂ ਪਹਿਲਾਂ ਮੇਰਾ ਨਾਮ ਜੋਕਰ ਫ਼ਿਲਮ ਬਣਾਈ ਸੀ, ਜੋ ਕਿ ਦਰਸ਼ਕਾਂ ਨੇ ਪਸੰਦ ਨਹੀਂ ਸੀ ਕੀਤੀ। ਜਿਸ ਕਰਕੇ ਰਾਜ ਕਪੂਰ ਨੇ ਕਿਹਾ ਸੀ ਕਿ ਹੁਣ ਉਹ ਅਜਿਹੀ ਫ਼ਿਲਮ ਬਣਾਏਗਾ ਜੋ ਕਿ ਦਰਸ਼ਕਾਂ ਨੂੰ ਪਸੰਦ ਆਵੇਗੀ। ਜਿਸ ਕਰਕੇ ਉਸ ਨੇ ਬੌਬੀ ਫ਼ਿਲਮ ਬਣਾਈ। ਇਹ ਫ਼ਿਲਮ ਹਿੱਟ ਰਹੀ ਪਰ ਇਸ ਫ਼ਿਲਮਾ ਦਾ ਕਾਲਾ ਪੱਖ ਇਹ ਰਿਹਾ ਕਿ ਇਸ ਫ਼ਿਲਮ ਵਿੱਚ ਜੋ ਵਿਖਾਇਆ ਗਿਆ, ਭਾਰਤ ਦੇ ਅਨੇਕਾਂ ਨੌਜਵਾਨ ਮੁੰਡੇ ਕੁੜੀਆਂ ਨੇ ਉਸੇ ਤਰ੍ਹਾਂ ਕਰਨ ਦਾ ਯਤਨ ਕੀਤਾ। ਭਾਵ ਉਹ ਵੀ ਫ਼ਿਲਮ ਦੇ ਹੀਰੋ ਤੇ ਹੀਰੋਈਨ ਵਾਂਗ ਘਰੋਂ ਭੱਜ ਗਏ। ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਈ ਫ਼ਿਲਮਾਂ ਬਣੀਆਂ, ਜਿਹਨਾਂ ਨੂੰ ਵੇਖ ਕੇ ਨੌਜਵਾਨ ਮੁੰਡੇ ਕੁੜੀਆਂ ਗੁੰਮਰਾਹ ਹੋ ਗਏ।

ਅੱਜ ਕੱਲ੍ਹ ਤਾਂ ਅਜਿਹੀਆਂ ਫ਼ਿਲਮਾਂ ਵੀ ਬਣ ਰਹੀਆਂ ਹਨ, ਜਿਹਨਾਂ ਵਿੱਚ ਨੰਗੇਜ ਦਾ ਬੋਲਬਾਲਾ ਹੁੰਦਾ ਹੈ। ਅਜਿਹੇ ਨੰਗੇਜ਼ ਭਰੇ ਦ੍ਰਿਸ਼ਾਂ ਕਾਰਨ ਵੀ ਨੌਜਵਾਨ ਗੁੰਮਰਾਹ ਹੁੰਦੇ ਹਨ। ਇਸ ਤੋਂ ਇਲਾਵਾ ਕਈ ਫ਼ਿਲਮਾਂ ਵਿੱਚ ਡਾਕੇ ਮਾਰਨ ਅਤੇ ਗਲਤ ਕੰਮ ਕਰਨ ਦੇ ਦ੍ਰਿਸ਼ ਅਜਿਹੇ ਦਿਖਾਏ ਜਾਂਦੇ ਹਨ ਕਿ ਅਕਸਰ ਨੌਜਵਾਨ ਇਹਨਾਂ ਫ਼ਿਲਮਾਂ ਨੂੰ ਵੇਖ ਕੇ ਖੁਦ ਅਜਿਹੇ ਕੰਮ ਕਰਨ ਦੀ ਸੋਚਣ ਲੱਗਦੇ ਹਨ, ਜਿਸ ਕਾਰਨ ਅਜਿਹੀਆਂ ਫ਼ਿਲਮਾਂ ਨਾਲ ਨੌਜਵਾਨ ਗੁੰਮਰਾਹ ਹੋਣ ਲੱਗਦੇ ਹਨ।










ਇਸ ਤੋਂ ਇਲਾਵਾ ਬਹੁਤ ਸਾਰੀਆਂ ਫ਼ਿਲਮਾਂ ਵਿੱਚ ਅੰਧਵਿਸ਼ਵਾਸ ਅਤੇ ਪੁਨਰ ਜਨਮ ਦੀਆਂ ਕਹਾਣੀਆਂ ਦਿਖਾਈਆਂ ਜਾਂਦੀਆਂ ਹਨ। ਜਿਸ ਕਾਰਨ ਵੀ ਲੋਕਾਂ ਵਿੱਚ ਵਹਿਮ ਭਰਮ ਫੈਲਦੇ ਹਨ ਅਤੇ ਲੋਕ ਅੰਧ ਵਿਸ਼ਵਾਸੀ ਬਣਨ ਲੱਗਦੇ ਹਨ। ਟੀ ਵੀ ਸੀਰੀਅਲਾਂ ਵਿੱਚ ਵੀ ਅਜਿਹੇ ਦ੍ਰਿਸ਼ ਅਕਸਰ ਹੀ ਦਿਖਾਏ ਜਾਂਦੇ ਹਨ ਜਿਸ ਕਾਰਨ ਮਹਿਲਾਵਾਂ 'ਤੇ ਗਲਤ ਪ੍ਰਭਾਵ ਪੈਂਦਾ ਹੈ।

ਪਿਛਲੇ ਸਮੇਂ ਦੌਰਾਨ ਤਾਂ ਅਜਿਹੀਆਂ ਫ਼ਿਲਮਾਂ ਵੀ ਬਣਾਈਆਂ ਗਈਆਂ, ਜਿਹਨਾਂ ਕਾਰਨ ਦੰਗੇ ਹੋ ਗਏ ਸਨ। ਇਸ ਤੋਂ ਇਲਾਵਾ ਕਈ ਫ਼ਿਲਮਾਂ ਕਾਰਨ ਵੱਖ ਵੱਖ ਰਾਜਾਂ ਵਿੱਚ ਹਿੰਸਾ ਭੜਕ ਗਈ ਸੀ। ਅਸਲ ਵਿੱਚ ਕੁਝ ਨਿਰਮਾਤਾ ਅਜਿਹੀਆਂ ਫ਼ਿਲਮਾਂ ਜਾਣ ਬੁੱਝ ਕੇ ਬਣਾਉਂਦੇ ਹਨ ਤਾਂ ਕਿ ਉਹ ਅਜਿਹੇ ਭੜਕਾਊ ਵਿਸ਼ਿਆਂ ਰਾਹੀਂ ਫ਼ਿਲਮਾਂ ਨੂੰ ਹਿੱਟ




ਕਰਵਾ ਸਕਣ ਅਤੇ ਮੋਟੀ ਕਮਾਈ ਕਰ ਸਕਣ। ਆਪਣੇ ਯਤਨਾਂ ਵਿੱਚ ਅਕਸਰ ਇਹ ਨਿਰਮਾਤਾ ਸਫ਼ਲ ਵੀ ਹੋ ਜਾਂਦੇ ਹਨ। ਅਜਿਹੀਆਂ ਫ਼ਿਲਮਾਂ ਬਣਾਉਣ ਲਈ ਇਹਨਾਂ ਕੋਲ ਪੈਸਾ ਕਿਥੋਂ ਆਉਂਦਾ ਹੈ ਇਹ ਵੀ ਸੋਚਣ ਵਾਲੀ ਗੱਲ ਹੁੰਦੀ ਹੈ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਭਾਰਤ ਵਿੱਚ ਕਦੇ ਕਦੇ ਚੰਗੀਆਂ ਫ਼ਿਲਮਾਂ ਵੀ ਬਣਾਈਆਂ ਜਾਂਦੀਆਂ ਹਨ, ਜਿਹਨਾਂ ਵਿੱਚ ਸਮਾਜ ਨੂੰ ਸੇਧ ਦੇਣ ਦਾ ਯਤਨ ਕੀਤਾ ਜਾਂਦਾ ਹੈ ਪਰ ਅਜਿਹੀਆਂ ਫ਼ਿਲਮਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਅਜਿਹੀਆਂ ਫ਼ਿਲਮਾਂ ਦਰਸ਼ਕਾਂ ਵੱਲੋਂ ਘੱਟ ਪਸੰਦ ਕੀਤੀਆਂ ਜਾਂਦੀਆਂ ਹਨ, ਜਿਸ ਕਾਰਨ ਅਜਿਹੀਆਂ ਫ਼ਿਲਮਾਂ ਬਣਾਉਣ ਵਾਲੇ ਲੋਕ ਨਿਰਾਸ਼ ਹੋ ਜਾਂਦੇ ਹਨ ਅਤੇ ਅਜਿਹੀਆਂ ਫ਼ਿਲਮਾਂ ਮੁੜ ਬਣਾਉਣ ਤੋਂ ਇਨਕਾਰ ਕਰ ਦਿੰਦੇ ਹਨ।

ਅਸਲ ਵਿੱਚ ਅੱਜ ਦੀ ਨੌਜਵਾਨ ਪੀੜ੍ਹੀ ਫ਼ਿਲਮਾਂ ਵਿੱਚ ਮਾਰਧਾੜ ਵੇਖਣਾ ਚਾਹੁੰਦੀ ਹੈ ਅਤੇ ਕਿਸੇ ਹੋਰ ਹੀ ਦੁਨੀਆਂ ਵਿੱਚ ਰਹਿਣਾ ਚਾਹੁੰਦੀ ਹੈ। ਆਮ ਦਰਸ਼ਕ ਦੀ ਸੋਚ ਅਜਿਹੀ ਹੁੰਦੀ ਹੈ ਕਿ ਜ਼ਿੰਦਗੀ ਵਿੱਚ ਪਹਿਲਾਂ ਹੀ ਏਨਾ ਤਨਾਓ ਹੈ, ਜਿਸ ਨੂੰ (ਬਾਕੀ ਸਫ਼ਾ 31 'ਤੇ)

# ਕੀ ਖੇਡਾਂ ਬਣ ਸਕਦੀਆਂ ਨੇ ਉਦਯੋਗ?



ਪਿਛਲੇ ਕਈ ਸਾਲਾਂ ਤੋਂ, ਭਾਰਤ ਨੂੰ ਕ੍ਰਿਕੇਟ ਯੋਗਤਾ ਦੇ ਇੱਕ ਪਾਵਰਹਾਊਸ ਦੇ ਰੂਪ ਵਿੱਚ ਮੰਨਿਆ ਜਾਂਦਾ ਹੈ, ਜਿਸ ਨੇ ਲਗਾਤਾਰ ਦੁਨੀਆਂ ਦੇ ਕੁਝ ਸਰਵੋਤਮ ਕ੍ਰਿਕਟਰ ਪੈਦਾ ਕੀਤੇ ਹਨ। ਹਾਲਾਂਕਿ, ਕ੍ਰਿਕਟ ਤੋਂ ਬਿਨਾਂ, ਹੋਰਨਾਂ ਖੇਡਾਂ ਦੇ ਕੁਝ ਖਿਡਾਰੀਆਂ ਨੂੰ ਛੱਡ ਕੇ, ਜਿਨ੍ਹਾਂ ਨੇ ਮੁਕਾਬਲੇ ਵਾਲੀਆਂ ਖੇਡਾਂ ਵਿੱਚ ਕੁਝ ਸਫਲਤਾ ਪ੍ਰਾਪਤ ਕੀਤੀ ਹੈ, ਭਾਰਤ ਨੂੰ ਕਦੇ ਵੀ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਖਿਡਾਰੀ ਜਾਂ ਟੀਮਾਂ ਪੈਦਾ ਕਰਨ ਵਾਲੇ ਦੇਸ਼ ਵਜੋਂ ਜਾਣਿਆ ਨਹੀਂ ਗਿਆ ਹੈ।

ਵੱਡੀ ਆਬਾਦੀ ਹੋਣ ਦੇ ਬਾਵਜੂਦ ਭਾਰਤੀ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਚੰਗਾ ਪ੍ਰਦਰਸ਼ਨ ਕਰਨ ਵਿੱਚ ਅਸਮਰੱਥਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸਦੀ ਕਾਫ਼ੀ ਆਲੋਚਨਾ ਹੁੰਦੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ, ਮੁੱਖ ਤੌਰ 'ਤੇ ਸਮਾਜਿਕ-ਰਾਜਨੀਤਕ ਸੱਭਿਆਚਾਰਕ ਮੁੱਦੇ, ਜੋ ਕਿ ਹੁਣ ਇੱਕ ਦੁਸ਼ਟ ਚੱਕਰ ਵਜੋਂ ਉੱਭਰ ਰਹੇ ਹਨ। ਭਾਰਤ ਦੀ ਜਨਸੰਖਿਆ ਅਤੇ ਸਮਾਜਿਕ-ਰਾਜਨੀਤਕ ਸੱਭਿਆਚਾਰਕ ਢਾਂਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਮਾਜ ਬਹੁਤ ਜ਼ਿਆਦਾ ਅਸਮਾਨਤਾ ਦਾ ਸਾਹਮਣਾ ਕਰਦਾ ਹੈ। ਇਸਦਾ ਮਤਲਬ ਇਹ ਹੈ ਕਿ ਹਰੇਕ ਨਾਗਰਿਕ ਨੂੰ ਖੇਡਾਂ ਵਿੱਚ




ਹਿੱਸਾ ਲੈਣ, ਖੇਡ ਸਹੂਲਤਾਂ ਦਾ ਲਾਭ ਲੈਣ, ਪੇਸ਼ੇਵਰ ਪੱਧਰ 'ਤੇ ਮੁਕਾਬਲਾ ਕਰਨ ਜਾਂ ਇੱਕ ਪੇਸ਼ੇਵਰ ਅਥਲੀਟ ਵਜੋਂ ਇੱਕ ਟਿਕਾਊ ਭਵਿੱਖ ਪ੍ਰਾਪਤ ਕਰਨ ਦਾ ਇੱਕੋ ਜਿਹਾ ਮੌਕਾ ਨਹੀਂ ਮਿਲਦਾ। ਇਸ ਤੋਂ ਇਲਾਵਾ, ਦੇਸ਼ ਦਾ ਖੇਡ ਪ੍ਰਸ਼ਾਸਨ ਭਾਈ-ਭਤੀਜਾਵਾਦ, ਭ੍ਰਿਸ਼ਟਾਚਾਰ ਦੇ ਘੁਟਾਲਿਆਂ, ਬੇਅਸਰ ਲੀਡਰਸ਼ਿਪ, ਪਾਰਦਰਸ਼ਤਾ ਦੀ ਘਾਟ ਅਤੇ ਕੁਪ੍ਰਬੰਧਨ ਨਾਲ ਘਿਰਿਆ ਹੋਇਆ ਹੈ। ਇਸ ਦੇ ਨਤੀਜੇ ਵਜੋਂ ਉੱਚੀਆਂ ਨੀਤੀਆਂ ਦਾ ਕੋਈ ਸਹੀ ਰੋਡਮੈਪ ਅਤੇ ਵਿਸਥਾਪਿਤ ਤਰਜੀਹਾਂ ਨਹੀਂ ਹਨ, ਜੋ ਕਿ ਸਰੋਤਾਂ ਦੀ ਵੰਡ ਨੂੰ ਪ੍ਰਭਾਵਤ ਕਰਦੀਆਂ ਹਨ, ਜਿਸ ਨਾਲ ਦੇਸ਼ ਦੇ ਖੇਡ ਬੁਨਿਆਦੀ ਢਾਂਚੇ, ਜ਼ਮੀਨੀ ਪੱਧਰ ਦੇ ਪ੍ਰੋਗਰਾਮਾਂ ਅਤੇ ਸੰਖੇਪ ਵਿੱਚ ਖਿਡਾਰੀ ਪ੍ਰਭਾਵਿਤ ਹੁੰਦੇ ਹਨ।

ਸਾਡੇ ਦੇਸ਼ ਵਿੱਚ ਖੇਡੀਆਂ ਜਾਣ ਵਾਲੀਆਂ ਸਾਰੀਆਂ ਖੇਡਾਂ ਲਈ ਇੱਕ ਮਜ਼ਬੂਤ ਢਾਂਚਾ ਤਿਆਰ ਕਰਕੇ ਅਤੇ ਭਾਰਤ ਨੂੰ ਇੱਕ ਮਹਾਨ ਖੇਡ ਰਾਸ਼ਟਰ ਵਜੋਂ ਸਥਾਪਿਤ ਕਰਕੇ ਜ਼ਮੀਨੀ ਪੱਧਰ 'ਤੇ ਭਾਰਤ ਵਿੱਚ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਲਈ 'ਖੇਲੋ ਇੰਡੀਆ' ਨੂੰ 12 ਵਰਟੀਕਲਾਂ ਵਿੱਚ ਵੰਡਿਆ ਗਿਆ ਸੀ। 2012 ਵਿੱਚ, ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿੱਕੀ) ਨੇ ਖੇਡਾਂ ਨੂੰ ਇੱਕ ਉਦਯੋਗ ਵਜੋਂ ਸ਼ਾਮਲ ਕਰਨ ਲਈ ਕੇਂਦਰ ਸਰਕਾਰ ਨੂੰ ਇੱਕ ਪ੍ਰਸਤਾਵ ਪੇਸ਼ ਕੀਤਾ, ਉਹਨਾਂ ਦਾ ਮੰਨਣਾ ਸੀ ਕਿ ਇਸ ਨਾਲ ਸਰਕਾਰ ਅਤੇ ਨਾਗਰਿਕਾਂ ਨੂੰ ਲਾਭ ਹੋਵੇਗਾ ਅਤੇ ਖੇਡਾਂ ਦਾ ਕਾਰੋਬਾਰ ਵੀ ਚਮਕੇਗਾ। ਹਾਲਾਂਕਿ, ਹਾਲ ਹੀ ਵਿੱਚ ਉੱਤਰੀ ਰਾਜ ਮਿਜ਼ੋਰਮ ਨੇ ਖੇਡਾਂ ਨੂੰ ਇੱਕ ਉਦਯੋਗ ਘੋਸ਼ਿਤ ਕੀਤਾ ਹੈ, ਜਿਸਦਾ ਮਤਲਬ ਹੈ ਕਿ ਰਾਜ ਦੇ ਖੇਡ ਮੰਤਰੀ ਦੇ ਅਨੁਸਾਰ, ਖੇਡਾਂ ਨੂੰ ਹੁਣ ਰਾਜ ਦੀ ਉਦਯੋਗਿਕ ਨੀਤੀ ਵਿੱਚ ਸ਼ਾਮਲ ਕੀਤਾ ਜਾਵੇਗਾ, ਜਿਸ ਨਾਲ ਇਹ ਨਿੱਜੀ ਅਤੇ ਸਰਕਾਰੀ ਸਰੋਤਾਂ ਤੋਂ ਸਬਸਿਡੀਆਂ, ਕਰਜ਼ੇ ਅਤੇ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਣਗੀਆਂ। ਹੁਣ ਖੇਡ ਮਾਹਿਰ ਕਹਿ ਰਹੇ ਹਨ ਕਿ ਜੇ ਖੇਡਾਂ ਨੂੰ ਉਦਯੋਗ ਬਣਾ ਦਿੱਤਾ ਜਾਵੇ ਤਾਂ ਇਸ ਨਾਲ ਸਰਕਾਰ, ਨਾਗਰਿਕਾਂ, ਖੇਡਾਂ ਅਤੇ ਖਿਡਾਰੀਆਂ ਦਾ ਵੀ ਭਲਾ ਹੋਵੇਗਾ। ਇਸ ਤਰਾਂ ਖੇਡਾਂ ਦੇ ਇੱਕ ਉਦਯੋਗ ਬਣਨ ਦੇ ਆਸਾਰ ਬਣਦੇ ਜਾ ਰਹੇ ਹਨ।

# ਪੰਜਾਬ ਦੇ ਖੇਡ ਢਾਂਚੇ ਦੀਆਂ ਕਮੀਆਂ ਦੂਰ ਕਰਨ ਦੀ ਲੋੜ

## ਬੱਚਿਆਂ ਨੂੰ ਪੜ੍ਹਾਈ ਦੇ ਨਾਲ ਦਿੱਤੀ ਜਾਵੇ ਖੇਡਾਂ ਦੀ ਸਿੱਖਿਆ

### ਬਚਪਨ ਵਿੱਚ ਹੀ ਦਿੱਤੀ ਜਾਵੇ ਖੇਡਾਂ ਦੀ ਟ੍ਰੇਨਿੰਗ



ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬ ਖੇਡਾਂ ਦੇ ਖੇਤਰ ਵਿੱਚ ਹਰਿਆਣਾ ਨਾਲੋਂ ਪਿੱਛੇ ਰਹਿ ਗਿਆ ਹੈ। ਇਸ ਦੇ ਕਈ ਕਾਰਨ ਵੀ ਦਸੇ ਜਾਂਦੇ ਹਨ ਪਰ ਪੰਜਾਬ ਦੇ ਖੇਡਾਂ ਵਿੱਚ ਪਿੱਛੇ ਰਹਿਣ ਦੇ ਅਸਲ ਕਾਰਨਾਂ ਦੀ ਘੋਖ ਕਰਕੇ ਉਹਨਾਂ ਦਾ ਸਹੀ ਹੱਲ ਕਰਨ ਵੱਲ ਧਿਆਨ ਘੱਟ ਦਿੱਤਾ ਜਾਂਦਾ ਹੈ, ਜਿਸ ਕਾਰਨ ਪੰਜਾਬ ਵਿੱਚ ਚੰਗੇ ਬਾਲ ਖਿਡਾਰੀ ਤਿਆਰ ਹੋਣ ਤੋਂ ਰਹਿ ਜਾਂਦੇ ਹਨ। ਭਾਵੇਂ ਕਿ ਏਸ਼ੀਆਈ ਖੇਡਾਂ ਵਿੱਚ ਪੰਜਾਬੀ ਖਿਡਾਰੀਆਂ ਨੇ ਚੰਗੀ ਕਾਰਗੁਜਾਰੀ ਦਿਖਾਈ ਹੈ, ਪਰ ਫਿਰ ਵੀ ਪੰਜਾਬ ਦੇ ਖਿਡਾਰੀਆਂ ਨੂੰ ਹੋਰ ਟ੍ਰੇਨਿੰਗ ਦੇਣ ਦੀ ਲੋੜ ਹੈ ਤਾਂ ਕਿ ਉਹ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤ ਕੇ ਪੰਜਾਬ ਦਾ ਨਾਮ ਰੌਸ਼ਣ ਕਰ ਸਕਣ।

ਪੰਜਾਬ ਵਿੱਚ ਇਸ ਸਮੇਂ ਹਾਲ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਖੇਡਾਂ ਦੀ ਥਾਂ ਸਿਰਫ਼ ਪੜ੍ਹਾਈ ਵਿੱਚ ਅੱਵਲ ਆਉਣ ਲਈ ਦਬਾਓ ਪਾਉਂਦੇ ਰਹਿੰਦੇ ਹਨ, ਜਿਸ ਕਾਰਨ ਬੱਚੇ ਖੇਡਾਂ ਵਿੱਚ ਪਿੱਛੇ ਰਹਿ ਜਾਂਦੇ ਹਨ। ਮਾਪਿਆਂ ਦੀ ਸੋਚ ਹੁੰਦੀ ਹੈ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲਾ ਬੱਚਾ ਪੜਾਈ ਵਿੱਚ ਪਿਛੜ ਜਾਂਦਾ ਹੈ, ਜਿਸ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਖੇਡਾਂ ਤੋਂ ਦੂਰ ਰੱਖਦੇ ਹਨ। ਦੂਜੇ ਪਾਸੇ ਕਈ ਬੱਚੇ ਚੰਗੇ ਖਿਡਾਰੀ ਬਣਨ ਦੇ ਯੋਗ ਹੁੰਦੇ ਹਨ ਪਰ ਉਹਨਾਂ ਨੂੰ ਸਾਰਾ ਸਮਾਂ ਪੜ੍ਹਾਈ ਵਿੱਚ ਰੁਝੇ ਰਹਿਣਾ ਪੈਂਦਾ ਹੈ, ਜਿਸ ਕਾਰਨ ਖੇਡਾਂ ਵਿੱਚ ਹਿੱਸਾ ਲੈਣ ਦਾ ਉਹਨਾਂ ਨੂੰ ਸਮਾਂ ਨਹੀਂ ਮਿਲਦਾ। ਇਸ ਕਾਰਨ ਵੀ ਉਹ ਚਾਹ ਕੇ ਵੀ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕਦੇ। ਇਸ ਤੋਂ ਇਲਾਵਾ ਪੰਜਾਬ ਦੇ ਵੱਡੀ ਗਿਣਤੀ



ਮਾਪੇ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਦਸਵੀਂ ਵਿਚੋਂ ਚੰਗੇ ਨੰਬਰ ਲੈ ਕੇ ਆਈਲੈਟਸ ਕਰ ਲਵੇ ਅਤੇ ਫਿਰ ਵਿਦੇਸ਼ ਚਲਿਆ ਜਾਵੇ, ਅਜਿਹੇ ਸਮੇਂ ਖੇਡਾਂ ਬਾਰੇ ਸੋਚਣ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੁੰਦਾ।

ਮਾਹਿਰ ਕਹਿੰਦੇ ਹਨ ਕਿ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਬੱਚੇ ਪੜ੍ਹਾਈ ਵਿੱਚ ਵੀ ਹੁਸ਼ਿਆਰ ਹੁੰਦੇ ਹਨ, ਕਿਉਂਕਿ ਖੇਡਾਂ ਵਿੱਚ ਹਿੱਸਾ ਲੈ ਕੇ ਬੱਚੇ ਤੰਦਰੁਸਤ ਰਹਿੰਦੇ ਹਨ ਅਤੇ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਮਨ ਦਾ ਵਿਕਾਸ ਹੁੰਦਾ ਹੈ। ਇਸ ਲਈ ਸਾਰੇ ਬੱਚਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਅਕਸਰ ਸਕੂਲਾਂ ਵਿੱਚ ਵੇਖਿਆ ਜਾਂਦਾ ਹੈ ਕਿ ਜਦੋਂ ਖੇਡਾਂ ਵਿੱਚ ਟੀਮ ਦੀ ਚੋਣ ਕਰਨੀ ਹੁੰਦੀ ਹੈ ਤਾਂ ਚੰਗੇ ਖਿਡਾਰੀਆਂ ਦੀ ਥਾਂ ਅਕਸਰ ਮੈਡਮਾਂ ਜਾਂ ਅਧਿਆਪਕਾਂ ਦੇ ਰਿਸ਼ਤੇਦਾਰ ਜਾਂ ਸਿਫ਼ਾਰਸ਼ੀ ਬੱਚਿਆਂ ਦੀ ਚੋਣ ਕਰ ਲਈ ਜਾਂਦੀ ਹੈ, ਜਿਸ ਕਾਰਨ ਇਹ ਟੀਮ ਕੋਈ ਮੈਡਲ ਜਿੱਤਣ ਤੋਂ ਅਸਮਰਥ ਹੋ ਜਾਂਦੀ ਹੈ ਅਤੇ ਚੰਗੇ ਖਿਡਾਰੀ ਬੱਚੇ ਮਾਯੂਸ ਹੋ ਕੇ ਖੇਡਾਂ ਤੋਂ ਸਦਾ ਲਈ ਦੂਰ ਹੋ ਜਾਂਦੇ ਹਨ। ਭਾਵੇਂ ਕਿ ਅਜਿਹਾ ਸਾਰੇ ਸਕੂਲਾਂ ਵਿੱਚ ਨਹੀਂ ਹੁੰਦਾ ਪਰ ਕੁਝ ਸਕੂਲਾਂ ਵਿੱਚ ਅਜਿਹਾ ਕੁਝ ਹੋਣ ਦੀਆਂ ਖ਼ਬਰਾਂ ਮੀਡੀਆ ਵਿੱਚ ਅਕਸਰ ਆਉਂਦੀਆਂ ਰਹਿੰਦੀਆਂ ਹਨ, ਜਿਸ ਤੋਂ ਪੰਜਾਬ ਦੇ ਖੇਡ ਢਾਂਚੇ ਦੀਆਂ ਕਮੀਆਂ ਦਾ ਪਤਾ ਚਲਦਾ ਹੈ।



ਵੱਖ ਵੱਖ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਉੱਪਰ ਪੂਰਾ ਧਿਆਨ ਦਿੱਤਾ ਜਾਂਦਾ ਹੈ, ਜਿਸਦੇ ਚੰਗੇ ਨਤੀਜੇ ਵੀ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਕਈ ਸਕੂਲਾਂ ਵਿੱਚ ਬੱਚਿਆਂ ਦੀਆਂ ਖੇਡਾਂ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਹੈ ਅਤੇ ਕਈ ਸਕੂਲਾਂ ਦੇ ਬੱਚੇ ਚੰਗੇ ਖਿਡਾਰੀ ਬਣ ਜਾਂਦੇ ਹਨ। ਕਈ ਸਕੂਲਾਂ ਵਿੱਚ ਤਰਾਂ ਵੱਖ ਵੱਖ ਖੇਡਾਂ ਦੀਆਂ ਟੀਮਾਂ ਬਣਾਉਣ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਪਰ ਦੁੱਖ ਦੀ ਗਲ ਇਹ ਹੈ ਕਿ ਅਜਿਹਾ ਸਾਰੇ ਸਕੂਲਾਂ ਵਿੱਚ ਨਹੀਂ ਹੁੰਦਾ। ਦੂਜੇ ਪਾਸੇ ਸਰਕਾਰੀ ਸਕੂਲਾਂ ਦੀ ਖੇਡਾਂ ਦੇ ਖੇਤਰ ਵਿੱਚ ਕਾਰਗੁਜਾਰੀ ਦਾ ਸਭ ਨੂੰ ਪਤਾ ਹੀ ਹੈ। ਹੁਣ ਸਮਝ ਇਹ ਨਹੀਂ ਲੱਗ ਰਹੀ ਕਿ ਆਖ਼ਰ ਘਾਟ ਕਿਥੇ ਰਹਿ ਜਾਂਦੀ ਹੈ। ਜਿਸ ਕਾਰਨ ਚੰਗੇ ਖਿਡਾਰੀ ਪੈਦਾ ਹੋਣ ਤੋਂ ਪਹਿਲਾਂ ਹੀ ਗਾਇਬ ਹੋ ਜਾਂਦੇ ਹਨ।

ਇਹ ਅਸਲੀਅਤ ਹੈ ਕਿ ਹ ਰ ਬੱਚਾ ਪੜਾਈ ਦੇ ਨਾਲ ਖੇਡਣਾ ਵੀ ਚਾਹੁੰਦਾ ਹੈ। ਖੇਡਾਂ ਵਿੱਚ ਹਿੱਸਾ ਲੈ ਕੇ ਬੱਚਿਆਂ ਦਾ ਮੰਨੋਰੰਜਨ ਵੀ ਹੁੰਦਾ ਹੈ। ਇਸ ਲਈ ਖੇਡਾਂ ਵਿੱਚ ਵੀ ਹਿਸਾ ਲੈਣ ਲਈ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਵੱਲੋਂ ਉਤਸ਼ਾਹਿਤ ਕਰਨਾ ਚਾਹੀਦਾ ਹੈ। ਖੇਡਾਂ ਵਿੱਚ ਹਿੱਸਾ ਨਾ ਲੈਣ ਵਾਲੇ ਬੱਚੇ ਅਕਸਰ ਕਮਜੋਰ ਰਹਿ ਜਾਂਦੇ ਹਨ, ਜਿਸ ਕਾਰਨ ਉਹ ਵੱਡੇ ਹੋ ਕੇ ਕਈ ਵਾਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਖੇਡਾਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਆਉਂਦੀ ਹੈ ਅਤੇ ਬੱਚਿਆਂ ਵਿੱਚ ਭਾਈਚਾਰਕ ਸਾਂਝ ਵੀ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਖੇਡਾਂ ਵਿੱਚ ਹਿੱਸਾ ਲੈ ਕੇ ਬੱਚਿਆਂ ਵਿੱਚ ਆਪਸੀ ਮੇਲ ਜੋਲ ਵਧਾਉਣ ਦਾ ਮੌਕਾ ਵੀ ਮਿਲਦਾ ਹੈ ਅਤੇ ਬੱਚੇ ਇੱਕ ਦੂਜੇ ਦੇ ਸਾਥੀ ਬਣਦੇ ਹਨ। ਇਸ ਲਈ ਬੱਚਿਆਂ ਦਾ ਖੇਡਾਂ ਵਿੱਚ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਨਵੀਂ ਖੇਡ ਨੀਤੀ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਲੋੜ ਤਾਂ ਇਸ ਖੇਡ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਦੀ ਹੈ। ਅਕਸਰ ਸਰਕਾਰੀ ਨੀਤੀਆਂ ਸਰਕਾਰੀ ਫਾਈਲਾਂ ਵਿੱਚ ਹੀ ਰਹਿ ਜਾਂਦੀਆਂ ਹਨ, ਜਿਸ ਕਰਕੇ ਇਹਨਾਂ ਨੀਤੀਆਂ ਨੂੰ ਸਹੀ ਤਰੀਕੇ ਨਾਲ ਲ ਾਗੂ ਨਹੀਂ ਕੀਤਾ ਜਾਂਦਾ। ਇਸ ਲਈ ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ ਦੀ ਖੇਡ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਅਤੇ ਪੰਜਾਬ ਦੇ ਖੇਡ ਢਾਂਚੇ ਦੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ ਤਾਂ ਕਿ ਪੰਜਾਬ ਪਹਿਲਾਂ ਵਾਂਗ ਖੇਡਾਂ ਦੇ ਖੇਤਰ ਵਿੱਚ ਅੱਵਲ ਨੰਬਰ 'ਤੇ ਆ ਜਾਵੇ।

## ਹੱਸਦਾ, ਵੱਸਦਾ ਤੇ ਖ਼ੁਸ਼ਹਾਲ ਹੈ ਪੰਜਾਬ

ਕਰਜ਼ਈ ਹੋ ਸਕਦੇ ਨੇ। ਹਾਂ! ਇਹ ਗੱਲ ਮੁੱਢ ਕਦੀਮੋਂ ਰਹੀ ਹੈ ਕਿ ਕੋਈ ਅਮੀਰ ਹੈ ਤੇ ਕੋਈ ਗ਼ਰੀਬ ਹੈ। ਤੇ ਇਹ ਵੀ ਗੱਲ ਸੱਚ ਹੈ ਕਿ ਪੰਜਾਬੀ ਹੀ ਪੰਜਾਬੀਆਂ ਦੀ ਬਾਂਹ ਫੜਦੇ ਆਏ ਨੇ। ਹੜ੍ਹਾਂ ਦੌਰਾਨ ਵੀ ਪੰਜਾਬੀ ਸਰਕਾਰਾਂ ਦੀ ਉਡੀਕ ਕੀਤੇ ਬਿਨਾਂ ਇੱਕ ਦੂਜੇ ਦਾ ਸਹਾਰਾ ਬਣੇ।

ਆਹ ਜਿਹੜੀਆਂ ਸਰਕਾਰਾਂ ਜਾਤਾਂ, ਪਾਤਾਂ ਦੇ ਨਾਂਅ 'ਤੇ ਪੰਜਾਬੀਆਂ ਨੂੰ ਲੜਾਉਂਦੀਆਂ ਨੇ ਨਾ, ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੱਟ ਦੇ ਨਾਲ ਲੱਗਿਆ ਸੀਰੀ ਉਹਦੇ ਬੱਚਿਆਂ ਦਾ ਚਾਚਾ ਜਾਂ ਤਾਇਆ ਹੁੰਦਾ ਹੈ ਤੇ ਉਸਦੀ ਘਰਵਾਲੀ, ਜਿਹੜੀ ਘਰ ਦਾ ਕੰਮ ਕਾਜ ਕਰਦੀ ਹੈ, ਬੱਚਿਆਂ ਦੀ ਤਾਈ ਜਾਂ ਚਾਚੀ ਹੁੰਦੀ ਹੈ। ਹਾਂ, ਇਹ ਠੀਕ ਹੈ ਕਿ ਕੁਝ ਕੁ ਹੋਛੇ ਲੋਕਾਂ ਨੇ ਏਸ ਸਾਂਝ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ।

ਅਸੀਂ ਉਹ ਲੋਕ ਹਾਂ, ਜਿਹੜੇ ਤੁਰਦੇ ਫਿਰਦੇ ਸ਼ਬਦ ਵੀ ਉਚਾਰ ਲੈਂਦੇ ਹਾਂ, ਸਾਨੂੰ ਮੰਦਰ ਦੀ ਆਰਤੀ ਵੀ ਅੱਧੀ ਕੁ ਪਤਾ ਹੈ, ਅਸੀਂ ਦਰਗਾਹ ਅੱਗੇ ਵੀ ਸਿਜਦਾ ਕਰਦੇ ਹਾਂ,ਅਸੀਂ ਬਾਲਮੀਕਿ ਦੇ ਤਿੱਥ ਤਿਉਹਾਰ 'ਤੇ ਚੌਲ ਵੀ ਖਾਂਦੇ ਹਾਂ, ਸਾਡੇ ਸਾਰੇ ਧਰਮਾਂ ਦੇ ਸਾਂਝੇ ਤਿਉਹਾਰ ਨੇ, ਤੇ ਅੱਜ ਵੀ ਸਾਂਝੇ ਰੂਪ ਵਿੱਚ ਮਨਾਏ ਜਾਂਦੇ ਨੇ। ਮੁੱਢ ਕਦੀਮਾਂ ਤੋਂ ਚੱਲਦਾ ਆ ਰਿਹਾ ਇਹ ਵਰਤਾਰਾ ਅੱਜ ਵੀ ਕਾਇਮ ਹੈ ਤੇ ਫੇਰ ਉਹ ਕਿਹੜੀ ਪ੍ਰਜਾਤੀ ਹੈ ਜਿਹੜੀ ਕਹਿੰਦੀ ਹੈ ਕਿ ਪੰਜਾਬ ਦੇ ਵਿੱਚ ਘੱਟ ਗਿਣਤੀਆਂ ਨੂੰ ਦੁਰਕਾਰਿਆ ਜਾਂਦਾ ਹੈ। ਭਾਵੇਂ ਅੱਜ ਦੇ ਸਮੇਂ ਦੇ ਵਿੱਚ ਸਿਆਸਤਦਾਨ ਲੋਕਾਂ ਦੇ ਮਨੋਂ ਉੱਤਰ ਗਏ ਹਨ, ਪਰ ਕੁਝ ਕੁ ਸਿਆਸਤਦਾਨ ਅਜਿਹੇ ਵੀ ਰਹੇ, ਜਿਨ੍ਹਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਦੀ ਗੱਲ ਕੀਤੀ। ਜਦੋਂ ਇਹ ਗੱਲ ਤੁਰਦੀ ਹੈ ਤਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਦਾ ਜ਼ਿਕਰ ਕੀਤੇ ਬਿਨਾਂ ਨਹੀਂ ਰਹਿ ਸਕਦੇ ਜਿਹਨਾਂ ਨੇ ਪੰਜਾਬੀ ਨੂੰ 'ਪਟਰਾਣੀ' ਬਣਾਇਆ। ਗਿਆਨੀ ਜੈਲ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਪੰਜਾਬ 'ਚ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ, ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਪੰਜਾਬ ਲਿਆ ਕੇ ਜਲ ਪ੍ਰਵਾਹ ਕਰਵਾਈਆਂ, ਭਾਵੇਂ ਕਿ ਚੁਰਾਸੀ ਦੇ ਦੁਖਾਂਤ ਵੇਲੇ ਉਹ ਰਾਸ਼ਟਰਪਤੀ ਹੁੰਦਿਆਂ ਵੀ ਬੇਬੱਸ ਨਜ਼ਰ ਆਏ। ਪ੍ਰਕਾਸ਼ ਸਿੰਘ ਬਾਦਲ ਵੀ ਅਜਿਹਾ ਚਿਹਰਾ ਸਨ, ਜਿਨ੍ਹਾਂ ਨੇ 1996 ਵਿੱਚ ਮੋਗਾ ਰੈਲੀ ਵਿਖੇ ਅਕਾਲੀ ਦਲ ਦੇ ਬੂਹੇ ਸਾਰੇ ਪੰਜਾਬੀਆਂ ਲਈ ਖੋਲ੍ਹਦਿਆਂ ਅਕਾਲੀ ਦਲ ਨੂੰ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਹੋਣ ਦਾ ਐਲਾਨ ਕੀਤਾ ਸੀ ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਦਾ ਹੋਕਾ ਦਿੱਤਾ ਸੀ, ਪਰ ਬਾਦਲ ਸਾਹਿਬ ਜਿੰਨੀ ਦੇਰ ਜਿਉਂਦੇ ਰਹੇ, ਉਨ੍ਹਾਂ ਨੇ ਆਪਣੀ ਰਾਜਨੀਤੀ ਨੂੰ ਪੰਥ ਦੀ ਪੁੱਠ ਚਾੜ ਕੇ ਰੱਖੀ। ਕੈਪਟਨ ਅਮਰਿੰਦਰ ਸਿੰਘ ਭਾਵੇਂ ਕੁਝ ਸਮਾਂ ਪਹਿਲਾਂ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਮੁਕਰੇ ਵੀ, ਤੇ ਲੋਕਾਂ ਦੇ ਮਨੋਂ ਉੱਤਰੇ ਵੀ ਪਰ ਉਹ ਸਮਾਂ ਯਾਦ ਕਰਕੇ ਵੀ ਕੈਪਟਨ ਸਾਹਿਬ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ ਜਦੋਂ ਚੁਰਾਸੀ ਦੇ ਦੁਖਾਂਤ ਸਮੇਂ ਉਹਨਾਂ ਵੱਡਾ ਸਟੈਂਡ ਲਿਆ ਸੀ ਤੇ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਕਹਾਵਤ ਹੈ ਕਿ ਇੱਕ ਮਿਆਨ 'ਚ ਦੋ ਤਲਵਾਰਾਂ ਨਹੀਂ ਪੈ ਸਕਦੀਆਂ ਪਰ ਪੰਜਾਬੀਆਂ 'ਤੇ ਗੁਰੂ ਦੀ ਕਿਰਪਾ ਏਨੀ ਹੈ ਕਿ ਇੱਕ ਮਿਆਨ ਵਿੱਚ ਦੋ ਤਲਵਾਰਾਂ ਪਾ ਵੀ ਲੈਂਦੇ ਨੇ। ਤੇ ਕੋਈ ਮੰਨੇ ਜਾਂ ਨਾ ਮੰਨੇ ਜਿੰਦਗੀ ਦੇ ਸਫ਼ਰਾਂ ਦੌਰਾਨ ਵੀ ਤਕਰੀਬਨ ਸਭ ਨੇ ਇੱਕ ਮਿਆਨ ਵਿੱਚ ਦੋ ਤਲਵਾਰਾਂ ਪੈਂਦੀਆਂ ਵੇਖੀਆਂ ਹੋਣਗੀਆਂ। ਮੁੱਕਦੀ ਗੱਲ ਇਹੀ ਆਖਾਂਗੇ ਕਿ ਭਰਾਵੋ ਕੁਝ ਨਹੀਂ ਹੋਇਆ ਪੰਜਾਬ ਨੂੰ , ਪੰਜਾਬ ਗੁਰਾਂ ਦੇ ਨਾਂਅ 'ਤੇ ਵਸਦਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੀ ਹੈ ਤੇ ਚੜ੍ਹਦੀਕਲਾ ਵਿੱਚ ਰਹੇਗੀ।

**

## ਪੰਜਾਬ ਦੇ ਦਰਿਆਈ ਪਾਣੀ ਦਾ

ਸਰਕਾਰ ਨੇ ਵੀ ਖਰਚਾ ਕਿੱਥੋਂ ਕਰਨਾ ਹੈ ? ਬਿਨਾਂ ਪਾਣੀ ਤੋਂ ਜ਼ਮੀਨ ਬੰਜਰ ਹੋ ਜਾਵੇਗੀ।

ਪੰਜਾਬ ਦੀ ਮੌਜੂਦਾ ਸਰਕਾਰ ਨਹਿਰੀ ਪਾਣੀ ਹੇਠਾਂ ਰਕਬਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਜਦੋਂ ਸਾਡੇ ਕੋਲ ਪਾਣੀ ਹੀ ਸੀਮਤ ਹੈ ਫਿਰ ਰਕਬਾ ਵਧਾਉਣ ਨਾਲ ਧਰਤੀ ਹੇਠਲੇ ਪਾਣੀ ਦੀ ਮੰਗ ਨਹੀਂ ਘਟ ਸਕਦੀ। ਭਾਵੇਂ ਨਹਿਰੀ ਪਾਣੀ 10 ਲੱਖ ਹੈਕਟੇਅਰ 'ਚ ਲਾ ਲਓ ਜਾਂ 15 ਲੱਖ ਹੈਕਟੇਅਰ 'ਚ ਵਰਤ ਲਵੋ। ਪੰਜਾਬ ਕੋਲ ਇਸ ਵਕਤ ਰੀਚਾਰਜੇਬਲ ਪਾਣੀ 21.44 ਬਿਲੀਅਨ ਕਿਊਬਿਕ ਮੀਟਰ ਹੈ, ਜਦੋਂ ਕਿ ਅਸੀਂ ਕੱਢਦੇ 31.16 ਬਿਲੀਅਨ ਕਿਊਬਿਕ ਮੀਟਰ, ਭਾਵ ਕਸ਼ਮਤਾ ਦਾ 145 ਪ੍ਰਤੀਸ਼ਤ ਵਾਧੂ ਕੱਢਿਆ ਜਾ ਰਿਹਾ ਪਾਣੀ ਡੂੰਘਾ ਜਾਣ ਅਤੇ ਮਾਰੂਥਲ ਬਣਨ ਦਾ ਕਾਰਨ ਬਣਦਾ ਹੈ। ਪਾਣੀ ਦੀ ਇਹ ਵਰਤੋਂ ਵੀ ਘਟਾਈ ਨਹੀਂ ਜਾ ਸਕਦੀ, ਕਿਉਂਕਿ ਕਿਸਾਨ ਛੋਟੇ ਹਨ ਉਹ ਫ਼ਸਲੀ ਘਣਤਾ ਘਟ ਨਹੀਂ ਕਰ ਸਕਦੇ, ਕਿਉਂਕਿ ਮਹਿੰਗਾਈ ਕਾਰਨ ਪਰਿਵਾਰ ਦਾ ਪਹਿਲਾਂ ਹੀ ਗੁਜ਼ਾਰਾ ਮੁਸ਼ਕਿਲ ਨਾਲ ਚੱਲਦਾ ਹੈ।

ਅੱਜ ਲੋੜ ਹੈ ਕਿ ਨਹਿਰੀ ਪਾਣੀ ਦਾ ਦੁਬਾਰਾ ਮੁਲਾਂਕਣ ਜ਼ਰੂਰੀ ਹੈ। ਪਾਣੀ ਸਾਰੇ ਦੇਸ਼ ਲਈ ਇਕ ਦੁਰਲੱਭ ਵਸਤੂ ਹੈ, ਜੋ ਪੀਣ ਲਈ ਹਰ ਇਕ ਨੂੰ ਮਿਲਣਾ ਚਾਹੀਦਾ ਹੈ। ਇਸ ਵੇਲੇ ਇਹ ਸੋਚਣਾ ਪਵੇਗਾ ਕਿ ਮਾਰੂਥਲ ਨੂੰ ਉਪਜਾਊ ਬਣਾਉਣ ਦੀ ਕੋਸ਼ਿਸ਼ ਦੇ ਮੁਕਾਬਲੇ ਇਕ ਵਧੀਆ ਆਬਾਦ ਇਲਾਕੇ ਨੂੰ ਮਾਰੂਥਲ ਬਣਾਉਣਾ ਕਿੰਨੀ ਕੁ ਸਿਆਣਪ ਹੈ ?

ਪੰਜਾਬ ਦੇ ਸਿਆਸਤਦਾਨ ਅੱਜ ਆਪਣੇ ਮਤਭੇਦ ਭੁਲਾ ਕੇ ਪੰਜਾਬ ਲਈ ਇਕ ਸੁਰ ਆਵਾਜ਼ ਉਠਾਉਣ ਕਿ ਪੰਜਾਬ ਦੀ ਪਾਣੀ ਦੀ ਵੰਡ ਅੱਜ ਦੀ ਸਥਿਤੀ ਨੂੰ ਲੈ ਕੇ ਹੋਵੇ ਖ਼ਾਸ ਕਰਕੇ ਰਿਪੇਰੀਅਨ ਕਾਨੂੰਨ ਮੁਤਾਬਿਕ। ਇਸ ਲਈ ਜੋ ਚਾਰਾਜੋਈ ਹੋ ਸਕਦੀ ਹੈ ਰਲ ਕੇ ਕਰੋ, ਕਿਉਂਕਿ ਜਿੰਨਾ ਪਾਣੀ ਉਸ ਵੇਲੇ ਮਿੱਥਿਆ ਗਿਆ ਸੀ, ਓਨਾ ਪਾਣੀ ਹੈ ਹੀ ਨਹੀਂ। ਜੇਕਰ ਬਾਰਿਸ਼ ਹੀ ਤੀਜਾ ਹਿੱਸਾ ਘੱਟ ਗਈ (65 ਦੀ ਬਜਾਏ 45 ਰਹਿ ਗਈ) ਤਾਂ ਪਾਣੀ ਕਿੱਥੋਂ ਆਵੇਗਾ। ਸਿਆਸੀ ਲੋਕ ਪੰਜਾਬ ਦੇ ਰਾਜ ਕਰਨ ਲਈ ਉਤਾਵਲੇ ਹਨ ਪਰ ਜੇ ਪੰਜਾਬ ਬਚੂਗਾ ਤਾਂ ਹੀ ਰਾਜ ਕਰ ਸਕੋਗੇ।

***

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

ਵਿੱਚੋਂ 42 ਵੋਟਾਂ ਹਾਸਲ ਕੀਤੀਆਂ ਸਨ। ਵਿਰੋਧੀ ਧਿਰਾਂ ਕੋਲ ਮੌਜੂਦਾ ਹਾਊਸ ਵਿੱਚ 20 ਤੋਂ ਵੱਧ ਵੋਟਾਂ ਨਹੀਂ ਸਨ। ਸ਼੍ਰੋਮਣੀ ਕਮੇਟੀ ਵਿੱਚ ਵਿਰੋਧੀ ਧਿਰ ਦੇ ਮੈਂਬਰ ਵਜੋਂ ਸ਼ਾਮਲ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਜੋ ਕਿ ਅੰਤ੍ਰਿੰਗ ਕਮੇਟੀ ਮੈਂਬਰ ਵੀ ਹਨ, ਨੇ ਦੱਸਿਆ ਕਿ ਸਮੂਹ ਵਿਰੋਧੀ ਧਿਰਾਂ ਵੱਲੋਂ ਆਪਣਾ ਸਾਂਝਾ ਉਮੀਦਵਾਰ ਉਤਾਰਨ ਬਾਰੇ ਵਿਚਾਰ ਕੀਤਾ ਜਾ ਰਿਹਾ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਵੇਲੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਉਹ ਪਿਛਲੇ ਵਰ੍ਹੇ ਵੀ ਸਿੱਖ ਸੰਸਥਾ ਦੇ ਪ੍ਰਧਾਨ ਸਨ। ਉਨ੍ਹਾਂ ਦੀ ਕਾਰਗੁਜ਼ਾਰੀ ਹੁਣ ਤੱਕ ਤਸੱਲੀਬਖ਼ਸ਼ ਰਹੀ ਹੈ ਤੇ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਲਈ ਅਗਲੇ ਉਮੀਦਵਾਰ ਵੀ ਹੋ ਸਕਦੇ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਕੁੱਲ 185 ਮੈਂਬਰਾਂ ਵਿੱਚੋਂ 29 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਮੈਂਬਰ ਅਸਤੀਫ਼ਾ ਦੇ ਚੁੱਕੇ ਹਨ। ਇਸ ਵੇਲੇ ਮੌਜੂਦਾ 153 ਮੈਂਬਰ 8 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਨਗੇ। ਸਿੱਖ ਗੁਰਦੁਆਰਾ ਐਕਟ 1925 ਦੇ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚੋਂ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਸਮੇਤ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਹਰ ਸਾਲ ਚੋਣ ਕੀਤੀ ਜਾਂਦੀ ਹੈ।

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਕਿ ਉਹ ਆਗਾਮੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ ਨਾਲ ਨਾਲ 8 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ 'ਤੇ ਵੀ ਆਪਣਾ ਧਿਆਨ ਕੇਂਦਰਿਤ ਕਰ ਰਹੇ ਹਨ। ਪਿਛਲੇ ਸਾਲ ਵਾਂਗ ਇਸ ਵਾਰ ਵੀ ਵਿਰੋਧੀ ਧਿਰਾਂ ਵੱਲੋਂ ਪ੍ਰਧਾਨ ਅਤੇ ਹੋਰ ਅਹੁਦਿਆਂ ਲਈ ਸਾਂਝੇ ਉਮੀਦਵਾਰ ਖੜ੍ਹੇ ਹੋਣਗੇ। ਉਨ੍ਹਾਂ ਕਿਹਾ ਕਿ ਸਾਂਝੇ ਉਮੀਦਵਾਰ ਖੜ੍ਹੇ ਕਰਨ ਬਾਰੇ ਸਹਿਯੋਗੀ ਪਾਰਟੀਆਂ ਵੱਲੋਂ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਜਾਵੇਗਾ। ਜੇ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਹ ਬਾਦਲ ਧੜੇ ਖ਼ਿਲਾਫ਼ ਮੈਦਾਨ ਵਿੱਚ ਆਉਣਗੇ। ਦੱਸਣਯੋਗ ਹੈ ਕਿ ਜਗੀਰ ਕੌਰ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਾਲ ਸਨ ਤੇ ਉਹ ਕਈ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਪਰ ਆਪਸੀ ਮਤਭੇਦਾਂ ਦੇ ਕਾਰਨ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਪਾਰਟੀ ਛੱਡ ਦਿੱਤੀ ਸੀ।

***

## ਸਿੱਖ ਵੋਟਰ ਤੈਅ ਸਮੇਂ ਵਿੱਚ ਆਪਣੀਆਂ ਵੋਟਾਂ ਬਣਾ ਲੈਣ : ਧਾਮੀ

ਵੱਧ ਤੋਂ ਵੱਧ ਸਿੱਖ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ, ਇਸ ਲਈ ਆਧਾਰ ਕਾਰਡ ਦੀ ਸ਼ਰਤ ਖ਼ਤਮ ਕਰਨ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਂ ਆਧਾਰ ਕਾਰਡ ਜਾਂ ਵੋਟਰ ਕਾਰਡ ਵਿੱਚੋਂ ਕਿਸੇ ਇਕ ਦੀ ਵਰਤੋਂ ਕਰਨ ਦੀ ਇਜਾਜ਼ਤ ਦੇ ਕੇ ਰਾਹਤ ਦੇਣ ਦੀ ਮੰਗ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਉਣ ਲਈ ਵੋਟਰ ਵੱਲੋਂ ਭਰੇ ਜਾਣ ਵਾਲੇ ਫਾਰਮ-1 ਵਿੱਚ ਸੋਧ ਕੀਤੀ ਹੈ। ਨਵੇਂ ਸੋਧੇ ਹੋਏ ਫਾਰਮ 1 ਵਿਚ ਸਿੱਖ ਗੁਰਦੁਆਰਾ ਐਕਟ ਦੀ ਧਾਰਾ 2 (9) ਅਧੀਨ ਸਿੱਖ ਦੀ ਪਰਿਭਾਸ਼ਾ ਸਬੰਧੀ ਸਵੈ-ਘੋਸ਼ਣਾ ਪੱਤਰ ਵਿੱਚ ਸੋਧਾਂ ਕੀਤੀਆਂ ਗਈਆਂ ਹਨ। ਇਸ ਸੋਧ ਅਨੁਸਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਗੁਰਬਾਣੀ ਵਿੱਚ ਵਿਸ਼ਵਾਸ ਰੱਖਣ ਵਾਲੇ ਕੇਸਾਧਾਰੀ ਸਿੱਖ ਹੀ ਵੋਟ ਪਾ ਸਕਣਗੇ। ਵੋਟਰ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 21 ਅਕਤੂਬਰ ਤੋਂ ਸ਼ੁਰੂ ਹੋ ਗਈ ਹੈ ਅਤੇ 15 ਨਵੰਬਰ ਤੱਕ ਜਾਰੀ ਰਹੇਗੀ। ਧਾਮੀ ਨੇ ਸਿੱਖ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਬਣਾਉਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਵੋਟਾਂ ਬਣਾਉਣ ਲਈ ਬਹੁਤ ਘੱਟ ਸਮਾਂ ਬੱਚਿਆ ਹੈ, ਸਿਰਫ਼ 25 ਦਿਨ ਦਾ ਸਮਾਂ ਸਰਕਾਰ ਵੱਲੋਂ ਦਿੱਤਾ ਗਿਆ ਹੈ। ਵੋਟ ਬਣਾਉਣ ਲਈ ਸਿੱਖ ਵੋਟਰ ਨੂੰ ਪਛਾਣ ਦੇ ਸਬੂਤ ਵਜੋਂ ਆਪਣੇ ਆਧਾਰ ਕਾਰਡ ਦੀ ਕਾਪੀ ਅਤੇ ਫਾਰਮ 'ਤੇ ਦੋ ਫੋਟੋਆਂ ਲਗਾਉਣੀਆਂ ਪੈਣਗੀਆਂ। ਵੋਟਰ ਨੂੰ ਆਪਣੀ ਫੋਟੋ ਵੀ ਬਣਵਾਉਣੀ ਪਵੇਗੀ ਅਤੇ ਉਸ ਨੂੰ ਆਧਾਰ ਕਾਰਡ ਦੀ ਫੋਟੋ ਕਾਪੀ ਵੀ ਕਰਵਾ ਕੇ ਰੱਖਣੀ ਪਵੇਗੀ ਤਾਂ ਜੋ ਵੋਟ ਬਣਵਾਉਣ ਸਮੇਂ ਫਾਰਮ ਨਾਲ ਇਹ ਦੋਨੋਂ ਸ਼ਾਮਲ ਹੋ ਸਕਣ ਅਤੇ ਵੋਟ ਬਣਾਉਣ ਵਿੱਚ ਮੁਸ਼ਕਲ ਪੈਦਾ ਨਾ ਹੋਵੇ। ਜਿਨ੍ਹਾਂ ਸਿੱਖ ਵੋਟਰਾਂ ਕੋਲ ਆਧਾਰ ਕਾਰਡ ਨਹੀਂ ਹੈ, ਉਹ ਆਪਣਾ ਆਧਾਰ ਕਾਰਡ ਬਣਾ ਲੈਣ।

***

## ਪੰਜਾਬ ਪੁਲਿਸ ਦੇ ਗੁਰਮੀਤ ਸਿੰਘ 'ਪਿੰਕੀ ਕੈਟ' ਦੀ ਮੌਤ

ਮੈਡਲ ਵੀ ਮਿਲਿਆ ਸੀ। ਇਸ ਤੋਂ ਇਲਾਵਾ ਗੁਰਮੀਤ ਸਿੰਘ ਪਿੰਕੀ ਨੇ ਕਈ ਬੇਕਸੂਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕੀਤਾ। ਉਸ ਨੇ ਇਕ ਵਾਰ ਦਾਅਵਾ ਕੀਤਾ ਸੀ ਕਿ ਉਸ ਕੋਲ ਪੰਜਾਬ ਵਿਚ ਅੱਤਵਾਦ ਦੌਰਾਨ 52 ਝੂਠੇ ਐਨਕਾਊਂਟਰਾਂ ਦੇ ਸਬੂਤ ਹਨ, ਜਿਸ ਤੋਂ ਬਾਅਦ ਪੰਜਾਬ ਦੀ ਸਿਆਸਤ ਕਾਫੀ ਗਰਮਾ ਗਈ ਹੈ। ਪਿੰਕੀ ਦੇ ਕਰੀਬੀ ਦੋਸਤ ਅਤੇ ਭਾਜਪਾ ਆਗੂ ਸੁਖਮਿੰਦਰ ਸਿੰਘ ਗਰੇਵਾਲ ਨੇ ਉਸ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਿੰਕੀ ਨੂੰ ਬੁੱਧਵਾਰ ਸਵੇਰੇ ਦਿਲ ਦਾ ਦੌਰਾ ਪਿਆ ਅਤੇ ਚੰਡੀਗੜ੍ਹ ਦੇ ਸੈਕਟਰ 34 ਦੇ ਇੱਕ ਨਿੱਜੀ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ।

# ਡਰੈਗ ਫਲਿੱਕਰ ਹਰਮਨਪ੍ਰੀਤ ਦਾ ਸਾਧਾਰਨ ਪਰਿਵਾਰ ਤੋਂ ਕਪਤਾਨੀ ਤੱਕ ਦਾ ਸਫ਼ਰ

ਪ੍ਰੋਫੈਸਰ ਪਰਮਜੀਤ ਸਿੰਘ

ਪਿਛਲੇ ਦਿਨੀਂ ਚੀਨ ਦੇ ਸ਼ਹਿਰ ਹਾਂਗਜ਼ੂ 'ਚ ਹੋਈਆਂ ਏਸ਼ਿਆਈ ਖੇਡਾਂ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ ਦੀ ਸ਼ਾਨਦਾਰ ਅਗਵਾਈ ਸਦਕਾ ਭਾਰਤੀ ਪੁਰਸ਼ ਹਾਕੀ ਟੀਮ ਨੇ ਫਾਈਨਲ ਮੁਕਾਬਲੇ 'ਚ ਪਿਛਲੇ ਸਾਲ ਦੀ ਚੈਂਪੀਅਨ ਟੀਮ ਜਾਪਾਨ ਨੂੰ 5-1 ਨਾਲ ਹਰਾ ਕੇ ਏਸ਼ਿਆਈ ਖੇਡਾਂ ਵਿਚ ਸੋਨ ਤਗਮੇ 'ਤੇ ਕਬਜ਼ਾ ਕੀਤਾ ਸੀ। ਜਾਪਾਨ ਖ਼ਿਲਾਫ਼ ਖੇਡੇ ਫਾਈਨਲ ਮੁਕਾਬਲੇ 'ਚ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਕਪਤਾਨ ਹਰਮਨਪ੍ਰੀਤ ਨੇ 2 ਗੋਲ ਕੀਤੇ ਸਨ ਅਤੇ ਉਹ ਟੂਰਨਾਮੈਂਟ 'ਚ ਸਭ ਤੋਂ ਵੱਧ 13 ਗੋਲ ਕਰਕੇ ਚੋਟੀ 'ਤੇ ਰਿਹਾ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤਿੰਮੋਵਾਲ (ਜੰਡਿਆਲਾ ਗੁਰੂ ਦੇ ਲਾਗੇ) ਪਿਤਾ ਸਰਬਜੀਤ ਸਿੰਘ ਅਤੇ ਸਰਦਾਰਨੀ ਰਾਜਵਿੰਦਰ ਕੌਰ ਦੀ ਕੁੱਖੋਂ 6 ਜਨਵਰੀ, 1996 ਨੂੰ ਜਨਮ ਲੈਣ ਵਾਲਾ ਹਰਮਨਪ੍ਰੀਤ ਸਿੰਘ ਮੌਜੂਦਾ ਭਾਰਤੀ ਹਾਕੀ ਟੀਮ ਵਿੱਚ ਇੱਕ ਪ੍ਰਤਿਭਾਸ਼ਾਲੀ ਡਰੈਗ ਫਲਿੱਕਰ ਵਜੋਂ ਵੀ ਸਥਾਪਿਤ ਹੋ ਚੁੱਕਾ ਹੈ। ਮਿਹਨਤੀ ਕਿਸਾਨ ਸਰਬਜੀਤ ਸਿੰਘ ਨੇ ਇੱਕ ਸਮਝਦਾਰ ਪਿਤਾ ਦੀ ਭੂਮਿਕਾ ਨਿਭਾਉਂਦਿਆਂ ਹਰਮਨਪ੍ਰੀਤ ਦੀ ਹਾਕੀ ਲਗਨ ਨੂੰ ਪਛਾਣਿਆ ਤੇ ਉਸ ਨੂੰ ਉਤਸ਼ਾਹਿਤ ਕੀਤਾ ਅਤੇ ਅੱਜ ਵੱਡਾ ਹੋ ਕੇ ਉਹ ਪੈਨਲਟੀ ਕਾਰਨਰ ਮਾਹਿਰ ਡਰੈਗ ਫਲਿੱਕਰ ਬਣ ਗਿਆ। ਯਾਦ ਰਹੇ ਪਿੰਡ ਧਰੜ ਦੇ ਰਵਿੰਦਰ ਸਿੰਘ ਢਿੱਲੋਂ ਉਸ ਦੇ ਮੁਢਲੇ ਕੋਚ ਸਨ। ਸੈਂਟ ਸੋਲਜਰ ਡੇਅ ਬੋਰਡਿੰਗ ਸਕੂਲ ਜੰਡਿਆਲਾ ਗੁਰੂ 'ਚ ਉਸ ਨੇ 6ਵੀਂ ਜਮਾਤ 'ਚ ਹਾਕੀ ਖੇਡੀ। ਫਿਰ ਪੀ.ਏ.ਯੂ. ਅਕੈਡਮੀ ਲੁਧਿਆਣਾ ਵਿਖੇ ਚਲਾ ਗਿਆ। ਸੁਰਜੀਤ ਹਾਕੀ ਅਕੈਡਮੀ ਜਲੰਧਰ 'ਚ ਉਸ ਦੀ ਆਮਦ ਫਿਰ ਵੱਡੇ ਸੁਪਨਿਆਂ ਨਾਲ ਹੋਈ। ਅਵਤਾਰ ਸਿੰਘ ਅਤੇ ਗੁਰਦੇਵ ਸਿੰਘ ਨੇ ਉਸ ਨੂੰ ਹਾਕੀ ਖੇਡ ਦੀ ਸਹੀ ਦਿਸ਼ਾ ਦਿੱਤੀ। ਸੁਰਜੀਤ ਹਾਕੀ ਅਕੈਡਮੀ, ਜਿਸ ਨੇ ਸੈਂਕੜੇ ਖਿਡਾਰੀ ਭਾਰਤੀ ਹਾਕੀ ਟੀਮ ਦੀ ਝੋਲੀ ਪਾਏ ਹਨ, ਹਰਮਨਪ੍ਰੀਤ ਸਿੰਘ ਵੀ ਉਨ੍ਹਾਂ 'ਚੋਂ ਇੱਕ ਹੈ। ਮੈਦਾਨੀ ਹਕੀਕਤਾਂ ਦੇ ਮੁਤਾਬਿਕ ਹਰਮਨਪ੍ਰੀਤ ਸਿੰਘ ਇੱਕ ਆਲ ਰਾਊਂਡਰ ਖਿਡਾਰੀ ਹੈ। ਹੌਲੀ-ਹੌਲੀ ਉਸ ਦਾ ਹਾਕੀ ਸਫ਼ਰ ਪ੍ਰਵਾਨ ਉਸ ਦੇ ਵਿਸ਼ੇਸ਼ ਗੁਣਾਂ ਕਰਕੇ ਚੜ੍ਹਦਾ ਗਿਆ। ਘਰੇਲੂ ਪੱਧਰ 'ਤੇ ਉਸ ਨੇ ਨਹਿਰੂ ਕੱਪ ਬਲਵੰਤ ਕਪੂਰ, ਸੁਰਜੀਤ ਹਾਕੀ ਕੱਪ, ਬੇਟਨ ਕੱਪ, ਰਾਜਨੰਦ ਮਹਾਰਾਸ਼ਟਰ 'ਚ ਅਤੇ ਕਈ ਹੋਰ ਟੂਰਨਾਮੈਂਟ ਖੇਡੇ। ਅੰਤਰਰਾਸ਼ਟਰੀ ਪੱਧਰ 'ਤੇ ਸਬ-ਜੂਨੀਅਰ ਅਤੇ ਜੂਨੀਅਰ ਪੱਧਰ 'ਤੇ ਕਈ ਟੂਰਨਾਮੈਂਟ ਖੇਡੇ, ਜੌਹਰ ਕੱਪ ਏਸ਼ੀਆ ਕੱਪ, ਆਸਟ੍ਰੇਲੀਆ ਗੋਲਡ ਸੀਨੀਅਰ ਪੱਧਰ ਤੇ ਜਾਪਾਨ ਟੈਸਟ ਸੀਰੀਜ਼। ਹਾਕੀ ਇੰਡੀਆ ਲੀਗ ਦਬੰਗ ਮੁੰਬਈ ਵੱਲੋਂ ਕਈ ਹੋਰ ਮਹੱਤਵਪੂਰਨ ਟੂਰਨਾਮੈਂਟ ਖੇਡੇ। ਕਈ ਵਿਸ਼ਵ ਪੱਧਰੀ ਟੂਰਨਾਮੈਂਟਾਂ 'ਚ ਉਸ ਦਾ ਧਮਾਕੇਦਾਰ ਪ੍ਰਦਰਸ਼ਨ ਸੀ।

ਸੀਨੀਅਰ ਖਿਡਾਰੀ ਡਰੈਗ ਫਲਿੱਕਰ ਰੁਪਿੰਦਰਪਾਲ ਸਿੰਘ ਨੂੰ ਆਪਣਾ ਆਦਰਸ਼ ਮੰਨ ਕੇ ਖੇਡਣ ਵਾਲਾ ਹਰਮਨਪ੍ਰੀਤ ਬੀ.ਪੀ.ਸੀ.ਐਲ. ਵੱਲੋਂ ਹਾਕੀ ਖੇਡਦਾ ਹੈ। 5-10 ਇੰਚ ਕੱਦ ਕਾਠ ਵਾਲਾ ਇਹ ਖਿਡਾਰੀ ਸ਼ਕਤੀਸ਼ਾਲੀ ਸਰੀਰਕ ਜੁੱਸਾ ਅਤੇ ਜੁਝਾਰੂ ਭਾਵਨਾ ਰੱਖਦਾ ਹੈ। ਉਸ ਦੇ ਖੇਡ ਕਰੀਅਰ ਦੀ ਵਿਸ਼ੇਸ਼ ਗੱਲ ਇਹ ਹੈ ਕਿ ਕਈ ਟੂਰਨਾਮੈਂਟਾਂ 'ਚ ਉਹ ਟੂਰਨਾਮੈਂਟਾਂ ਦਾ ਵਧੀਆ ਖਿਡਾਰੀ ਵੀ ਐਲਾਨਿਆ ਜਾ ਚੁੱਕਾ ਹੈ ਅਤੇ ਕਿਤੇ ਸਭ ਤੋਂ ਵੱਧ ਗੋਲ ਕਰਨ ਵਾਲਾ (ਟਾਪ ਸਕੋਰਰ) ਘੋਸ਼ਿਤ ਹੋਇਆ। ਹਰਮਨਪ੍ਰੀਤ ਦੱਸਦਾ ਹੈ ਕਿ ਉਸ ਦੇ ਖੇਡ ਕਰੀਅਰ ਦੇ ਸਭ ਤੋਂ ਸ਼ਾਨਦਾਰ ਪਲ ਉਦੋਂ ਸਨ, ਜਦੋਂ 2014 'ਚ ਉਸ ਨੇ ਪਹਿਲੀ ਵਾਰ ਮਲੇਸ਼ੀਆ ਵਿਖੇ ਸੁਲਤਾਨ ਜੌਹਰ ਕੱਪ ਖੇਡਣ ਲਈ ਕੌਮੀ ਜਰਸੀ ਪਹਿਨੀ ਸੀ। ਉਸ ਟੂਰਨਾਮੈਂਟ ਵਿੱਚ ਉਸ ਨੇ 9 ਗੋਲ ਕੀਤੇ ਸਨ ਅਤੇ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ ਸੀ।

ਮੌਜੂਦਾ ਸਮੇਂ ਬੀ.ਏ. ਕਰ ਰਿਹਾ ਹਰਮਨਪ੍ਰੀਤ ਸਿੰਘ ਆਪਣੀ ਖੇਡ ਦੇ ਨਾਲ-ਨਾਲ ਪੜ੍ਹਾਈ ਵੱਲ ਵੀ ਰੁਚਿਤ ਹੈ। ਖੇਡ ਮੈਦਾਨ ਵਿੱਚ ਵੀ ਉਸ ਦੀ ਜ਼ਿੰਮੇਵਾਰੀ ਦੋ-ਤਰਫਾ ਹੈ। ਡਰੈਗ ਫਲਿੱਕ ਦਾ ਜਾਦੂ ਵੀ ਉਸ ਨੇ ਦਿਖਾਉਣਾ ਹੈ ਅਤੇ ਡਿਫੈਂਡਰ ਦੇ ਤੌਰ 'ਤੇ ਹੁਨਰਮੰਦ ਖੇਡ ਕਲਾ




ਦਾ ਪ੍ਰਦਰਸ਼ਨ ਵੀ ਕਰਨਾ ਹੈ। ਉਹ 2015 ਵਾਲੇ ਜੂਨੀਅਰ ਏਸ਼ੀਆ ਕੱਪ ਦੌਰਾਨ ਹੋਏ ਆਪਣੇ ਪ੍ਰਦਰਸ਼ਨ ਨੂੰ ਵਾਰ-ਵਾਰ ਦੁਹਰਾਉਣਾ ਚਾਹੇਗਾ, ਜਿਥੇ ਉਸ ਨੇ ਡਿਫੈਂਡਰ ਦੀ ਭੂਮਿਕਾ ਆਲਾ ਦਰਜੇ ਦੀ ਨਿਭਾਉਂਦਿਆਂ 15 ਗੋਲ ਵੀ ਕੀਤੇ ਸਨ।

## ਐਂਗਲੋ ਇੰਡੀਅਨ ਏਜੰਟ ਤੇ

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ।

ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ। ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ 'ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਉ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿੱਚ ਅਨੁਵਾਦਕ ਡਾਲਟਨ ਵੱਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ...ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।'

'ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ 'ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ।

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿੱਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿੱਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ।

ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿੱਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ। 21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਘਟਨਾਵਾਂ ਵਿੱਚ, ਸਰੀ ਦੇ ਗੁਰਦੁਆਰਾ ਸਾਹਿਬ ਵਿਖੇ ਪਹਿਲੀ ਤਰਜ਼ 'ਤੇ ਹੀ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕਰਨ ਤੋਂ ਪ੍ਰਤੱਖ ਰੂਪ ਵਿੱਚ ਮਿਲਦੀ ਹੈ। ਇਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖ਼ਿਲਾਫ਼ ਜੰਗ ਨੂੰ ਜਾਰੀ ਰੱਖਿਆ ਜਾ ਸਕੇ।

***

## ਭਾਰਤ 'ਚ ਅਮਰੀਕੀ ਮਨੁੱਖੀ

ਕਰਾਰ ਦਿੱਤਾ ਹੈ। ਕਾਰਜਕਾਰੀ ਨਿਰਦੇਸ਼ਕ ਰਸ਼ੀਦ ਅਹਿਮਦ ਨੇ ਕਿਹਾ ਕਿ ਆਈ.ਏ.ਐਮ.ਸੀ. ਦਾ ਐਕਸ ਅਕਾਊਂਟ ਭਾਰਤੀ ਅਮਰੀਕੀ ਮੁਸਲਮਾਨਾਂ ਦੇ ਲਈ ਹਿੰਦੂ ਰਾਸ਼ਟਰਵਾਦ ਅਤੇ ਭਾਰਤ ਵਿੱਚ ਪੀੜ ਤ ਘਟਗਿਣਤੀ ਕੌਮਾਂ ਦੀਆਂ ਵਿਗੜਦੀਆਂ ਮਨੁੱਖੀ ਅਧਿਕਾਰ ਸਥਿਤੀਆਂ ਦੇ ਲਈ ਮਹੱਤਵਪੂਰਨ ਕਾਰਜ ਕਰਦਾ ਹੈ। ਐਕਸ ਦੇ ਕਾਰਜਕਾਰੀ ਐਲੋਨ ਮਸਕ ਅਮਰੀਕਾ ਸਥਿਤ ਸੰਗਠਨ ਨੂੰ ਰੋਕਣ ਲਈ ਮੋਦੀ ਦੀ ਤਾਨਾਸ਼ਾਹੀ ਸ਼ਾਸਨ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਐਕਸ ਭਾਰਤ ਅਤੇ ਅਮਰੀਕਾ ਵਿੱਚ ਆਜ਼ਾਦੀ ਦੇ ਪ੍ਰਗਟਾਵੇ ਅਤੇ ਲੋਕਤੰਤਰ ਦੇ ਦਮਨ ਨੂੰ ਤੇਜ਼ ਕਰ ਰਿਹਾ ਹੈ।

***

## ਦਰਿਆਈ ਪਾਣੀਆਂ ਦੀ ਵੰਡ

ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਦੀਆਂ ਟਿਕਟਾਂ ਸੰਬੰਧੀ ਅਰਵਿੰਦ ਕੇਜਰੀਵਾਲ ਦੀ ਮਨਜ਼ੂਰੀ ਤੋਂ ਬਿਨਾਂ ਟਿਕਟਾਂ ਦਾ ਅੰਤਿਮ ਫ਼ੈਸਲਾ ਵੀ ਉਹੀ ਕਰਦੇ ਹਨ। ਉਹ ਬਹੁਤ ਪੜੇ -ਲਿਖੇ ਵੀ ਹਨ, ਉਨ ਾਂ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕੀਤੀ ਹੈ ਅਤੇ ਉਹ ਆਕਸਫੋਰਡ ਯੂਨੀਵਰਸਿਟੀ ਅਤੇ ਐਮ.ਆਈ..ਟੀ. ਵਿੱਚ ਖੋਜ ਵੀ ਕਰਦੇ ਰਹੇ ਹਨ। ਪਰ ਉਹ ਆਪਣੀ ਕਾਬਲੀਅਤ ਪੰਜਾਬ ਦੇ ਹਿਤਾਂ ਦੀ ਰਾਖੀ ਕਰਨਾ ਦੀ ਥਾਂ ਪੰਜਾਬ ਦਾ ਸ਼ੋਸ਼ਣ ਕਰਨ ਲਈ ਵਰਤ ਰਹੇ ਹਨ। ਆਪ ਦੀ ਹਾਈਕਮਾਂਡ ਚੋਣਾਂ ਨੂੰ ਸਾਹਮਣੇ ਰੱਖ ਕੇ ਪੰਜਾਬ ਦੇ ਹਿਤਾਂ ਨੂੰ ਭੁੱਲ ਕੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਵਾਲੀ ਗੋਲ-ਮੋਲ ਜਿਹੀ ਨੀਤੀ ਅਪਨਾ ਰਹੀ ਹੈ।

***

## ਭਗਤ ਨਾਮਦੇਵ ਜੀ

ਗੁਰਮਤਿ ਵਿਚਾਰ ਪ੍ਰਗਟਾਏ ਗਏ ਹਨ। ਆਪ ਜੀ ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦੇ ਸਖ਼ਤ ਵਿਰੋਧੀ ਸਨ। ਸਗੋਂ ਮੁਕਤੀ ਲਈ ਪ੍ਰਭੂ ਨਾਮ ਸਿਮਰਨ ਤੇ ਹੀ ਟੇਕ ਰਖਦੇ ਸਨ। ਭਗਤ ਜੀ ਦੇ ਕੁਝ ਪਾਵਨ ਬਚਨਾਂ ਦਾ ਵੇਰਵਾ ਹੈ :-

ਹੇ ਭਾਈ! ਹੋਰ ਸਭਨਾਂ ਦੀ ਆਸ ਛੱਡ। ਇਕ ਬੇਅੰਤ ਪ੍ਰਭੂ ਦਾ ਧਿਆਨ ਧਰ, ਜੋ ਸਭਨਾਂ ਵਿੱਚ ਮੌਜੂਦ ਹੈ। ਨਾਮਦੇਵ ਬੇਨਤੀ ਕਰਦਾ ਹੈ -ਜੋ ਮਨੁੱਖ ਪ੍ਰਭੂ ਦਾ ਧਿਆਨ ਧਰ ਕੇ ਨਿਸ਼ਕਾਮ ਹੋ ਜਾਂਦਾ ਹੈ, ਉਸ ਵਿੱਚ ਅਤੇ ਪ੍ਰਭੂ ਵਿੱਚ ਕੋਈ ਭਿੰਨ ਭੇਦ ਨਹੀਂ ਰਹਿ ਜਾਂਦਾ। ਭਾਵ ਪਰਮਾਤਮਾ ਘਟ ਘਟ ਵਿੱਚ ਮੌਜੂਦ ਹੈ। ਹੋਰ ਆਸਾਂ ਛੱਡ ਕੇ ਉਸੇ ਦਾ ਆਸਰਾ ਲੈਣਾ ਚਾਹੀਦਾ ਹੈ।

ਮੈਂ ਨਾਮਦੇਵ ਨੇ ਪ੍ਰਭੂ ਦਾ ਭਜਨ ਕਰਕੇ ਪ੍ਰਭੂ ਨਾਲ ਸਾਂਝ ਪਾ ਲਈ ਹੈ ਤੇ ਜਗਤ ਦੇ ਆਸਰੇ ਪ੍ਰਭੂ ਵਿੱਚ ਮੇਰੀ ਜਿੰਦ ਲੀਨ ਹੋ ਗਈ ਹੈ।

ਹੇ ਭੈਣ! ਉਸ ਸੋਹਣੇ ਰਾਮ ਨੂੰ ਮੈਲ ਦਾ ਦਾਗ ਤੱਕ ਨਹੀਂ ਹੈ। ਉਹ ਮੈਲ ਤੋਂ ਪਰੇ ਹੈ। ਉਹ ਰਾਮ ਤਾਂ ਸੁਗੰਧੀ ਵਾਂਗ ਸਭ ਜੀਵਾਂ ਵਿੱਚ ਆ ਕੇ ਵਸਦਾ ਹੈ। ਭਾਵ ਜਿਵੇਂ ਸੁਗੰਧੀ ਫੁੱਲਾਂ ਵਿੱਚ ਹੈ। ਹੇ ਭੈਣ! ਉਸ ਸੋਹਣੇ ਰਾਮ ਨੂੰ ਕਦੇ ਵੀ ਕਿਸੇ ਨੇ ਜੰਮਦਾ ਨਹੀਂ ਵੇਖਿਆ। ਕੋਈ ਨਹੀਂ ਜਾਣਦਾ ਕਿ ਉਹ ਕਿਹੋ ਜਿਹਾ ਹੈ। ਹੇ ਭੈਣ! ਮੇਰਾ ਸੋਹਣਾ ਰਾਮ ਹਰ ਥਾਂ ਵਿਆਪਕ ਹੈ ਪਰ ਕੋਈ ਜੀਵ ਭੀ ਉਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕਰ ਸਕਦਾ। ਕਿਸੇ ਨੇ ਭੀ ਉਸ ਦੇ ਮੁਕੰਮਲ ਸਰੂਪ ਨੂੰ ਨਹੀਂ ਸਮਝਿਆ। ਪਰਮਾਤਮਾ ਦਾ ਨਾਮ ਸਿਮਰਿਆ ਕਿਸੇ ਜੀਵ ਦਾ ਭੀ ਕੋਈ ਪਾਪ ਨਹੀਂ ਰਹਿ ਜਾਂਦਾ। ਵਿਕਾਰਾਂ ਵਿੱਚ ਨਿਘਰੇ ਹੋਏ ਬੰਦੇ ਭੀ ਪ੍ਰਭੂ ਦਾ ਭਜਨ ਕਰਕੇ ਪਵਿੱਤਰ ਹੋ ਜਾਂਦੇ ਹਨ।

ਜੋ ਮਨੁੱਖ ਪਰਮਾਤਮਾ ਦਾ ਭਜਨ ਨਹੀਂ ਕਰਦੇ, ਮੈਂ ਉਹਨਾਂ ਦਾ ਦਰਸ਼ਨ ਨਹੀਂ ਕਰਦਾ। ਭਾਵ ਮੈਂ ਉਹਨਾਂ ਦੀ ਬੈਠਕ ਨਹੀਂ ਬੈਠਦਾ। ਮੈਂ ਉਹਨਾਂ ਨਾਲ ਬਹਿਣ ਖ਼ਲੋਣ ਨਹੀਂ ਰੱਖਦਾ।

ਹੇ ਮੇਰੇ ਪਾਖੰਡੀ ਮਨ! ਕਪਟ ਨਾ ਕਰ। ਛੱਡ ਇਹ ਕਪਟ। ਸਦਾ ਪਰਮਾਤਮਾ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ।

ਇੱਕ ਪੱਥਰ ਨੂੰ ਦੇਵਤਾ ਬਣਾਂ ਕੇ ਉਸ ਨਾਲ ਪਿਆਰ ਕੀਤਾ ਜਾਂਦਾ ਹੈ। ਦੂਜੇ ਪੱਥਰਾਂ ਤੇ ਪੈ ਰ ਧਰਿਆ ਜਾਂਦਾ ਹੈ। ਜੇ ਉਹ ਪੱਥਰ ਜਿਸ ਦੀ ਪੂਜਾ ਕੀਤੀ ਜਾਂਦੀ ਹੈ, ਦੇਵਤਾ ਹੈ ਤਾਂ ਦੂਜਾ ਪੱਥਰ ਭੀ ਦੇਵਤਾ ਹੈ। ਉਸ ਨੂੰ ਕਿਉਂ ਪੈਰਾਂ ਹੇਠ ਲਤਾੜੀਦਾ ਹੈ। ਪਰ ਨਾਮਦੇਵ ਆਖਦਾ ਹੈ ਕਿ ਅਸੀਂ ਕਿਸੇ ਪੱਥਰ ਨੂੰ ਦੇਵਤਾ ਥੱਪ ਕੇ ਉਸ ਦੀ ਪੂਜਾ ਕਰਨ ਨੂੰ ਤਿਆਰ ਨਹੀਂ। ਅਸੀਂ ਤਾਂ ਪਰਮਾਤਮਾ ਦੀ ਬੰਦਗੀ ਕਰਦੇ ਹਾਂ।

ਜੇ ਗੁਰੂ ਮਿਲ ਪਏ ਤਾਂ ਅਠਾਹਟ ਤੀਰਥਾਂ ਦਾ ਇਸ਼ਨਾਨ ਹੋ ਗਿਆ ਜਾਣੋ। ਸਰੀਰ ਉੱਤੇ ਚੱਕਰ ਲੱਗ ਗਏ ਸਮਝੋ। ਜਿਵੇਂ ਬੈਰਾਗੀ ਦਵਾਰਕਾ ਜਾ ਕੇ ਲਾਉਂਦੇ ਹਨ। ਬਾਰਾਂ ਹੀ ਸ਼ਿਵ ਲਿੰਗਾਂ ਦੀ ਪੂਜਾ ਹੋ ਗਈ। ਜਾਣੋ ਉਸ ਮਨੁੱਖ ਦੇ ਲਈ ਸਾਰੇ ਜ਼ਹਿਰ ਭੀ ਮਿੱਠੇ ਫਲ ਬਣ ਜਾਂਦੇ ਹਨ। ਜੇ ਗੁਰੂ ਮਿਲ ਪਏ ਤਾਂ ਦਿਲ ਦੇ ਸ਼ੰਕੇ ਮਿਟ ਜਾਂਦੇ ਹਨ। ਜਮਾਂ ਤੋਂ ਹੀ ਖ਼ਲਾਸੀ ਹੋ ਜਾਂਦੀ ਹੈ। ਸੰਸਾਰ ਸਮੁੰਦਰ ਤੋਂ ਮਨੁੱਖ ਪਾਰ ਲੰਘ ਜਾਂਦੀ ਹੈ। ਜਨਮ ਮਰਨ ਤੋਂ ਬਚ ਜਾਂਦਾ ਹੈ। ਜੇ ਗੁਰੂ ਮਿਲ ਪਏ ਤਾਂ ਅਠਾਰਾਂ ਸਿਮ੍ਰਿਤੀਆਂ ਦੇ ਦੱਸੇ ਕਰਮ ਕਾਂਡ ਦੀ ਲੋੜ ਨਹੀਂ ਰਹਿ ਜਾਂਦੀ। ਸਾਰੀ ਬਨਸਪਤੀ ਹੀ ਪ੍ਰਭੂ ਦੇਣ ਦੀ ਨਿੱਤ ਭੇਟ ਹੁੰਦੀ ਦਿਸ ਪੈਂਦੀ ਹੈ। ਸਤਿਗੁਰੂ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ, ਜਿਥੋਂ ਮਨੁੱਖ ਜੀਵਨ ਦਾ ਸਹੀ ਰਸਤਾ ਲੱਭ ਸਕੇ। ਨਾਮਦੇਵ ਹੋਰ ਸਭ ਆਸਰੇ ਪਰਨੇ ਛੱਡ ਕੇ ਗੁਰੂ ਦੀ ਸ਼ਰਨ ਪਿਆ ਹੈ।

ਤ੍ਰਿਲੋਚਨ ਆਖਦਾ ਹੈ ਕਿ ਹੇ ਮ੍ਰਿਤ ਨਾਮਦੇਵ! ਤੂੰ ਤਾਂ ਮਾਇਆ ਵਿੱਚ ਫਸਿਆ ਜਪਦਾ ਹੈ। ਇਹ ਅੰਬਰੇ ਕਿਉਂ ਠੇਕ ਰਿਹਾ ਹੈ। ਪਰਮਾਤਮਾ ਦੇ ਚਰਨਾ ਨਾਲ ਕਿਉਂ ਚਿੱਤ ਨਹੀਂ ਜੋੜਦਾ। ਨਾਮਦੇਵ ਅੱਗੋਂ ਉੱਤਰ ਦਿੰਦਾ ਹੈ -ਹੇ ਤ੍ਰਿਲੋਚਨः ਮੂੰਹ ਨਾਲ ਪਰਮਾਤਮਾ ਦਾ ਨਾਮ ਲੈ। ਹੱਥ ਪੈਰ ਵਰਤ ਕੇ ਸਾਰਾ ਕੰਮ ਕਾਜ ਕਰ ਅਤੇ ਆਪਣਾ ਚਿੱਤ ਮਾਇਆ ਰਹਿਤ ਪਰਮਾਤਮਾ ਨਾਲ ਜੋੜ।

ਮੂਰਖ ਮਨੁੱਖ ਮਾਇਆ ਦੀ ਖਾਤਿਰ ਬੜੀ ਮਿਹਨਤ ਕਰਦਾ ਹੈ। ਉਸ ਕਮਾ ਕੇ ਧਰਮੀ ਵਿੱਚ ਨੱਪ ਰਖਦਾ ਹੈ। ਮੂਰਖ ਬੜੀ ਇਕੱਠੀ ਕਰੀ ਜਾਂਦਾ ਹੈ ਪਰ ਸਮਝਦਾ ਨਹੀਂ ਕਿ ਧੰਨ ਜ਼ਮੀਨ ਵਿੱਚ ਦਬਿਆ ਪਿਆ ਰਹਿੰਦਾ ਹੈ। ਮੌਤ ਆਇਆ ਸਰੀਰ ਮਿੱਟੀ ਹੋ ਜਾਂਦਾ ਹੈ।

ਸੁੱਖ ਮੰਗਣ ਅਤੇ ਦੁੱਖਾਂ ਤੋਂ ਬਚਣ ਲਈ ਅੰਞਾਣ ਲੋਕ ਆਪਣੀ ਹੀ ਹੱਥੀ ਪੱਥਰਾਂ ਤੋਂ ਘੜੇ ਹੋਏ ਦੇਵਤਿਆਂ ਅੱਗੇ ਨੱਕ ਰਗੜਦੇ ਹਨ ਪਰ ਹੇ ਮੇਰੇ ਮਨ ਤੂੰ ਇੱਕ ਪ੍ਰਭੂ ਨੂੰ ਸਿਮਰ! ਉਹੋ ਹੀ ਵਾਸਨਾ ਰਹਿਤ ਅਵਸਥਾ ਦੇਣ ਵਾਲਾ ਹੈ। ਉਸ ਦਾ ਸਿਮਰਨ ਕੀਤਿਆਂ ਫਿਰ ਤੇਰਾ ਜਗਤ ਵਿੱਚ ਜੰਮਣਾ-ਮਰਨਾ ਮਿਟ ਜਾਵੇਗਾ।

***

## ਸ਼੍ਰੋਮਣੀ ਕਮੇਟੀ ਚੋਣਾਂ ਦੇ ਵੋਟ

ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸਕੱਤਰ, ਮੈਂਬਰ ਜਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਉਹਦਾ ਕੋਈ ਨੋਟਿਸ ਨਹੀਂ ਲਿਆ। ਉਹ ਤਾਂ ਭਲਾ ਹੋਵੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ, ਜਿਸ ਨੇ ਸ਼੍ਰੋਮਣੀ ਕਮੇਟੀ, ਜਥੇਦਾਰ ਅਤੇ ਕੌਮ ਨੂੰ ਜਗਾਉਣ ਦਾ ਹੌਸਲਾ ਕੀਤਾ। ਉਹਨਾਂ ਦੇ ਬੋਲਣ ਤੋਂ ਬਾਅਦ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਉਹ ਪੁਰਾਣਾ ਫਾਰਮ ਵਾਪਸ ਲੈ ਕੇ ਨਵਾਂ ਫਾਰਮ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਹੇਠਾਂ ਵਿਸ਼ੇਸ਼ ਤੌਰ 'ਤੇ ਸਵੈ ਘੋਸ਼ਣਾ ਦੇ ਰੂਪ ਵਿੱਚ ਇਹ ਦਰਜ ਕਰ ਦਿੱਤਾ ਗਿਆ ਹੈ ਕਿ ਮੈਂ ਧਰਮ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਸਿੱਖ ਹਾਂ, ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਾਂ ਗੁਰੂ ਸਾਹਿਬਾਨਾਂ ਨੂੰ ਮੰਨਦਾ/ਮੰਨਦੀ ਹਾਂ ਅਤੇ ਮੇਰਾ ਹੋਰ ਕੋਈ ਧਰਮ ਨਹੀਂ ਹੈ, ਪ੍ਰੰਤੂ ਪੁਰਾਣੇ ਫਾਰਮ ਵਿੱਚ ਅਜਿਹਾ ਕੁੱਝ ਵੀ ਨਹੀਂ ਸੀ ਲਿਖਿਆ ਗਿਆ। ਇਸ ਗੱਲ ਲਈ ਗੁਰਦੁਆਰਾ ਚੋਣ ਕਮਿਸ਼ਨ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਉਹਨਾਂ ਨੇ ਸਿੱਖ ਧਿਰਾਂ ਦੇ ਪੂਰੀ ਤਰਾਂ ਕੇਂਦਰ ਅੱਗੇ ਗੋਡੇ ਟੇਕਣ ਦੇ ਬਾਵਜੂਦ ਵੀ ਸਿੱਖ ਭਾਵਨਾਵਾਂ ਨੂੰ ਸਮਝਦਿਆਂ ਇਹ ਦੋ ਸਤਰਾਂ ਸਵੈ ਘੋਸ਼ਣਾ ਦੇ ਰੂਪ ਵਿੱਚ ਸ਼ਾਮਲ ਕਰ ਦਿੱਤੀਆਂ ਹਨ, ਨਹੀਂ ਤਾਂ ਜਿਸ ਤਰ੍ਹਾਂ ਨਾਮਧਾਰੀ ਮੁਖੀ ਠਾਕਰ ਦਲੀਪ ਸਿੰਘ ਦਾ ਸਿੱਖ ਕੌਮ ਨੂੰ ਸ਼ਰਮਸਾਰ ਕਰਨ ਵਾਲਾ ਬਿਆਨ ਆਇਆ ਸੀ, ਜਿਸ ਵਿੱਚ ਉਹਨਾਂ ਕਿਹਾ ਹੈ ਕਿ ਸਿੱਖ ਬਨਣ ਵਾਸਤੇ ਅੰਮ੍ਰਿਤ ਛਕਣਾ ਅਤੇ ਕੇਸ ਰੱਖਣੇ ਜਰੂਰੀ ਨਹੀਂ, ਸ਼ਰਧਾ ਹੀ ਜ਼ਰੂਰੀ ਹੈ। ਉਹਨਾਂ ਨੇ ਸਿੱਖ ਇਤਿਹਾਸ ਤੋਂ ਉਦਾਹਰਣਾਂ ਦੇ ਕੇ ਆਪਣੀ ਬੇਹੱਦ ਹਲਕੀ ਗੱਲ ਨੂੰ ਵਜ਼ਨਦਾਰ ਬਣਾਉਣ ਦੀ ਵੀ ਅਸਫਲ ਕੋਸ਼ਿਸ਼ ਕੀਤੀ ਹੈ। ਭਾਵੇਂ ਇਸ ਬਿਆਨ ਦੀ ਕੋਈ ਅਹਿਮੀਅਤ ਨਹੀਂ ਸਮਝੀ ਜਾ ਰਹੀ, ਪ੍ਰੰਤੂ ਫਿਰ ਵੀ ਇਹ ਬਿਆਨ ਸ਼੍ਰੋਮਣੀ ਕਮੇਟੀ ਰਾਹੀ ਸਿੱਖੀ ਸਿਧਾਂਤਾਂ ਦਾ ਮਲੀਆਮੇਟ ਕਰਵਾਉਣ ਲਈ ਚੱਲ ਰਹੀਆਂ ਸਾਜ਼ਿਸ਼ਾਂ ਦੀ ਕੜੀ ਨੂੰ ਅੱਗੇ ਵਧਾਉਣ ਵਿੱਚ ਵੱਡੀ ਭੂਮਿਕਾ ਅਦਾ ਕਰਨ ਵਿੱਚ ਸਹਾਈ ਹੋ ਸਕਦਾ ਸੀ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸਿੱਖ ਵਿਰੋਧੀ ਸੋਚ ਸੌਖਿਆਂ ਹੀ ਗੁਰਦੁਆਰਾ ਪ੍ਰਬੰਧ 'ਤੇ ਕਾਬਜ਼ ਹੋਣ ਵਿੱਚ ਸਫਲ ਹੋ ਸਕਦੀ ਸੀ। ਭਾਵੇਂ ਸਿੱਖ ਵਿਰੋਧੀ ਸੋਚ ਨੂੰ ਦਾਖਲ ਹੋਣ ਤੋਂ ਰੋਕਣ ਲਈ ਅਜੇ ਵੀ ਕੋਈ ਤਸੱਲੀਬਖ਼ਸ਼ ਹੱਲ ਨਹੀਂ ਕਰਵਾਇਆ ਜਾ ਸਕਿਆ, ਪਰ ਕੁੱਝ ਨਾ ਕੁੱਝ ਰਾਹਤ ਜਰੂਰ ਮਹਿਸੂਸ ਕੀਤੀ ਜਾ ਰਹੀ ਹੈ, ਇਸ ਦਾ ਕਾਰਨ ਇਹ ਹੈ ਕਿ ਸਿੱਖ ਆਪਣੇ ਬਲਬੂਤੇ 'ਤੇ ਕੇਂਦਰ ਤੋਂ ਕੋਈ ਵੀ ਮੰਗ ਮਨਵਾਉਣ ਦੇ ਸਮਰੱਥ ਨਹੀਂ ਰਹੇ, ਜਿਸ ਕਰਕੇ ਕੇਂਦਰ ਵੱਲੋਂ ਆਪਣੇ ਰਹਿਮੋ ਕਰਮ 'ਤੇ ਦਿੱਤੀ ਤੁੱਛ ਜਿਹੀ ਰਾਹਤ ਹੀ ਵੱਡੀ ਪ੍ਰਾਪਤੀ ਜਾਪਦੀ ਹੈ। ਸੋ ਕੁੱਝ ਵੀ ਹੋਵੇ, ਪਰ ਆਮ ਸਿੱਖ ਵੋਟਰ ਨੂੰ ਸੁਚੇਤ ਹੋ ਕੇ ਜ਼ਿੰਮੇਵਾਰੀ ਸੰਭਾਲਣੀ ਪਵੇਗੀ, ਫਿਰ ਹੀ ਗੁਰਦੁਆਰਾ ਪ੍ਰਬੰਧ ਦੇ ਸਹੀ ਹੱਥਾਂ ਵਿੱਚ ਜਾਣ ਦੀ ਆਸ ਕੀਤੀ ਜਾ ਸਕਦੀ ਹੈ।

****

## ਅਮਰੀਕਾ ਵਪਾਰ ਦੇ ਮਾਮਲੇ 'ਚ ਬਣਿਆ ਭਾਰਤ ਦਾ

ਇਸ ਟਰੈਂਡ 'ਚ ਬਦਲਾਅ ਆਉਣ ਦੀ ਉਮੀਦ ਹੈ। ਐਕਸਪਰਟ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਆਉਣ ਵਾਲੇ ਸਾਲਾਂ 'ਚ ਅਮਰੀਕਾ ਦੇ ਨਾਲ ਭਾਰਤ ਦੇ ਦੋਪੱਖੀ ਵਪਾਰ ਦੇ ਵਧਣ ਦਾ ਰੁਝਾਨ ਜਾਰੀ ਰਹੇਗਾ, ਕਿਉਂਕਿ ਦੋਵੇਂ ਦੇਸ਼ ਆਪਸੀ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

**ਭਾਰਤ ਅਤੇ ਚੀਨ ਦਰਮਿਆਨ 58.11 ਅਰਬ ਡਾਲਰ ਰਿਹਾ ਵਪਾਰ**

ਚਾਲੂ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ 'ਚ ਭਾਰਤ ਅਤੇ ਚੀਨ ਦਰਮਿਆਨ ਦੋਪੱਖੀ ਵਪਾਰ 58.11 ਅਰਬ ਡਾਲਰ ਰਿਹਾ। ਇਹ ਸਾਲ ਭਰ ਪਹਿਲਾਂ ਦੀ ਤੁਲਨਾ 'ਚ 3.56 ਫ਼ੀਸਦੀ ਘਟ ਹੈ। ਚਾਲੂ ਵਿੱਤੀ ਸਾਲ ਦੀ ਪਹਿਲੀ ਛਮਾਹੀ 'ਚ ਭਾਰਤ ਤੋਂ ਚੀਨ ਨੂੰ ਬਰਾਮਦ ਮਾਮੂਲੀ ਰੂਪ ਨਾਲ ਘਟ ਕੇ 7.74 ਅਰਬ ਡਾਲਰ ਰਹਿ ਗਈ। ਇਸ ਦੌਰਾਨ ਚੀਨ ਦੀ ਦਰਾਮਦ ਵੀ ਸਾਲ ਭਰ ਪਹਿਲਾਂ ਦੇ 52.42 ਅਰਬ ਡਾਲਰ ਤੋਂ ਘਟ ਕੇ 50.47 ਅਰਬ ਡਾਲਰ 'ਤੇ ਆ ਗਈ।

***

## 'ਸਰਦਾਰ ਆਫ਼ ਸਪਿਨ' ਬਿਸ਼ਨ

ਕੋਚਿੰਗ ਦੇ ਨਾਲ-ਨਾਲ ਸਾਬਕਾ ਗੇਂਦਬਾਜ਼ ਨੇ ਕੁਮੈਂਟਰੀ 'ਚ ਵੀ ਹੱਥ ਅਜ਼ਮਾਇਆ। ਸਾਲ 1990 ਵਿੱਚ ਬਿਸ਼ਨ ਸਿੰਘ ਨਿਊਜ਼ੀਲੈਂਡ ਅਤੇ ਇੰਗਲੈਂਡ ਦੇ ਦੌਰੇ 'ਤੇ ਗਈ ਭਾਰਤੀ ਟੀਮ ਦੇ ਮੈਨੇਜਰ ਵੀ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਰਾਸ਼ਟਰੀ ਚੋਣਕਾਰ ਵਜੋਂ ਭਾਰਤੀ ਕ੍ਰਿਕਟ ਦੀ ਸੇਵਾ ਵੀ ਕੀਤੀ।

**ਕਰੋੜਾਂ ਰੁਪਏ ਦੀ ਜਾਇਦਾਦ :**

ਬੇਦੀ ਦਾ ਨਾਂ ਭਾਰਤ ਦੇ ਸਭ ਤੋਂ ਸਫਲ ਖੱਬੇ ਹੱਥ ਦੇ ਆਰਥੋਡਾਕਸ ਸਪਿਨਰਾਂ ਵਿੱਚ ਗਿਣਿਆ ਜਾਂਦਾ ਹੈ। ਇਸ ਦੌਰਾਨ ਉਨ ਾਂ ਨੇ ਨਾ ਸਿਰਫ ਕ੍ਰਿਕਟ 'ਚ ਆਪਣਾ ਨਾਂ ਬਣਾਇਆ ਸਗੋਂ ਇਸ ਤੋਂ ਕਾਫੀ ਦੌਲਤ ਅਤੇ ਪ੍ਰਸਿੱਧੀ ਵੀ ਹਾਸਲ ਕੀਤੀ। ਇਹੀ ਕਾਰਨ ਹੈ ਕਿ ਦੁਨੀਆ ਨੂੰ ਅਲਵਿਦਾ ਆਖਦਿਆਂ ਉਹ ਆਪਣੇ ਪਿੱਛੇ ਕਰੋੜਾਂ ਰੁਪਏ ਦੀ ਜਾਇਦਾਦ ਛੱਡ ਗਏ ਹਨ। ਰਿਪੋਰਟ ਮੁਤਾਬਕ ਸਾਲ 2023 ਵਿੱਚ ਬੇਦੀ ਦੀ ਕੁੱਲ ਜਾਇਦਾਦ 5 ਮਿਲੀਅਨ ਅਮਰੀਕੀ ਡਾਲਰ ਹੈ। ਇਹ ਭਾਰਤੀ ਮੁਦਰਾ ਵਿੱਚ 41 ਕਰੋੜ ਰੁਪਏ ਤੋਂ ਵੱਧ ਹੈ। ਇਸ ਤੋਂ ਇਲਾਵਾ ਉਸ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਲੀਸ਼ਾਨ ਫਾਰਮ ਹਾਊਸ ਅਤੇ ਘਰ ਵੀ ਹਨ। ਹਾਲਾਂਕਿ ਉਸ ਦੀ ਜੀਵਨ ਸ਼ੈਲੀ ਅਤੇ ਉਸ ਦੀਆਂ ਕਾਰਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ।

1975 ਦੇ ਵਿਸ਼ਵ ਕੱਪ ਵਿੱਚ, ਬੇਦੀ ਨੇ ਪੂਰਬੀ ਅਫਰੀਕਾ ਵਿਰੁੱਧ ਆਪਣੇ 12 ਓਵਰਾਂ ਦੇ ਸਪੈੱਲ ਵਿੱਚ ਸਿਰਫ 6 ਦੌੜਾਂ ਦਿੱਤੀਆਂ ਸਨ। ਇਸ ਦੌਰਾਨ ਉਸ ਨੇ ਰਿਕਾਰਡ 8 ਮੇਡਨ ਓਵਰ ਸੁੱਟਣ ਦਾ ਕਾਰਨਾਮਾ ਕੀਤਾ ਸੀ ਬ਼ੇਦੀ ਨੇ ਆਪਣੇ ਟੈਸਟ ਕਰੀਅਰ ਵਿੱਚ 67 ਮੈਚਾਂ ਵਿੱਚ 266 ਵਿਕਟਾਂ ਲਈਆਂ। ਉਹ 22 ਟੈਸਟਾਂ ਵਿੱਚ ਭਾਰਤੀ ਟੀਮ ਦੇ ਕਪਤਾਨ ਵੀ ਰਹੇ। ਉਹ ਲੰਬੇ ਸਮੇਂ ਤੱਕ ਪਹਿਲੀ ਸ਼੍ਰੇਣੀ ਕ੍ਰਿਕਟ ਵਿੱਚ ਸਰਗਰਮ ਰਹੇ। ਉਨ ਾਂ ਦੇ ਨਾਂ 1560 ਵਿਕਟਾਂ ਹਨ। ਬੇਦੀ ਦਾ ਨਾਂ ਕ੍ਰਿਕਟ ਜਗਤ 'ਚ ਉਨ ਾਂ ਦੇ ਸੁਭਾਅ ਅਤੇ ਸਪੱਸ਼ਟ ਬੋਲਣ ਲਈ ਸਤਿਕਾਰਿਆ ਜਾਂਦਾ ਸੀ। ਬੇਦੀ ਉਨ੍ਹਾਂ ਪ੍ਰਮੁੱਖ ਖਿਡਾਰੀਆਂ ਵਿੱਚੋਂ ਇੱਕ ਸਨ ਜੋ ਕ੍ਰਿਕਟ ਵਿੱਚ ਮਾਨਸਿਕ ਜੰਗ ਨੂੰ ਮਹੱਤਵਪੂਰਨ ਮੰਨਦੇ ਸਨ। ਆਓ ਜਾਣਦੇ ਹਾਂ ਉਨ ਾਂ ਦੇ ਜੀਵਨ ਨਾਲ ਜੁੜੇ ਇਹ 5 ਕਿੱਸੇ-

***

## ਇਜ਼ਰਾਈਲ-ਫਲਸਤੀਨ ਜੰਗ ਦੌਰਾਨ

ਦੋ ਸਾਲਾਂ ਲਈ ਆਪਣੀ ਹਵਾਈ ਰੱਖਿਆ ਪ੍ਰਣਾਲੀ ਨੂੰ ਹਟਾ ਦਿੱਤਾ ਸੀ, ਜਿਸ ਨੂੰ ਮੁੜ ਤਾਇਨਾਤ ਕੀਤਾ ਗਿਆ ਹੈ।

ਪਿਛਲੇ ਹਫ਼ਤੇ, ਇੱਕ ਯੂਐਸ ਜੰਗੀ ਬੇੜੇ ਨੇ ਯਮਨ ਵਿੱਚ ਈਰਾਨ ਸਮਰਥਿਤ ਹੋਥਿਸ ਦੁਆਰਾ ਦਾਇਰ ਇੱਕ ਦਰਜਨ ਤੋਂ ਵੱਧ ਡਰੋਨ ਅਤੇ ਚਾਰ ਕਰੂਜ਼ ਮਿਜ਼ਾਈਲਾਂ ਨੂੰ ਡੇਗ ਦਿੱਤਾ ਸੀ।

ਥਾਡ ਸਿਸਟਮ ਇੱਕ ਸ਼ਕਤੀਸ਼ਾਲੀ ਰਾਡਾਰ ਹੈ। 2016 ਵਿੱਚ ਅਮਰੀਕਾ ਵੱਲੋਂ ਦੱਖਣੀ ਕੋਰੀਆ ਵਿੱਚ ਇਸ ਸਿਸਟਮ ਦੀ ਤਾਇਨਾਤੀ ਕਾਰਨ ਚੀਨ ਨਾਰਾਜ਼ ਹੋ ਗਿਆ ਸੀ, ਜਿਸ ਦਾ ਮੰਨਣਾ ਸੀ ਕਿ ਉਹ ਉਸ ਦੇ ਹਵਾਈ ਖੇਤਰ ਵਿੱਚ ਘੁਸਪੈਠ ਕਰ ਸਕਦਾ ਹੈ। ਗ਼ਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਦੇ ਖਾੜਕੂਆਂ ਵਿਚਾਲੇ ਸੰਘਰਸ਼ ਸ਼ੁਰੂ ਹੋਣ ਤੋਂ ਉਪਰੰਤ ਹੀ ਇਰਾਕ ਅਤੇ ਸੀਰੀਆ ਵਿੱਚ ਅਮਰੀਕੀ ਫੌਜਾਂ 'ਤੇ ਹਮਲੇ ਵਧ ਗਏ ਹਨ।

***

## ਵਿਵਾਦਤ ਦਾਸਤਾਨ-ਏ-ਸਰਹੰਦ

ਵਿਵਾਦਤ ਫਿਲਮਾਂ ਬਣਾਉਣ ਵਾਲਿਆਂ ਨੂੰ ਸਾਹਿਬਜ਼ਾਦਿਆਂ ਦਾ ਸਵਾਂਗ ਵਿਖਾ ਕੇ ਸਿੱਖ ਰਿਵਾਇਤਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

ਜਥੇ ਵੱਲੋਂ ਗੱਲ ਕਰਦਿਆਂ ਭਾਈ ਮਲਕੀਤ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਸਿੱਖ ਸੰਗਤ ਦੇ ਸੁਚੇਤ ਜਥਿਆਂ ਨੂੰ ਆਪਣੇ ਆਪਣੇ ਇਲਾਕੇ ਵਿੱਚ ਇਸ ਫਿਲਮ ਨੂੰ ਰੁਕਵਾਉਣ ਲਈ ਯੋਗ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਇਹ ਸਾਹਿਬਜ਼ਾਦਿਆਂ ਦੇ ਇਸ ਸਵਾਂਗ ਨੂੰ ਰੋਕਿਆ ਜਾ ਸਕੇ।

## ਮਹਿਲਾਵਾਂ ਨੂੰ ਆਤਮ ਨਿਰਭਰ

ਇਹ ਬੱਚਿਆਂ ਨੂੰ ਆਪਣੇ ਫੈਸਲਿਆਂ ਬਾਰੇ ਆਪਣੀ ਰਾਏ ਬਣਾਉਣ ਤੋਂ ਵੀ ਰੋਕੇਗਾ ਅਤੇ ਦੂਜਿਆਂ ਦੇ ਵਿਚਾਰਾਂ ਨੂੰ ਸ਼ਾਮਲ ਕਰਨਾ ਬਿਹਤਰ ਅਤੇ ਆਸਾਨ ਪਾਵੇਗਾ। ਇਹ ਤੁਹਾਨੂੰ ਹੀ ਉਨ੍ਹਾਂ ਨੂੰ ਸਮਝਾਉਣਾ ਹੋਵੇਗਾ ਕਿ ਰਸਤਾ ਭਾਵੇਂ ਆਸਾਨ ਜਾਪਦਾ ਹੈ ਪਰ ਭਵਿੱਖ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਪੈਦਾ ਕਰੇਗਾ। ਉਹ ਆਪਣੇ ਤੌਰ 'ਤੇ ਕੋਈ ਵੀ ਫੈਸਲਾ ਲੈਣ ਤੋਂ ਸੰਕੋਚ ਕਰਨਗੇ। ਇਸ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਪਹਿਲਾਂ ਆਪਣੇ ਆਪ ਤੋਂ ਸ਼ੁਰੂਆਤ ਕਰੋ ਅਤੇ ਬੱਚਿਆਂ ਨਾਲ ਜੁੜੇ ਮੁੱਦਿਆਂ ਵਿੱਚ ਆਪਣੀ ਰਾਏ ਨੂੰ ਮਹੱਤਵ ਦੇ ਨਾਲ ਪੇਸ਼ ਕਰੋ।

ਵਿਆਹ ਤੋਂ ਬਾਅਦ ਇਜਾਜ਼ਤ ਲੈਣ ਦੀ ਆਦਤ ਦਮ ਘੁਟਣ ਦਾ ਕਾਰਨ ਬਣ ਜਾਂਦੀ ਹੈ। ਇਹ ਖਾਣਾ ਪਕਾਉਣ ਨਾਲ ਸ਼ੁਰੂ ਹੁੰਦਾ ਹੈ. ਔਰਤਾਂ ਅਕਸਰ ਸਬਜ਼ੀਆਂ ਦੀ ਚੋਣ ਕਰਦੇ ਸਮੇਂ ਉਲਝਣ ਵਿੱਚ ਰਹਿੰਦੀਆਂ ਹਨ ਕਿ ਕੀ ਬਣਾਉਣਾ ਹੈ। ਅਜਿਹਾ ਨਾ ਹੋਵੇ ਕਿ ਉਹ ਅਜਿਹਾ ਭੋਜਨ ਤਿਆਰ ਕਰੇ ਜਿਸ ਨੂੰ ਕੋਈ ਖਾਣ ਤੋਂ ਇਨਕਾਰ ਕਰੇ ਜਾਂ ਕਿਸੇ ਨੂੰ ਚੰਗਾ ਨਾ ਲੱਗੇ। ਦੂਜਿਆਂ ਦੀ ਪਸੰਦ ਦਾ ਖਿਆਲ ਰੱਖਣਾ ਗਲਤ ਨਹੀਂ ਹੈ, ਪਰ ਆਪਣੀ ਪਸੰਦ ਦੀ ਸਬਜ਼ੀ ਪਕਾਉਣ ਤੋਂ ਪਹਿਲਾਂ ਦੂਜਿਆਂ ਦਾ ਧਿਆਨ ਰੱਖਣਾ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਇਜਾਜ਼ਤ ਲੈਣੀ ਚਾਹੀਦੀ ਹੈ ਕਿ ਕੀ ਮੈਂ ਉਸ ਸਬਜ਼ੀ ਨੂੰ ਪਕਾਵਾਂ ਜਾਂ ਤੁਸੀਂ ਸਾਰੇ ਖਾਓਗੇ। ਦੂਜਿਆਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ। ਰਾਏ ਆਪਣੇ ਆਪ ਨੂੰ ਥੋਪਣ ਵਰਗੀ ਹੈ। ਦੂਜਿਆਂ ਨੂੰ ਉਨ੍ਹਾਂ ਦੀਆਂ ਤਰਜੀਹਾਂ ਬਾਰੇ ਪੁੱਛਣ ਦੇ ਨਾਲ, ਆਪਣੇ ਆਪ ਤੋਂ ਇਹ ਵੀ ਪੁੱਛੋ ਕਿ ਤੁਸੀਂ ਕੀ ਖਾਣਾ ਪਸੰਦ ਕਰੋਗੇ। ਹਾਲਾਂਕਿ, ਔਰਤਾਂ ਆਪਣੇ ਪਰਿਵਾਰ ਦੇ ਹਰ ਮੈਂਬਰ ਦੀ ਪਸੰਦ ਨੂੰ ਜਾਣਦੀਆਂ ਹਨ, ਇਸ ਲਈ ਇਸ ਦੇ ਆਧਾਰ 'ਤੇ ਆਪਣੇ ਫੈਸਲੇ ਲੈਣ ਦੀ ਕੋਸ਼ਿਸ਼ ਕਰੋ।

***

## ਜਦੋਂ ਹੋਈ ਮੇਰੀ ਡੋਲੀ ਮਾਏ

ਸਮਝੋ ਉਸ ਨੇ ਆਪਣਾ ਸਭ ਕੁਝ ਦੇ ਦਿੱਤਾ, ਪਰ ਪੈਸੇ ਦੀ ਲੋਭੀ ਦੁਨੀਆਂ ਤਾਂ ਧੀਆਂ ਦੀ ਬਜਾਏ ਧਨ-ਦੌਲਤ ਅਤੇ ਦਾਜ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਧੀਆਂ ਦੇ ਮਾਪੇ ਤਾਂ ਸਾਰੀ ਉਮਰ ਮੁੰਡੇ ਵਾਲਿਆਂ ਅੱਗੇ ਝੁਕੇ ਹੀ ਰਹਿੰਦੇ ਹਨ। ਡੋਲੀ ਤੋਰਨ ਲੱਗਿਆਂ ਵੀ ਧੀ ਦਾ ਪਿਓ ਆਪਣੇ ਕੁੜਮ ਅੱਗੇ ਬੇਨਤੀ ਕਰਦਾ ਹੈ ਕਿ ਉਹ ਉਨ੍ਹਾਂ ਦੁਆਰਾ ਦਿੱਤੇ ਕੱਪੜੇ, ਗਹਿਣਿਆਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੁਆਰਾ ਦਿੱਤੀ ਤਿਲਫੁਲ ਭੇਟਾ ਨੂੰ ਸਵੀਕਾਰ ਕਰ ਲੈਣ ਅਤੇ ਉਨ੍ਹਾਂ ਦੀ ਧੀ ਨੂੰ ਸਹੁਰੇ ਪਰਿਵਾਰ ਵਿੱਚ ਪੂਰਾ ਮਾਣ ਬਖ਼ਸ਼ਣ।

ਧੀਆਂ ਤਾਂ ਅਸਲ ਵਿੱਚ ਹਨ ਹੀ ਚਿੜੀਆਂ ਜਿਨ੍ਹਾਂ ਨੇ ਇੱਕ ਨਾ ਇੱਕ ਦਿਨ ਉਡਾਰੀ ਮਾਰਨੀ ਹੀ ਹੁੰਦੀ ਹੈ। ਧੀਆਂ ਨੂੰ ਤਾਂ ਰਾਜੇ-ਰਜਵਾੜੇ ਵੀ ਘਰ ਨਹੀਂ ਰੱਖ ਸਕਦੇ। ਧੀ ਦੇ ਮਾਪਿਆਂ ਦੀ ਚਿੰਤਾ ਉਸ ਨੂੰ ਸਹੁਰੇ ਘਰ ਤੋਰ ਕੇ ਹੀ ਖਤਮ ਹੁੰਦੀ ਹੈ। ਧੀ ਭਾਵੇਂ ਕਦੇ ਵੀ ਆਪਣੇ ਬਾਬਲ ਦਾ ਘਰ ਛੱਡਣਾ ਨਹੀਂ ਚਾਹੁੰਦੀ। ਉਹ ਨਹੀਂ ਚਾਹੁੰਦੀ ਕਿ ਉਹ ਕਦੀ ਵੀ ਉਸ ਸਵਰਗ ਤੋਂ ਦੂਰ ਜਾਵੇ ਜਿੱਥੇ ਉਸ ਦਾ ਬਚਪਨ ਬੀਤਿਆ, ਜਿੱਥੇ ਉਸ ਨੂੰ ਜਵਾਨੀ ਚੜ੍ਹੀ ਹੋਵੇ ਅਤੇ ਜਿੱਥੇ ਉਸ ਨੇ ਜ਼ਿੰਦਗੀ ਦੇ ਦੁੱਖ-ਸੁੱਖ ਮਾਣੇ ਹੋਣ:

ਕਾਹਨੂੰ ਕਰਨਾ ਗੁਮਾਨ ਬਾਬਲਾ
ਵੇ ਧੀਆਂ ਪਰਦੇਸਣਾਂ
ਕਾਹਨੂੰ ਹੋਈਆਂ ਸੀ ਜਵਾਨ ਬਾਬਲਾ
ਵੇ ਧੀਆਂ ਪਰਦੇਸਣਾਂ।

ਭਾਵੇਂ ਵਰਤਮਾਨ ਸਮੇਂ ਵਿਆਹਾਂ ਦਾ ਸਰੂਪ ਬਦਲ ਗਿਆ ਹੈ, ਪਰ ਡੋਲੀ ਤੁਰਨ ਸਮੇਂ ਜੋ ਦਰਦ ਕੱਲ੍ਹ ਹੁੰਦਾ ਸੀ, ਉਹੀ ਅੱਜ ਹੁੰਦਾ ਹੈ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਉਨ੍ਹਾਂ ਮਾਪਿਆਂ ਦਾ ਜੋ ਆਪਣੇ ਹੱਥੀਂ ਪਾਲੀਆਂ ਧੀਆਂ ਨੂੰ ਬੇਗਾਨੇ ਹੱਥੀਂ ਸੌਂਪ ਦਿੰਦੇ ਹਨ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਇਨ੍ਹਾਂ ਮਾਸੂਮ ਕੁੜੀਆਂ- ਚਿੜੀਆਂ ਦਾ ਜੋ ਆਪਣੀ ਵਸੀ- ਵਸਾਈ ਦੁਨੀਆ ਛੱਡ ਕੇ ਇੱਕ ਨਵੀਂ ਦੁਨੀਆ ਨੂੰ ਅਪਣਾਉਂਦੀਆਂ ਹਨ ਅਤੇ ਉਸ ਦੁਨੀਆ ਨੂੰ ਸਵਰਗ ਬਣਾਉਣ ਲਈ ਆਪਣਾ ਆਪਾ ਵਾਰ ਦਿੰਦੀਆਂ ਹਨ:

ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀਂ ਮਾਂ
ਮੈਂ ਤਾਂ ਜਾਣਾ ਬਿਗਾਨੜੇ ਦੇਸ ਨੀਂ ਮਾਂ।

***

## ਇਜ਼ਰਾਈਲ ਦੁਆਰਾ ਫਲਸਤੀਨ

ਇਸ ਦੀ ਬਹੁਤ ਘੱਟ ਜਾਇਜ਼ਤਾ ਹੈ। ਇਸ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਇਜ਼ਰਾਈਲ ਨੂੰ ਵੈਸਟ ਬੈਂਕ ਵਿੱਚ ਹਮਾਸ ਅਤੇ ਹੋਰ ਹਿੰਸਕ ਇਜ਼ਰਾਈਲ-ਵਿਰੋਧੀ ਸਮੂਹਾਂ 'ਤੇ ਸ਼ਿਕੰਜਾ ਕੱਸਣ ਵਿੱਚ ਮਦਦ ਕਰਦਾ ਹੈ, ਜ਼ਰੂਰੀ ਤੌਰ 'ਤੇ ਇਜ਼ਰਾਈਲ ਦੀ ਪੁਲਿਸ ਫੋਰਸ ਵਜੋਂ ਕੰਮ ਕਰਦਾ ਹੈ। ਜਿਵੇਂ ਕਿ ਬੇਕੇਨੀ ਦੀ ਦਲੀਲ ਹੈ, ਪੀ ਏ ਨੂੰ 'ਇਸਰਾਈਲੀ ਰੰਗਭੇਦ ਨਾਲ ਅਟੁੱਟ ਤੌਰ 'ਤੇ ਜੋੜਿਆ ਜਾਂਦਾ ਹੈ।' ਹਮਾਸ ਵੀ ਜਾਇਜ਼ਤਾ ਦੇ ਮੁੱਦਿਆਂ ਤੋਂ ਪੀੜਤ ਸੀ। ਤਾਜ਼ਾ ਹਿੰਸਾ ਹਮਾਸ ਦੇ 'ਵਿਰੋਧ' ਪ੍ਰਮਾਣ ਪੱਤਰਾਂ ਨੂੰ ਬਹਾਲ ਕਰੇਗੀ ਅਤੇ ਬਹੁਤ ਵਧਾਏਗੀ। ਹਮਲੇ ਦੀ ਰਣਨੀਤਕ ਸਫਲਤਾ ਨੇ ਦਿਖਾਇਆ ਕਿ ਇਹ ਇੱਕ ਹੁਨਰਮੰਦ ਸੰਗਠਨ ਹੈ, ਅਤੇ ਇਜ਼ਰਾਈਲ ਨੂੰ ਹੋਣ ਵਾਲਾ ਨੁਕਸਾਨ ਕਿਸੇ ਵੀ ਵਿਅਕਤੀ ਨੂੰ ਦਿਲਾਸਾ ਦੇਵੇਗਾ ਜੋ ਇਜ਼ਰਾਈਲ ਨੂੰ ਫਲਸਤੀਨੀਆਂ ਦੀਆਂ ਪਿਛਲੀਆਂ ਹੱਤਿਆਵਾਂ ਲਈ ਖੂਨੀ ਕੀਮਤ ਅਦਾ ਕਰਨਾ ਚਾਹੁੰਦਾ ਹੈ। ਹਮਾਸ ਨੇ ਅੰਤਰਰਾਸ਼ਟਰੀ ਮਾਹੌਲ ਨੂੰ ਮੁੜ ਆਕਾਰ ਦੇਣ ਦੀ ਕੋਸ਼ਿਸ਼ ਕੀਤੀ ਹੋ ਸਕਦੀ ਹੈ ਕਿਉਂਕਿ ਇਹ ਫਲਸਤੀਨ ਅਤੇ ਇਜ਼ਰਾਈਲ ਨਾਲ ਸਬੰਧਿਤ ਹੈ। ਇਹ ਸੱਚ ਹੈ ਕਿ ਪੂਰੇ ਅਰਬ ਸੰਸਾਰ ਵਿੱਚ ਹਮਾਸ ਪੱਖੀ ਰੈਲੀਆਂ ਨਿਕਲੀਆਂ ਹਨ, ਪਰ ਅਰਬ ਸ਼ਾਸਨ ਇਜ਼ਰਾਈਲ ਵਿਰੋਧੀ ਗੁੱਸੇ ਨੂੰ ਕਾਰਵਾਈ ਕਰਨ ਲਈ ਮਜਬੂਰ ਕਰਨ ਦੀ ਬਜਾਏ ਇਸ ਨੂੰ ਚਲਾਉਣ ਵਿੱਚ ਮਾਹਰ ਹਨ। ਹਮਾਸ ਦੇ ਨੇਤਾਵਾਂ ਨੇ ਅਖੌਤੀ ਪ੍ਰਤੀਰੋਧ ਗਠਜੋੜ ਦੇ ਦੂਜੇ ਹਿੱਸਿਆਂ - ਜਿਸ ਵਿੱਚ ਜ਼ਿਆਦਾਤਰ ਈਰਾਨ ਅਤੇ ਹਿਜ਼ਬੁੱਲਾ ਵਰਗੇ ਈਰਾਨ ਸਮਰਥਿਤ ਸਮੂਹ ਸ਼ਾਮਲ ਹਨ - ਨੂੰ ਲੜਾਈ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਹੈ।

ਹੁਣ ਤੱਕ, ਹਿਜ਼ਬੁੱਲਾ ਨੇ ਸਿਰਫ਼ ਸੀਮਤ ਏਕਤਾ ਦੇ ਹਮਲੇ ਕੀਤੇ ਹਨ ਪਰ ਪੂਰੀ ਤਰ੍ਹਾਂ ਨਾਲ ਲੜਾਈ ਵਿੱਚ ਹਿੱਸਾ ਨਹੀਂ ਲਿਆ ਹੈ। ਜੇ ਅਜਿਹਾ ਹੋਇਆ, ਤਾਂ ਇਹ ਇੱਕ ਗੇਮ-ਚੇਂਜਰ ਹੋਵੇਗਾ, ਕਿਉਂਕਿ ਹਿਜ਼ਬੁੱਲਾ ਹਮਾਸ ਨਾਲੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ। ਇਹ ਦੱਸਣਾ ਬਹੁਤ ਜਲਦੀ ਹੈ ਕਿ ਕੀ ਹਮਾਸ ਇੱਥੇ ਕਾਮਯਾਬ ਹੋਇਆ ਹੈ। ਇਜ਼ਰਾਈਲ ਨਾਲ ਅਰਬ ਰਾਜਾਂ ਦੇ ਸਧਾਰਣਕਰਨ ਵਿੱਚ ਵਿਘਨ ਪਾਉਣਾ ਹਮਾਸ ਦਾ ਇੱਕ ਹੋਰ ਟੀਚਾ ਹੋ ਸਕਦਾ ਹੈ। ਸਾਊਦੀ ਅਰਬ, ਇਜ਼ਰਾਈਲ ਲਈ ਅੰਤਮ ਕੂਟਨੀਤਕ ਇਨਾਮ, ਨੇ ਹਾਲ ਹੀ ਵਿੱਚ ਬਹੁਤ ਸਾਰੇ ਇਜ਼ਰਾਈਲੀ ਅਧਿਕਾਰੀਆਂ ਦੀ ਮੇਜ਼ਬਾਨੀ ਕੀਤੀ ਹੈ, ਅਤੇ ਸਧਾਰਣ ਹੋਣਾ ਘੱਟ ਘੱਟ ਇੱਕ ਸੰਭਾਵਨਾ ਜਾਪਦਾ ਹੈ।

ਫਿਲਹਾਲ, ਇਹ ਸੰਭਾਵਨਾ ਤੋਂ ਬਾਹਰ ਹੈ। ਹਮਲਿਆਂ ਨੇ ਬਾਈਡਨ ਪ੍ਰਸ਼ਾਸਨ ਨੂੰ ਇਜ਼ਰਾਈਲ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ੋਰਦਾਰ ਢੰਗ ਨਾਲ ਗਲੇ ਲਗਾਉਣ ਲਈ ਮਜਬੂਰ ਕੀਤਾ ਹੈ, ਪਰ ਹੁਣ ਅਮਰੀਕੀ ਅਤੇ ਬ੍ਰਿਟਿਸ਼ ਦੀ ਵੱਡੀ ਭੀੜ ਇਜ਼ਰਾਈਲ ਦੇ ਹਮਲੇ ਅਤੇ ਉਨ੍ਹਾਂ ਦੀਆਂ ਸਰਕਾਰਾਂ ਦੀ ਨੀਤੀ ਦੇ ਵਿਰੁੱਧ ਆਵਾਜ਼ ਉਠਾਉਣ ਲਈ ਇਕੱਠੇ ਹੋ ਗਈ ਹੈ। ਕੁਝ ਫਲਸਤੀਨੀਆਂ ਜਾਂ ਉਨ੍ਹਾਂ ਦੇ ਸਮਰਥਕ ਇਜ਼ਰਾਈਲੀਆਂ ਨੂੰ ਦਰਦ ਵਿੱਚ ਦੇਖ ਕੇ ਜੋ ਵੀ ਸੰਤੁਸ਼ਟੀ ਦੀ ਭਾਵਨਾ ਮਹਿਸੂਸ ਕਰ ਸਕਦੇ ਹਨ, ਆਉਣ ਵਾਲੇ ਹਫ਼ਤਿਆਂ ਵਿੱਚ, ਇਜ਼ਰਾਈਲੀ ਪ੍ਰਤੀਕ੍ਰਿਆ ਦੀ ਮਨੁੱਖੀ ਕੀਮਤ ਉੱਚੀ ਹੋਵੇਗੀ।

***

## ਰੰਗੀਨ ਫ਼ਿਲਮੀ ਦੁਨੀਆਂ ਦਾ

ਦੂਰ ਕਰਨ ਲਈ ਉਹ ਮਹਿੰਗੀ ਟਿਕਟ ਲੈ ਕੇ ਫ਼ਿਲਮ ਵੇਖਣ ਜਾਂਦੇ ਹਨ ਤਾਂ ਕਿ ਉਹਨਾਂ ਦਾ ਤਨਾਓ ਦੂਰ ਹੋ ਸਕੇ ਪਰ ਜੇ ਫ਼ਿਲਮ ਵੇਖ ਕੇ ਤਨਾਓ ਵਿੱਚ ਵਾਧਾ ਹੀ ਹੋਣਾ ਹੈ ਤਾਂ ਫ਼ਿਰ ਫ਼ਿਲਮ ਵੇਖਣ ਦਾ ਕੀ ਫ਼ਾਇਦਾ। ਇਸੇ ਸੋਚ ਦਾ ਫ਼ਾਇਦਾ ਅਕਸਰ ਫ਼ਿਲਮਾਂ ਬਣਾਉਣ ਵਾਲੇ ਉਠਾਉਂਦੇ ਹਨ। ਅਕਸਰ ਫ਼ਿਲਮਾਂ ਵਿੱਚ ਪਿਆਰ ਅਤੇ ਲਵ ਨੂੰ ਮੁੱਖ ਵਿਸ਼ਾ ਦਿਖਾਇਆ ਜਾਂਦਾ ਹੈ। ਫ਼ਿਰ ਉਸ ਪਿਆਰ ਨੂੰ ਪਾਉਣ ਲਈ ਹੀਰੋ ਅਤੇ ਹੀਰੋਇਨ ਵੱਲੋਂ ਸੰਘਰਸ਼ ਕੀਤਾ ਜਾਂਦਾ ਹੈ। ਪਹਿਲਾਂ ਤਾਂ ਉ ਹਨਾ ਦੇ ਪਿਆਰ ਦਾ ਪਰਿਵਾਰ ਵਾਲੇ ਵਿਰੋਧ ਕਰਦੇ ਹਨ ਪਰ ਫਿਰ ਮੰਨ ਜਾਂਦੇ ਹਨ ਅਤੇ ਫ਼ਿਲਮ ਦਾ ਅੰਤ ਹੋ ਜਾਂਦਾ ਹੈ। ਕਈ ਫ਼ਿਲਮਾਂ ਰਾਹੀਂ ਨਿਰਮਾਤਾ ਕੁਝ ਗੁਪਤ ਸੰਦੇਸ਼ ਵੀ ਦੇ ਦਿੰਦੇ ਹਨ।

ਚਾਹੀਦਾ ਤਾਂ ਇਹ ਹੈ ਕਿ ਸਮਾਜ ਨੂੰ ਸੇਧ ਦੇਣ ਵਾਲੀਆਂ ਫ਼ਿਲਮਾਂ ਬਣਾਈਆ ਜਾਣ ਅਤੇ ਅਜਿਹੀਆਂ ਫ਼ਿਲਮਾਂ ਵੀ ਬਣਾਈਆਂ ਜਾਣ ਜਿਹਨਾਂ ਤੋਂ ਸਮਾਜ ਵਿੱਚ ਭਾਈਚਾਰਕ ਸਾਂਝ ਵਧੇ ਅਤੇ ਦੇਸ਼ ਵਿੱਚ ਸ਼ਾਂਤੀ ਦੀ ਸਥਾਪਨਾ ਹੋਵੇ ਅਤੇ ਆਮ ਲੋਕ ਆਪਸ ਵਿੱਚ ਰਲ ਮਿਲ ਕੇ ਰਹਿਣ।

***

## ਪੰਛੀ ਭਲਾਈ ਸਭਾ

ਫਸਲਾਂ ਵਿੱਚ ਉਡਦਿਆਂ ਮਨੁੱਖ ਮੈਨੂੰ ਫੜਨ ਵਿੱਚ ਮੁਸ਼ਕਿਲ ਮਹਿਸੂਸ ਕਰਦਾ ਹੈ। ਮਨੁੱਖਾਂ ਦੇ ਬੱਚੇ ਤੁਸੀਂ ਅਕਸਰ ਗਾਉਂਦੇ ਸੁਣੇ ਹੋਣਗੇ, ਸਾਹਾ ਸਲੇਟਾ ਤਿੱਤਰ ਮੋਟਾ-ਅੱਵਲ ਮਾਸ ਬਟੇਰੇ ਦਾ, ਇਸ ਲਈ ਮੈਂ ਹੱਕਦਾਰ ਹਾਂ।

ਹੁਣ ਤੱਕ ਅੱਖਾਂ ਮੀਟੀ ਬੈਠੇ ਉੱਲੂ ਤੋਂ ਇਹ ਸਭ ਕੁਝ ਸੁਣਿਆ ਨਾ ਗਿਆ ਅਤੇ ਬੜੀ ਨਿਮਰਤਾ ਨਾਲ ਬੋਲਿਆ, ਭਰਾਵੋ! ਭਾਵੇਂ ਮੈਨੂੰ ਸਾਰੇ ਉੱਲੂ ਕਹਿੰਦੇ ਹਨ, ਮਨੁੱਖ ਮੇਰੇ ਨਾਂਅ ਤੋਂ ਹੱਸਦਾ ਹੈ ਪਰ ਇਸ ਗੱਲ ਲਈ ਮਨੁੱਖ ਖੁਦ ਉੱਲੂ ਬਣ ਜਾਂਦਾ ਹੈ, ਜਦੋਂ ਉਹ ਭੁੱਲ ਜਾਂਦਾ ਹੈ ਕਿ ਮੈਂ ਹੀ ਉਸ ਦਾ ਸੱਚਾ ਮਿੱਤਰ ਹਾਂ, ਜਿਹੜਾ ਕਿ ਰਾਤ ਨੂੰ ਵੀ ਫਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਖਤਮ ਕਰਦਾ ਹਾਂ। ਰਹੀ ਗੱਲ ਤੁਹਾਡੀ ਪੰਛੀਆਂ ਦੀ, ਤੁਸੀਂ ਦਿਨ ਭਰ ਆਪਣੇ ਅੰਡਿਆਂ ਦੀ, ਬੱਚਿਆਂ ਦੀ ਅਤੇ ਆਪਣੀ ਰਾਖੀ ਖੂਬ ਕਰ ਲੈਂਦੇ ਹੋ ਅਤੇ ਮੈਂ ਵੀ ਨਿਸ਼ਚਿਤ ਕੁਝ ਆਰਾਮ ਕਰ ਲੈਂਦਾ ਹਾਂ ਪਰ ਰਾਤ ਆਉਂਦੇ ਹੀ ਮੈਂ ਸਾਰੀ-ਸਾਰੀ ਰਾਤ ਜਾਗ ਕੇ ਤੁਹਾਡੀ ਅਤੇ ਤੁਹਾਡੇ ਪਰਿਵਾਰਾਂ ਦੀ ਰਾਖੀ ਕਰਦਾ ਹਾਂ, ਕਿਉਂਕਿ ਰਾਤ ਨੂੰ ਮੈਂ ਹੀ ਦੇਖ ਸਕਦਾ ਹਾਂ ਅਤੇ ਇਸ ਤਰ੍ਹਾਂ ਪਰਮਾਤਮਾ ਨੇ ਮੈਨੂੰ ਹੀ ਰਾਤ ਸਮੇਂ ਤੁਹਾਡੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਭਾਵੇਂ ਮੈਂ ਉੱਲੂ ਹਾਂ ਪਰ ਕੰਮ ਮੇਰੇ ਸੇਵਾ ਭਾਵਨਾ ਵਾਲੇ ਹਨ... ਉੱਲੂ ਦੀ ਗੱਲ ਹਾਲੇ ਵਿਚਕਾਰ ਹੀ ਸੀ ਕਿ ਸਾਰੇ ਪੰਛੀਆਂ ਨੇ ਤਾੜੀ ਮਾਰ ਕੇ ਰੌਲਾ ਪਾਇਆ, ਹਾਂ ਹਾਂ, ਉੱਲੂ ਹੀ ਸਾਡਾ ਪ੍ਰਧਾਨ ਹੈ। ਸਭ ਦੀ ਸਹਿਮਤੀ ਦੇਖ ਮੋਰ ਨੇ ਵੀ ਉੱਲੂ ਦਾ ਨਾਂਅ ਪ੍ਰਧਾਨਗੀ ਲਈ ਐਲਾਨ ਕਰ ਦਿੱਤਾ।

***

## ਮਨੁੱਖ ਦੀ ਜ਼ਿੰਦਗੀ ਨੇ ਨਦੀਆਂ

ਪ੍ਰਦੂਸ਼ਿਤ ਨਦੀਆਂ ਦੀ ਵੀ ਪਛਾਣ ਕੀਤੀ ਹੈ ਅਤੇ ਰਾਜ ਸਰਕਾਰਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਰਿਆਵਾਂ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਕਿਵੇਂ ਰੱਖਿਆ ਜਾਵੇ, ਉਨ੍ਹਾਂ ਨੂੰ ਸਾਡੀਆਂ ਸ਼ਹਿਰੀ ਯੋਜਨਾਵਾਂ ਦਾ ਹਿੱਸਾ ਕਿਵੇਂ ਬਣਾਇਆ ਜਾਵੇ। ਇਸ ਦੇ ਲਈ ਲੋਕਾਂ ਵਿੱਚ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਨਦੀਆਂ ਨੂੰ ਸਾਫ਼ ਕਰਨਾ ਅਤੇ ਉਨ੍ਹਾਂ ਨੂੰ ਸੁਰਜੀਤ ਕਰਨਾ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਭਾਰਤ ਵਿੱਚ ਸਿਰਫ਼ ਗੰਗਾ ਨਦੀ ਦੀ ਸਫ਼ਾਈ ਬਾਰੇ ਨਾ ਸੋਚ ਕੇ ਭਾਰਤ ਦੀਆਂ ਸਾਰੀਆਂ ਨਦੀਆਂ ਦੀ ਸਫ਼ਾਈ ਬਾਰੇ ਸੋਚਿਆ ਜਾਵੇ। ਅੱਜ ਭਾਰਤ ਦੇ ਵੱਡੀ ਗਿਣਤੀ ਦਰਿਆਵਾਂ ਅਤੇ ਨਦੀਆਂ ਵਿੱਚ ਪ੍ਰਦੂਸ਼ਣ ਫੈਲ ਚੁੱਕਿਆ ਹੈ। ਇਹ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਵਿੱਚ ਨਦੀਆਂ ਨੂੰ ਮਾਂ ਕਿਹਾ ਜਾਂਦਾ ਹੈ ਅਤੇ ਨਦੀਆਂ ਦੀ ਆਰਤੀ ਕੀਤੀ ਜਾਂਦੀ ਹੈ। ਪਰ ਬਹੁਤ ਹੀ ਦੁੱਖ ਦੀ ਗਲ ਹੈ ਕਿ ਮਨੁੱਖ ਵੱਲੋਂ ਖੁਦ ਹੀ ਨਦੀਆਂ ਅਤੇ ਦਰਿਆਵਾਂ ਵਿੱਚ ਬਹੁਤ ਸਾਰਾ ਪ੍ਰਦੂਸ਼ਣ ਫੈਲਾਇਆ ਜਾ ਰਿਹਾ ਹੈ। ਇਹ ਠੀਕ ਹੈ ਕਿ ਸ਼ਹਿਰਾਂ ਅਤੇ ਪਿੰਡਾਂ ਵਿੱਚ ਸੀਵਰੇਜ ਦੀ ਸਹੂਲਤ ਦੇਣੀ ਜ਼ਰੂਰੀ ਹੁੰਦੀ ਹੈ ਪਰ ਇਸ ਸੀਵਰੇਜ ਨੂੰ ਪਵਿੱਤਰ ਦਰਿਆਵਾਂ ਅਤੇ ਨਦੀਆਂ ਵਿੱਚ ਨਹੀਂ ਸੁੱਟਣਾ ਚਾਹੀਦਾ। ਇਸ ਤੋਂ ਇਲਾਵਾ ਕਾਰਖਾਨਿਆਂ, ਫੈਕਟਰੀਆਂ ਅਤੇ ਉਦਯੋਗਾਂ ਦਾ ਕੈਮੀਕਲ ਵਾਲਾ ਪਾਣੀ ਵੀ ਦਰਿਆਵਾਂ ਅਤੇ ਨਦੀਆਂ ਵਿੱਚ ਨਹੀਂ ਪਾਉਣ ਦਿੱਤਾ ਜਾਣਾ ਚਾਹੀਦਾ।

ਨਦੀਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਰਕਾਰ, ਸਮਾਜ ਸੇਵੀ ਸੰਸਥਾਵਾਂ ਦੇ ਨਾਲ ਨਾਲ ਆਮ ਲੋਕਾਂ ਨੂੰ ਵੀ ਸਾਂਝੇ ਯਤਨ ਕਰਨੇ ਚਾਹੀਦੇ ਹਨ।

***

## ਕਿਵੇਂ ਮਿਲਦੈ ਫ਼ਿਲਮਾਂ ਨੂੰ

ਨਿਰਮਾਤਾ ਨੂੰ ਸੈਂਸਰ ਬੋਰਡ ਸਰਟੀਫਿਕੇਟ ਵਾਲੀ ਫ਼ਿਲਮ ਦੀ ਇੱਕ ਕਾਪੀ ਬਣਾਉਣੀ ਪੈਂਦੀ ਹੈ ਅਤੇ ਇਸ ਨੂੰ ਸਿਨੇਮਾਘਰਾਂ ਅਤੇ ਟੀਵੀ ਚੈਨਲਾਂ ਨੂੰ ਭੇਜਣੀ ਪੈਂਦੀ ਹੈ ਜਿੱਥੇ ਫ਼ਿਲਮ ਰਿਲੀਜ਼ ਹੋ ਰਹੀ ਹੈ।

ਇਹ ਸਰਟੀਫਿਕੇਟ ਫ਼ਿਲਮ ਦੇ ਸ਼ੁਰੂ ਵਿੱਚ ਦਿਖਾਇਆ ਗਿਆ ਹੈ। ਇੱਕ ਫ਼ਿਲਮ ਨੂੰ ਸਰਟੀਫਿਕੇਟ ਮਿਲਣ ਵਿੱਚ 15 ਦਿਨ ਤੋਂ ਇੱਕ ਮਹੀਨੇ ਦਾ ਸਮਾਂ ਲੱਗਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਕੱਲ੍ਹ ਲੋਕ ਆਪਣੀਆਂ ਫ਼ਿਲਮਾਂ ਨੂੰ ਯੂਟਿਊਬ ਜਾਂ ਹੋਰ ਡਿਜੀਟਲ ਪਲੇਟਫਾਰਮਾਂ 'ਤੇ ਰਿਲੀਜ਼ ਕਰਦੇ ਹਨ।

***

## ਗੰਭੀਰ ਸਮੱਸਿਆ ਬਣਿਆ ਹਵਾ

ਕਰਨ ਲਈ ਉਪਾਵਾਂ ਦਾ ਵੇਰਵਾ ਦਿੰਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਇਕ ਪਾਸੇ ਜੰਗਲਾਂ ਨੂੰ ਬਚਾਇਆ ਜਾ ਸਕੇਗਾ ਅਤੇ ਦੂਜੇ ਪਾਸੇ ਇਸ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ ਆਵੇਗੀ ਅਤੇ ਇਸ ਦੇ ਨਾਲ ਹੀ 2030 ਤੱਕ ਘੱਟੋ-ਘੱਟ 30,000 ਲੋਕਾਂ ਦੀ ਬੇਵਕਤੀ ਮੌਤਾਂ ਤੋਂ ਬਚਿਆ ਜਾ ਸਕੇਗਾ।2020 ਵਿੱਚ ਵਿਸ਼ਵ ਬੈਂਕ ਦੇ ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਲਾਗੋਸ ਵਿੱਚ ਹਵਾ ਦੀ ਮਾੜੀ ਗੁਣਵੱਤਾ ਲਈ ਕਾਰਾਂ, ਉਦਯੋਗਿਕ ਖੇਤਰਾਂ ਅਤੇ ਜਨਰੇਟਰਾਂ ਦਾ ਧੂੰਆਂ ਜ਼ਿੰਮੇਵਾਰ ਹਨ। ਇਸ ਕਾਰਨ ਬਿਮਾਰੀਆਂ ਵਧ ਰਹੀਆਂ ਹਨ ਅਤੇ ਲੋਕ ਬੇਵਕਤੀ ਮਰ ਰਹੇ ਹਨ। ਇਸ ਦਾ ਸਥਾਨਕ ਲੋਕਾਂ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਵਾਤਾਵਰਨ ਦੀ ਗੱਲ ਕਰੀਏ ਤਾਂ ਦੁਨੀਆ ਭਰ ਦੇ ਦੇਸ਼ਾਂ 'ਤੇ ਬਿਮਾਰੀਆਂ ਦੇ ਬੋਝ 'ਚ ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਹਿੱਸਾ ਹੈ। ਵਾਯੂ ਪ੍ਰਦੂਸ਼ਣ ਨੂੰ ਜਲਵਾਯੂ ਯੋਜਨਾਵਾਂ ਵਿੱਚ ਸ਼ਾਮਲ ਕਰਨ ਲਈ ਵਿਆਪਕ ਤਿਆਰੀ ਅਤੇ ਪ੍ਰਮੁੱਖ ਨੀਤੀਆਂ ਦੀ ਲੋੜ ਹੁੰਦੀ ਹੈ।

ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੂੰ ਘਟਾਉਣ ਲਈ, ਖਾਸ ਤੌਰ 'ਤੇ ਸ਼ਹਿਰਾਂ ਦੀ ਜ਼ਿੰਦਗੀ ਨੂੰ ਬਦਲਣਾ ਵਧੇਰੇ ਜ਼ਰੂਰੀ ਹੋ ਗਿਆ ਹੈ। ਉਦਾਹਰਨ ਲਈ, ਇਲੈਕਟ੍ਰਿਕ ਕਾਰਾਂ ਕਾਰਬਨ ਨਿਕਾਸ ਨੂੰ ਘਟਾ ਸਕਦੀਆਂ ਹਨ ਪਰ ਪੈਦਲ ਚੱਲਣਾ ਜਾਂ ਸਾਈਕਲ ਦੀ ਵਰਤੋਂ ਕਰਨਾ ਸਿਹਤਮੰਦ ਹੈ। ਇਸ ਦੇ ਨਾਲ ਹੀ ਪਾਰਕਾਂ ਅਤੇ ਦਰਖਤਾਂ ਲਈ ਵੀ ਹੋਰ ਜਗ੍ਹਾ ਉਪਲਬਧ ਹੋਵੇਗੀ।ਗੰਦੀ ਹਵਾ ਨਾਲ ਨਜਿੱਠਣ ਵਿੱਚ ਇੱਕ ਵੱਡੀ ਰੁਕਾਵਟ ਇਸਦੀ ਕੀਮਤ ਹੈ। ਖਾਸ ਕਰਕੇ ਫੰਡਾਂ ਦੀ ਘਾਟ ਨੂੰ ਦੇਖਦੇ ਹੋਏ ਇਹ ਰੁਕਾਵਟ ਹੋਰ ਵੀ ਵੱਡੀ ਹੋ ਜਾਂਦੀ ਹੈ। ਹਾਲ ਹੀ ਵਿੱਚ ਜਾਰੀ ਸਟੇਟ ਆਫ਼ ਗਲੋਬਲ ਏਅਰ ਕੁਆਲਿਟੀ ਫੰਡ ਦੀ ਰਿਪੋਰਟ ਦਰਸਾਉਂਦੀ ਹੈ ਕਿ ਅੰਤਰਰਾਸ਼ਟਰੀ ਵਿਕਾਸ ਫੰਡਾਂ ਦਾ ਸਿਰਫ਼ 1 ਪ੍ਰਤੀਸ਼ਤ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਖ਼ਰਚਿਆ ਗਿਆ ਹੈ। ਇਹ ਅੰਕੜਾ 2015 ਤੋਂ 2021 ਦਰਮਿਆਨ ਹੈ। ਇਸੇ ਮਿਆਦ ਦੇ ਦੌਰਾਨ, 2 ਪ੍ਰਤੀਸ਼ਤ ਅੰਤਰਰਾਸ਼ਟਰੀ ਜਨਤਕ ਜਲਵਾਯੂ ਫੰਡ 'ਤੇ ਖਰਚ ਕੀਤਾ ਗਿਆ ਸੀ।

***

## ਕੈਨੇਡਾ ਰਹਿੰਦਾ ਹਰ ਤੀਜਾ ਭਾਰਤੀ

ਕੈਨੇਡਾ ਵਿੱਚ ਬਾਹਰੋਂ ਆਉਣ ਵਾਲਿਆਂ ਲਈ ਹੁਣ ਹਾਲਾਤ ਪਹਿਲਾਂ ਜਿੰਨੇ ਸੁਖਾਵੇਂ ਨਹੀਂ ਰਹੇ। ਕੈਨੇਡਾ ਦੀ ਆਪਣੀ ਵਿੱਤੀ ਹਾਲਤ ਪਤਲੀ ਪੈ ਚੁੱਕੀ ਹੈ। ਇਥੋਂ ਤੱਕ ਕਿ ਮੁੱਢਲਾ ਆਧਾਰੀ ਢਾਂਚਾ ਵੀ ਲੜਖੜਾ ਗਿਆ ਹੈ। ਸਿਹਤ ਸੇਵਾਵਾਂ ਬਿਮਾਰ ਹੋ ਚੁੱਕੀਆਂ ਹਨ। ਹੁਣ ਹੌਲੀ-ਹੌਲੀ ਕੈਨੇਡਾ ਵਿਦਿਆਰਥੀਆਂ ਲਈ ਬੂਹੇ ਬੰਦ ਕਰਨ ਸੰਬੰਧੀ ਸੋਚਣ ਲੱਗਾ ਹੈ।ਕੈਨੇਡਾ ਵਸਦੇ ਵਿਦਿਆਰਥੀ ਦੁਚਿੱਤੀ ਵਿੱਚ ਪੈ ਚੁੱਕੇ ਹਨ। ਪਰ ਉਨ੍ਹਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤ ਦੇ ਵਿਦਿਆਰਥੀਆਂ ਨੂੰ ਜੇ ਆਪਣੇ ਮੁਲਕ ਵਿੱਚ ਹੀ ਰੌਸ਼ਨ ਭਵਿੱਖ ਨਜ਼ਰ ਆਉਂਦਾ ਹੁੰਦਾ, ਤਾਂ ਉਹ ਕਰਜ਼ਾ ਚੁੱਕ ਕੇ ਵਿਦੇਸ਼ ਲਈ ਪੈਰ ਨਾ ਪੁੱਟਦੇ। ਦੇਸ਼-ਵਿਦੇਸ਼ ਦੀਆਂ ਸਰਕਾਰਾਂ ਨੂੰ ਭਵਿੱਖ ਦੀ ਘੁੰਮਣਘੇਰੀ ਵਿੱਚ ਫਸੇ ਵਿਦਿਆਰਥੀਆਂ ਦੀ ਬਾਂਹ ਫੜਨੀ ਚਾਹੀਦੀ ਹੈ। ਸਿਰਫ਼ ਦਾਅਵਿਆਂ ਅਤੇ ਵਾਅਦਿਆਂ ਨਾਲ ਨਹੀਂ ਸਰਨਾ। ਵਿਦੇਸ਼ੀ ਧਰਤੀ 'ਤੇ ਰਹਿ ਰਹੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿੱਚ ਕੌਂਸਲਿੰਗ ਦੀ ਲੋੜ ਹੈ, ਨਹੀਂ ਤਾਂ ਰਹਿੰਦੀ ਜੁਆਨੀ ਵੀ ਸਾਡੇ ਹੱਥੋਂ ਕਿਰ ਜਾਵੇਗੀ।

***

## ਦੀਵਾਲੀ ਮਗਰੋਂ 23 ਦਿਨਾਂ 'ਚ

ਪਰ ਝੂਠ ਨੂੰ ਸੱਚ ਵਜੋਂ ਸਾਹਮਣੇ ਲਿਆਉਣ ਦੀ ਸ਼ਕਤੀ ਅਜੇ ਵੀ ਮੌਜੂਦ ਹੈ। ਭਾਵੇਂ ਸੱਤਾ ਦਾ ਉਹ ਹਿੱਸਾ ਪਾਟ ਗਿਆ ਹੋਵੇ। ਇੱਕ ਤਾਂ ਸੱਚ ਦੇ ਝੂਠ ਦਾ ਪਰਦਾਫਾਸ਼ ਕਰ ਸਕਦਾ ਹੈ, ਜਦਕਿ ਦੂਜਾ ਸੱਚ ਦੇ ਝੂਠ ਨੂੰ ਸਵੀਕਾਰ ਕਰਨ ਵਿੱਚ ਘਿਰਿਆ ਹੋਇਆ ਹੈ ਕਿਉਂਕਿ ਉਹ ਜਾਂਚ ਏਜੰਸੀਆਂ ਅਤੇ ਮੀਡੀਆ ਦੁਆਰਾ ਬਣਾਏ ਸੱਚ ਨੂੰ ਸਵੀਕਾਰ ਕਰਨ ਵਾਲੇ ਸ਼ਰਧਾਲੂਆਂ ਦੇ ਇੱਕ ਸਮੂਹ ਵਿੱਚ ਘਿਰਿਆ ਮਹਿਸੂਸ ਕਰਦਾ ਹੈ। ਬਹੁਤ ਸਾਰੇ ਅਜਿਹੇ ਫੈਸਲੇ ਹਨ ਜੋ ਸੱਚਾਈ ਦੇ ਆਧਾਰ 'ਤੇ ਨਹੀਂ ਬਲਕਿ ਸ਼ਰਧਾਲੂ ਵਰਗ ਦੀਆਂ ਭਾਵਨਾਵਾਂ ਦੇ ਦਬਾਅ ਹੇਠ ਲਏ ਗਏ ਹਨ। ਨਿਠਾਰੀ ਕਾਂਡ 'ਤੇ ਦੂਜੇ ਪੜਾਅ 'ਤੇ ਉੱਚ ਅਦਾਲਤ ਦਾ ਫੈਸਲਾ ਅਸਲ ਵਿੱਚ ਸੱਚ ਦੀਆਂ ਪਰਤਾਂ ਨੂੰ ਉਜਾਗਰ ਕਰਦਾ ਹੈ। ਇਸ ਸਵਾਲ 'ਤੇ ਗੌਰ ਕਰੋ ਕਿ ਕੀ ਨਿਠਾਰੀ ਮਾਮਲੇ 'ਚ ਹੇਠਲੀ ਅਦਾਲਤ ਦਾ ਫੈਸਲਾ 2006 'ਚ ਵਾਪਰੀ ਵਹਿਸ਼ੀਆਨਾ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਸੁਣਾਇਆ ਗਿਆ ਹੁੰਦਾ ਤਾਂ ਕੀ ਵੱਖਰਾ ਹੁੰਦਾ। ਇਸ ਲਈ ਲੰਬਾ ਸਮਾਂ ਬੀਤ ਜਾਣ ਤੋਂ ਬਾਅਦ, ਇਹ ਕਿਸੇ ਵੀ ਕਿਸਮ ਦੇ ਪ੍ਰਭਾਵ ਭਾਵ ਮੀਡੀਆ ਟ੍ਰਾਇਲ ਅਤੇ ਇਸ ਦੁਆਰਾ ਪੈਦਾ ਕੀਤੀ ਗਈ ਜਨਤਕ ਰਾਏ ਦੇ ਦਬਾਅ ਤੋਂ ਮੁਕਤ ਹੋ ਕੇ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਨਿਠਾਰੀ ਕਾਂਡ ਵਰਗੇ ਫੈਸਲੇ ਤੋਂ ਬਾਅਦ ਜੋ ਕੁਝ ਲੋਕਾਂ ਵਿੱਚ ਵੰਡਿਆ ਜਾਂਦਾ ਹੈ, ਉਹ ਹੈ ਚਿੜਚਿੜਾਪਨ, ਨਫ਼ਰਤ, ਉਦਾਸੀਨਤਾ ਅਤੇ ਉਨ੍ਹਾਂ ਵਿੱਚ ਬੇਵਸੀ ਦਾ ਪੱਧਰ ਵੱਧ ਜਾਂਦਾ ਹੈ। ਨਿਠਾਰੀ ਕਾਂਡ ਦੇ ਜਾਣੇ-ਅਣਜਾਣੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲ ਸਕਦਾ ਕਿਉਂਕਿ ਇਹ ਇਨਸਾਫ਼ ਦੀ ਥਾਂ ਨਹੀਂ ਹੈ। ਸਗੋਂ ਅਪਰਾਧੀ ਨੂੰ ਸਜ਼ਾ ਦੇਣਾ ਨਿਆਂ ਮੰਨਿਆ ਜਾਂਦਾ ਹੈ, ਪਰ ਅਪਰਾਧ ਅਤੇ ਦੋਸ਼ੀ ਦੇ ਕਾਰਨਾਂ ਦਾ ਪਤਾ ਲਗਾਉਣਾ ਸਮਾਜ ਵਿੱਚ ਸੱਚਾਈ ਪ੍ਰਤੀ ਜਾਗਰੂਕਤਾ ਤੋਂ ਬਿਨਾਂ ਸੰਭਵ ਨਹੀਂ ਹੈ। ਨਿਠਾਰੀ ਕਾਂਡ ਦੇ ਜਾਣੇ-ਅਣਜਾਣੇ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲ ਸਕਦਾ ਕਿਉਂਕਿ ਇਹ ਇਨਸਾਫ਼ ਦੀ ਥਾਂ ਨਹੀਂ ਹੈ। ਸਗੋਂ ਅਪਰਾਧੀ ਨੂੰ ਸਜ਼ਾ ਦੇਣਾ ਨਿਆਂ ਮੰਨਿਆ ਜਾਂਦਾ ਹੈ, ਪਰ ਅਪਰਾਧ ਅਤੇ ਦੋਸ਼ੀ ਦੇ ਕਾਰਨਾਂ ਦਾ ਪਤਾ ਲਗਾਉਣਾ ਸਮਾਜ ਵਿੱਚ ਸੱਚਾਈ ਪ੍ਰਤੀ ਜਾਗਰੂਕਤਾ ਤੋਂ ਬਿਨਾਂ ਸੰਭਵ ਨਹੀਂ ਹੈ। ਇਹੋ ਗੱਲ ਦੱਸਦੀ ਹੈ ਫਿਲਮ 'ਰਾਸ਼ੋਮੋਨ'। ਨਿਠਾਰੀ ਵਿੱਚ ਮਿਲੇ ਨਰ ਕੰਕਾਲ ਅਦਾਲਤਾਂ ਦੀ ਨਜ਼ਰ ਵਿੱਚ ਮਸ਼ੀਨਰੀ ਦੀ ਨਾਕਾਮੀ ਹੈ ਪਰ ਅਸਲ ਵਿੱਚ ਸਾਡੀ ਜਾਗਰੂਕਤਾ 'ਤੇ ਸਵਾਲ ਹਨ।

***

## ਸਤਲੁਜ ਯਮੁਨਾ ਲਿੰਕ ਨਹਿਰ

ਐੱਸਵਾਈਐੱਲ ਨਹਿਰ ਦੇ ਸਰਵੇਖਣ ਦੇ ਹੁਕਮ ਜਾਰੀ ਕੀਤੇ ਸਨ ਜਿਸ ਨੂੰ ਲੈ ਕੇ ਪੰਜਾਬ ਵਿੱਚ ਸਿਆਸਤ ਕਾਫ਼ੀ ਭਖੀ ਹੋਈ ਹੈ। ਇਸ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਨਵੰਬਰ ਨੂੰ 'ਖੁੱਲ੍ਹੀ ਬਹਿਸ' ਵੀ ਲੁਧਿਆਣਾ ਵਿੱਚ ਰੱਖੀ ਹੋਈ ਹੈ ਪੰਜਾਬ ਸਰਕਾਰ ਵੱਲੋਂ ਜਿਹਨਾਂ ਹੋਰਨਾਂ ਵਕੀਲਾਂ ਨੂੰ ਭਾਰੀ ਫ਼ੀਸ ਤਾਰੀ ਗਈ ਹੈ, ਉਨ ਾਂ ਵਿੱਚ ਸੀਨੀਅਰ ਐਡਵੋਕੇਟ ਆਰ.ਕੇ. ਗਾਂਗੁਲੀ ਦਾ 3.25 ਕਰੋੜ ਰੁਪਏ, ਐਡਵੋਕੇਟ ਆਨ ਰਿਕਾਰਡ ਜੇ.ਐੱਸ. ਛਾਬੜਾ ਦਾ 3.50 ਕਰੋੜ, ਐਡਵੋਕੇਟ ਵਨਿ.ਕੇ. ਸ਼ੇਲੋਂਦਰਾ ਦਾ 2.18 ਕਰੋੜ ਅਤੇ ਐਡਵੋਕੇਟ ਮੋਹਨ ਬੀ. ਕਟਰਕੀ ਦਾ ਬਿੱਲ 1.05 ਕਰੋੜ ਰੁਪਏ ਬਣਿਆ ਸੀ। ਇਸੇ ਤਰ ਾਂ ਹੀ ਸੀਨੀਅਰ ਵਕੀਲ ਹਰੀਸ਼ ਐਨ ਸਾਲਵੇ ਨੂੰ 94.64 ਲੱਖ ਰੁਪਏ, ਸੀਨੀਅਰ ਵਕੀਲ ਡਾ. ਰਾਜੀਵ ਧਵਨ ਨੂੰ 89.10 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਹੈ ਸਰਕਾਰੀ ਅਧਿਕਾਰੀ ਆਖਦੇ ਹਨ ਕਿ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਲਈ ਵਧੇਰੇ ਅਹਿਮੀਅਤ ਰੱਖਦਾ ਹੈ ਕਿਉਂਕਿ ਨਹਿਰੀ ਪਾਣੀ ਦਾ ਤੁਅੱਲਕ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਉਹ ਆਖਦੇ ਹਨ ਕਿ ਮੁੱਦੇ ਦੇ ਸਾਹਮਣੇ ਵਕੀਲਾਂ ਦੀ ਫ਼ੀਸ ਮਾਅਨੇ ਨਹੀਂ ਰੱਖਦੀ ਹੈ ਅਤੇ ਇਹ ਫ਼ੀਸ ਨਿਯਮਾਂ ਅਨੁਸਾਰ ਹੀ ਤਾਰੀ ਗਈ ਹੈ। ਸੂਤਰ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਤਾਂ ਪ੍ਰਤੀ ਪੇਸ਼ੀ ਦੇ ਹਿਸਾਬ ਨਾਲ ਫ਼ੀਸ ਲੈਂਦੇ ਹਨ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com